@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਤੋਂ ਪ੍ਰਸਾਰਿਤ।

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 16 September 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 16 ਸਤੰਬਰ 2026, 2 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 313, qpatrika@gmail.com ਫੋਨ : 9971359517 www.qaumipatrika.org

## ‘2029 ਤੋਂ ਪਹਿਲਾਂ ਲਾਗੂ ਕਰ ਦਿਆਂਗੇ ਯੂਨੀਫਾਰਮ ਸਿਵਲ ਕੋਡ’, ਅਮਿਤ ਸ਼ਾਹ ਨੇ ਕਰ ਦਿੱਤਾ ਐਲਾਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਮੁੰਬਈ 15 ਸਤੰਬਰ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਕਿਹਾ ਕਿ ਯੂਨੀਫਾਰਮ ਸਿਵਲ ਕੋਡ (ਯੂਸੀਸੀ) 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ 21 ਰਾਜਾਂ ਵਿੱਚ ਲਾਗੂ ਕੀਤਾ ਜਾਵੇਗਾ ਜਿੱਥੇ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸੱਤਾ ਵਿੱਚ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਔਰਤਾਂ ਨੂੰ ਬਰਾਬਰ ਅਧਿਕਾਰ ਦੇਣ ਵਾਲੇ ਤਿੰਨ ਤਲਾਕ ਨੂੰ ਤੁਰੰਤ ਖਤਮ ਕਰ ਦਿੱਤਾ ਗਿਆ ਹੈ। ਅਸੀਂ ਕਈ ਰਾਜਾਂ ਵਿੱਚ ਯੂਸੀਸੀ ਲਾਗੂ ਕੀਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਅਸੀਂ ਅਗਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 21 ਰਾਜਾਂ ਵਿੱਚ ਇਸਨੂੰ ਲਾਗੂ ਕਰਾਂਗੇ, ਉਨ੍ਹਾਂ ਕਿਹਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੇ ਦੇਸ਼ ਨੂੰ ਲੰਬੇ ਸਮੇਂ ਤੋਂ ਚੱਲ ਰਹੇ ਨੀਤੀਗਤ ਅਧਰੰਗ ਤੋਂ ਬਾਹਰ ਕੱਢਿਆ ਹੈ ਅਤੇ ਵਿਕਾਸ ਅਤੇ ਜਨਤਕ ਭਾਗੀਦਾਰੀ ਦੀ ਰਾਜਨੀਤੀ ਨੂੰ ਅੱਗੇ ਵਧਾਇਆ ਹੈ। ਇਸ ਸਮੇਂ ਦੌਰਾਨ, ਭਾਰਤ ਭ੍ਰਿਸ਼ਟਾਚਾਰ, ਜਾਤੀਵਾਦ ਅਤੇ ਵੰਸ਼ਵਾਦ ਦੀ ਰਾਜਨੀਤੀ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ ਹੋ ਗਿਆ ਹੈ। ਗ੍ਰਹਿ ਮੰਤਰੀ ਦੀ ਪੱਤਰਕਾਰਾਂ ਨਾਲ ਗੱਲਬਾਤ ਨੇ ਰਾਸ਼ਟਰੀ ਨਾਗਰਿਕ ਰਜਿਸਟਰ ਦਾ ਮੁੱਦਾ ਵੀ ਉਠਾਇਆ। ਗ੍ਰਹਿ ਮੰਤਰਾਲੇ ਨੇ ਫੈਸਲਾ ਕੀਤਾ ਹੈ ਕਿ ਮਨੀਪੁਰ ਵਿੱਚ ਜਨਗਣਨਾ ਤੋਂ ਪਹਿਲਾਂ NRC ਕੀਤਾ ਜਾਵੇਗਾ। ਸ਼ਾਹ ਤੋਂ ਪੁੱਛਿਆ ਗਿਆ ਕਿ ਕੀ 1951 ਨੂੰ ਮਨੀਪੁਰ ਵਿੱਚ ਐਨਆਰਸੀ ਲਾਗੂ ਕਰਨ ਦਾ ਆਧਾਰ ਮੰਨਿਆ ਜਾਵੇਗਾ। ਇਸ ’ਤੇ ਉਨ੍ਹਾਂ ਕਿਹਾ, ਅਸੀਂ ਮਨੀਪੁਰ ਵਿੱਚ ਗੱਲਬਾਤ ਕਰ ਰਹੇ ਹਾਂ। ਅਸੀਂ ਰਾਸ਼ਟਰੀ ਪੱਧਰ ’ਤੇ ਸਹਿਯੋਗੀਆਂ ਨਾਲ ਵੀ ਗੱਲ ਕਰ ਰਹੇ ਹਾਂ। ਜੋ ਵੀ ਫੈਸਲਾ ਲਿਆ ਜਾਵੇਗਾ, ਅਸੀਂ



ਤੁਹਾਨੂੰ ਸਮਾਂ ਆਉਣ ’ਤੇ ਦੱਸਾਂਗੇ। ਸ਼ਾਹ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਮੋਦੀ ਦੇ 25 ਸਾਲ ਪੂਰੇ ਹੋਣ ’ਤੇ, ਭਾਜਪਾ, ਐਨਡੀਏ ਦੇ ਭਾਈਵਾਲਾਂ ਅਤੇ ਸਵੈ-ਇੱਛੁਕ ਸੰਗਠਨਾਂ ਨਾਲ ਮਿਲ ਕੇ, 17 ਸਤੰਬਰ ਤੋਂ 17 ਅਕਤੂਬਰ ਤੱਕ ਦੇਸ਼ ਭਰ ਵਿੱਚ ’ਸੇਵਾ ਸੰਕਲਪ ਅਭਿਆਨ’ ਚਲਾਏਗੀ। ਮੁਹਿੰਮ ਦੇ ਵੇਰਵੇ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਪਹਿਲਾਂ ਭਾਜਪਾ 17 ਸਤੰਬਰ ਤੋਂ 2 ਅਕਤੂਬਰ ਤੱਕ ਮੋਦੀ ਦੇ ਜਨਮਦਿਨ ਨੂੰ ’ਸੇਵਾ ਪਖਵਾੜਾ’ ਵਜੋਂ ਮਨਾਉਂਦੀ ਸੀ। ਇਸ ਸਾਲ, 7 ਅਕਤੂਬਰ ਨੂੰ, ਮੋਦੀ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ 25 ਸਾਲ ਪੂਰੇ ਕਰਨਗੇ ਅਤੇ ਇਸ ਲਈ, ਇਸਨੂੰ ਇੱਕ ਮਹੀਨਾ ਚੱਲਣ ਵਾਲੀ ਦੇਸ਼ ਵਿਆਪੀ ਮੁਹਿੰਮ ਦਾ ਰੂਪ ਦਿੱਤਾ ਗਿਆ ਹੈ। ਇਹ ਮੁਹਿੰਮ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਪੱਧਰ ਤੋਂ ਲੈ ਕੇ ਜ਼ਿਲ੍ਹਾ, ਲੋਕ ਸਭਾ-ਵਿਧਾਨ ਸਭਾ ਹਲਕੇ ਅਤੇ ਬੂਥ ਪੱਧਰ ਤੱਕ ਚਲਾਈ ਜਾਵੇਗੀ। ਮੁਹਿੰਮ ਤਹਿਤ, ਦੇਸ਼ ਭਰ ਵਿੱਚ 12 ਵੱਡੇ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ’ਸੇਵਾ ਦਿਵਸ’ ’ਤੇ ਖੂਨਦਾਨ, ਦੀਵੇ ਜਗਾਉਣ ਅਤੇ ਜਨਤਾ ਦਾ ਧੰਨਵਾਦ ਕਰਨ ਦਾ ਪ੍ਰੋਗਰਾਮ ਕੀਤਾ ਜਾਵੇਗਾ। ’ਇੰਡੀਆ ਪਿਕਚਰ ਆਫ਼ ਮਾਈ ਡ?ਰੀਮਜ਼’ ਤਹਿਤ ਬੱਚਿਆਂ ਅਤੇ ਨੌਜਵਾਨਾਂ ਲਈ ਪੇਂਟਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਜਾਣਗੇ। ’ਨਮੋ ਸੇਵਾ ਕੀ ਅਣਖਹੀ ਕਹਾਨੀਆ’ ਰਾਹੀਂ ਸਥਾਨਕ ਭਾਸ਼ਾਵਾਂ ਵਿੱਚ ਸੰਗੀਤ-ਨਾਟਕ ਪ੍ਰਦਰਸ਼ਨ ਹਰ ਪਿੰਡ ਵਿੱਚ ਲਿਜਾਇਆ ਜਾਵੇਗਾ। ਆਂਗਨ ਮਿਲਨ ਸੇਵਾ ਆਂਗਨਵਾੜੀ ਸਨਮਾਨ ਅਤੇ ਮਾਤਰੀ ਸੰਵਾਦ ਨੂੰ ਪ੍ਰਦਰਸ਼ਿਤ ਕਰੇਗੀ, ਅਤੇ ਸੇਵਾ ਕੀ ਕਹਾਣੀ ਸਰਕਾਰੀ ਯੋਜਨਾਵਾਂ ਤੋਂ ਲਾਭ ਉਠਾਉਣ ਵਾਲੇ ਲੋਕਾਂ ਦੇ ਅਨੁਭਵਾਂ ਨੂੰ ਪ੍ਰਦਰਸ਼ਿਤ ਕਰੇਗੀ। ਸੇਵਾ ਜਯੋਤੀ ਕਲਸ਼ ਯਾਤਰਾ ਇੱਕ ਵਿਕਸਤ ਭਾਰਤ ਲਈ ਜਨਤਕ ਪ੍ਰਣ ਲਵੇਗੀ। ਵਡਨਗਰ ਤੋਂ ਵਾਰਾਣਸੀ ਸੇਵਾ ਯਾਤਰਾ ਵਿੱਚ ਨੌਜਵਾਨ ਮੋਟਰਸਾਈਕਲ ਰਾਹੀਂ ਸੱਤ ਰਾਜਾਂ ਵਿੱਚ ਦੋਵਾਂ ਦਿਸ਼ਾਵਾਂ ਵਿੱਚ ਯਾਤਰਾ ਕਰਦੇ ਹੋਏ, ਪਿੰਡਾਂ ਵਿੱਚ ਰਾਤ ਬਿਤਾਉਂਦੇ ਹੋਏ ਦਿਖਾਈ ਦੇਣਗੇ। ਸੇਵਾ ਮੇਰੀ ਯੋਜਨਾ ਵਿੱਚ ਜਨਤਕ ਭਾਗੀਦਾਰੀ ਨਾਲ 25 ਸੇਵਾ ਗਤੀਵਿਧੀਆਂ ਸ਼ਾਮਲ ਹੋਣਗੀਆਂ, ਜਦੋਂ ਕਿ ਸੇਵਾ ਸੇਤੂ ਅਭਿਆਨ ਇਹ ਯਕੀਨੀ ਬਣਾਉਣ ’ਤੇ ਕੇਂਦ੍ਰਿਤ ਹੋਵੇਗਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦੇ ਲਾਭ ਯੋਗ ਵਿਅਕਤੀਆਂ ਤੱਕ ਪਹੁੰਚਣ।✪ ਸੇਵਾ ਕੇ ਰੰਗ, ਰਾਸ਼ਟਰ ਕੇ ਸੰਗ ਵਿੱਚ ਇੱਕ ਵੱਡੇ ਪੱਧਰ ’ਤੇ ਰੰਗੋਲੀ ਮੁਹਿੰਮ, ਸੇਵਾ ਫਸਟ ਇਨੋਵੇਸ਼ਨ ਚੈਲੇਂਜ ਵਿੱਚ ਪੰਜ ਖੇਤਰਾਂ ਵਿੱਚ ਨਵੀਨਤਾ ਮੁਕਾਬਲੇ ਹੋਣਗੇ, ਅਤੇ ਗੁੱਡ ਗਵਰਨੈਂਸ ਸੇਵਾ ਸੰਵਾਦ ਵਿੱਚ ਪੰਚਾਇਤਾਂ ਤੋਂ ਸੰਸਦ ਤੱਕ ਚੁਣੇ ਹੋਏ ਪ੍ਰਤੀਨਿਧੀਆਂ ਲਈ ਚਾਰ ਖੇਤਰੀ ਮਹਾਂਕੁੰਭ ??ਹੋਣਗੇ। ਇਹ ਮੁਹਿੰਮ ਮੋਦੀ ਸਰਕਾਰ ਦੇ 25 ਸਾਲਾਂ ਦੇ ਸਫ਼ਰ ਅਤੇ ਪ੍ਰਾਪਤੀਆਂ ਨੂੰ ਵੀ ਉਜਾਗਰ ਕਰੇਗੀ।

## ਅਕਾਲੀ-ਭਾਜਪਾ ਗੱਠਜੋੜ ਦੇ ਹੱਕ ’ਚ ਕੇਂਦਰੀ ਮੰਤਰੀ ਅਠਾਵਲੇ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਲੁਧਿਆਣਾ 15 ਸਤੰਬਰ। ਇਕ ਪਾਸੇ ਜਿੱਥੇ ਅਕਾਲੀ-ਭਾਜਪਾ ਦਾ ਹਰ ਛੋਟਾ-ਵੱਡਾ ਨੇਤਾ ਪੰਜਾਬ ਦੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਗਠਜੋੜ ਹੋਣ ਦੀ ਗੱਲ ਤੋਂ ਇਨਕਾਰ ਕਰ ਰਿਹਾ ਹੈ ਪਰ ਕੇਂਦਰੀ ਮੰਤਰੀ ਆਲਵਲੇ ਨੇ ਇਸ ਸਬੰਧੀ ਸਿਆਸੀ ਗਲਿਆਰਿਆਂ ਵਿਚ ਚੱਲ ਰਹੀਆਂ ਅਟਕਲਾਂ ’ਤੇ ਮੋਹਰ ਲਗਾ ਦਿੱਤੀ ਹੈ। ਲੁਧਿਆਣਾ ਪੁੱਜੇ ਆਲਵਲੇ ਨੇ ਕਿਹਾ ਕਿ ਮੌਜੂਦਾ ਸਰਕਾਰ ਪੰਜਾਬ ਦੇ ਲੋਕਾਂ ਨੂੰ ਗੁੱਡ ਗਵਰਨੈਂਸ ਦੇਣ ਵਿਚ ਨਾਕਾਮ ਰਹੀ ਹੈ ਤੇ ਕਾਨੂੰਨ ਵਿਵਸਥਾ ਦੇ ਹਾਲਾਤ ਵੀ ਕਾਫੀ ਖ਼ਰਾਬ ਹਨ ਜਿਸ ਹਾਲਾਤ ਤੋਂ ਪੰਜਾਬ ਦੇ ਲੋਕਾਂ ਨੂੰ ਨਿਜਾਤ ਦਿਵਾਉਣ ਲਈ ਅਕਾਲੀ-ਭਾਜਪਾ ਗਠਜੋੜ ਹੋਣਾ ਹੀ ਇੱਕੋ-ਇਕ ਬਦਲ ਨਜ਼ਰ ਆ ਰਿਹਾ ਹੈ। ਇੱਥੋਂ ਤੱਕ ਕਿ ਅਠਾਵਲੇ ਨੇ ਐੱਨ.ਡੀ.ਏ. ਦਾ ਹਿੱਸਾ ਹੋਣ ਦੇ ਨਾਤੇ ਪੰਜਾਬ ਵਿਚ ਹੋਣ ਵਾਲੀ ਸੀਟ ਸ਼ੇਅਰਿੰਗ ਵਿਚ ਵੀ ਆਰ.ਪੀ.ਆਈ. ਦੀ ਦਾਅਵੇਦਾਰੀ ਜਤਾਈ ਹੈ। ਅਠਾਵਲੇ ਨੇ ਲੁਧਿਆਣਾ ਦੇ ਜਲੰਧਰ ਬਾਈਪਾਸ ਚੌਕ ਸਥਿਤ ਡਾ.ਅੰਬੇਡਕਰ ਦੇ ਬੁੱਤ ਦੇ ਅਨਾਦਰ ਪਿੱਛੇ ਸਾਜ਼ਿਸ਼ ਦਾ ਸ਼ੱਕ ਜਤਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ’ਤੇ ਵੀ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਉਨ੍ਹਾਂ ਨੂੰ ਸੰਵਿਧਾਨ ਤੇ ਰਾਜਨੀਤੀ ਦਾ ਫਾਇਦਾ ਨਹੀਂ ਮਿਲੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ



ਪੰਜਾਬ ਸਰਕਾਰ ਨੂੰ ਇਸ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ’ਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਹੀ ਗੱਲ ਉਨ੍ਹਾਂ ਨੇ ਦਿੜਬਾ ਵਿਚ ਇਕ ਦਲਿਤ ਵਿਅਕਤੀ ਵੱਲੋਂ ਗੰਭੀਰ ਦੋਸ਼ ਲਗਾ ਕੇ ਖੁਦਕੁਸ਼ੀ ਕਰਨ ਦੇ ਮਾਮਲੇ ਵਿਚ ਵੀ ਕਹੀ ਹੈ। ਅਠਾਵਲੇ ਨੇ ਕਿ ਹਰ ਵਰਗ ਦੀ ਭਲਾਈ ਲਈ ਜੋ ਫੈਸਲੇ ਲਏ ਜਾ ਰਹੇ ਹਨ, ਦੇ ਚਲਦੇ ਉਹ 2029 ਵਿਚ ਵੀ ਪੀ.ਐੱਮ. ਬਣਨਗੇ। ਅਠਾਵਲੇ ਨੇ ਕਿਹਾ ਕਿ ਵਿਰੋਧੀ ਨੇਤਾਵਾਂ ਦੇ ਦਾਅਵਿਆਂ ਦੇ ਉਲਟ ਭਾਰਤ ਨੂੰ ਬ੍ਰਿਕਸ ਸੰਮੇਲਨ ਤੋਂ ਇੰਟਰਨੈਸ਼ਨਲ ਪੱਧਰ ’ਤੇ ਫਾਇਦਾ ਮਿਲੇਗਾ।

## ਕਾਂਗਰਸ ਆਗੂ ਹਰੀਸ਼ ਰਾਵਤ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਕੀਤਾ ਐਲਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਦੇਹਰਾਦੂਨ 15 ਸਤੰਬਰ। ਸੀਨੀਅਰ ਕਾਂਗਰਸ ਨੇਤਾ ਹਰੀਸ਼ ਰਾਵਤ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਹਰੀਸ਼ ਰਾਵਤ ਨੇ ਇਹ ਐਲਾਨ ਆਪਣੇ ਓਐਸਡੀ ਚੰਦਨ ਸਿੰਘ ਜੀਨਾ ਦੇ ਘਰ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਛਾਪੇਮਾਰੀ ਦੌਰਾਨ ਵੱਡੀ ਮਾਤਰਾ ਵਿਚ ਨਕਦੀ ਅਤੇ ਗਹਿਣੇ ਬਰਾਮਦ ਹੋਣ ਤੋਂ ਬਾਅਦ ਕੀਤਾ। ਹਾਲਾਂਕਿ, ਰਾਵਤ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਹਮੇਸ਼ਾ ਉਨ੍ਹਾਂ ਨਾਲ ਰਹਿਣ ਵਾਲੇ ਜੀਨਾ ਵਿਰੁੱਧ ਕਥਿਤ ਭਰਤੀ ਪ੍ਰੀਖਿਆ ਹੇਰਾਫੇਰੀ ਦੇ ਦੋਸ਼ਾਂ ’ਤੇ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੈ। ਉਹ ਬਿਲਕੁਲ ਨਹੀਂ ਚਾਹੁੰਦੇ ਕਿ ਉਨ੍ਹਾਂ ਦੀ ਪਾਰਟੀ ਦਾ ਸੰਘਰਸ਼ ਕਮਜ਼ੋਰ ਹੋਵੇ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਪਾਰਟੀ ਵਰਕਰ ਭ੍ਰਿਸ਼ਟਾਚਾਰ ਵਿਰੁੱਧ ਇੱਕਜੁੱਟ ਹਨ। ਪਾਰਟੀ ਨੇਤਾ ਰਾਹੁਲ ਗਾਂਧੀ ਰਾਸ਼ਟਰੀ ਪੱਧਰ ’ਤੇ ਵਿਦਿਆਰਥੀਆਂ ਕੀ



ਗੂੰਜ ਪ੍ਰੋਗਰਾਮ ਰਾਹੀਂ ਸਿੱਖਿਆ ਪ੍ਰਣਾਲੀ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਉਨ੍ਹਾਂ ਕਿਹਾ, ਇਸ ਲਈ, ਮੈਂ ਹੁਣੇ ਆਪਣੇ ਪਰਮਾਤਮਾ ਨੂੰ ਯਾਦ ਕਰਦੇ ਹੋਏ ਇੱਕ ਵੱਡਾ ਫੈਸਲਾ ਲਿਆ ਹੈ।...ਮੈਂ ਉੱਤਰਾਖੰਡ ਪ੍ਰਦੇਸ਼ ਕਾਂਗਰਸ ਕਮੇਟੀ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਹਾਂ ਅਤੇ ਰਾਸ਼ਟਰੀ ਪੱਧਰ ’ਤੇ ਕਾਂਗਰਸ ਵਰਕਿੰਗ ਕਮੇਟੀ ਦਾ ਸਥਾਈ ਸੱਦਾ ਮੈਂਬਰ ਹਾਂ। ਮੈਂ ਬਹੁਤ ਨਿਮਰਤਾ ਨਾਲ ਇਨ੍ਹਾਂ ਦੋਵਾਂ ਅਹੁਦਿਆਂ ਤੋਂ ਅਸਤੀਫਾ ਦੇਣਾ ਚਾਹਾਂਗਾ, ਕਿਉਂਕਿ ਮੇਰੇ ਕਾਰਨ ਪਾਰਟੀ ਦਾ ਸੰਘਰਸ਼ ਕਮਜ਼ੋਰ ਨਹੀਂ ਹੋਣਾ ਚਾਹੀਦਾ। ਰਾਵਤ ਨੇ ਕਿਹਾ, ਜੀਨਾ ਦੇ ਘਰੋਂ ਵੱਡੀ ਮਾਤਰਾ ਵਿੱਚ ਨਕਦੀ ਅਤੇ ਗਹਿਣੇ ਬਰਾਮਦ ਹੋਏ ਹਨ ਜਾਂ ਬਰਾਮਦ ਕਰਵਾਏ ਗਏ ਹਨ, ਇਸ ਤੱਥ ਦਾ ਖੁਲਾਸਾ ਆਉਣ ਵਾਲੇ ਸਮੇਂ ਵਿਚ ਹੋਵੇਗਾ। ਉਨ੍ਹਾਂ ਕਿਹਾ, ਜੀਨਾ ਇੱਕ ਕੋਮਲ ਅਤੇ ਨਿਮਰ ਵਿਅਕਤੀ ਹੈ। ਜੇਕਰ ਗ੍ਰਾਮ ਸੇਵਕਾਂ ਦੀ ਭਰਤੀ ਵਿੱਚ OMR ਸ਼ੀਟਾਂ ਨਾਲ ਛੇੜਛਾੜ ਕੀਤੀ ਗਈ ਅਤੇ ਜੇਕਰ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਨੇ ਅਜਿਹੀ ਗਲਤੀ ਕੀਤੀ ਹੈ, ਤਾਂ ਮੈਨੂੰ ਉਨ੍ਹਾਂ ਦੀਆਂ ਕਥਿਤ ਕਾਰਵਾਈਆਂ ’ਤੇ ਸ਼ਰਮ ਆਉਂਦੀ ਹੈ। ਪਰ ਮੈਂ ਇਸ ਇਲਜ਼ਾਮ ’ਤੇ ਬਿਲਕੁਲ ਵੀ ਵਿਸ਼ਵਾਸ ਨਹੀਂ ਕਰਦਾ। ਰਾਵਤ ਨੇ ਦੋਸ਼ ਲਗਾਇਆ ਕਿ ਹਰ ਵਾਰ ਚੋਣਾਂ ਦੌਰਾਨ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਉਨ੍ਹਾਂ ਦੇ ਦਰਵਾਜ਼ੇ ’ਤੇ ਦਸਤਕ ਦਿੰਦੀ ਹੈ ਪਰ ਇਸ ਵਾਰ, ਉਨ੍ਹਾਂ ਦੇ ਘਰ ਦੀ ਬਜਾਏ, ਉਨ੍ਹਾਂ ਦੇ ਇੱਕ ਸਾਥੀ ਦੇ ਘਰ ’ਤੇ ਦਸਤਕ ਦੇ ਕੇ ਇੱਕ ’ਚਰਚਾ’ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

## ਹਿਮਾਚਲ ’ਚ ਦਰਾਮਦ ਡਾਇਲਸਿਸ ਸਾਲਿਊਸ਼ਨ ਗੁਣਵੱਤਾ ਜਾਂਚ ’ਚ ਫੇਲ, 9 ਗੰਭੀਰ ਉਲੰਘਣਾ ਦਾ ਹੋਇਆ ਖੁਲਾਸਾ

ਨਵੀਂ ਦਿੱਲੀ 15 ਸਤੰਬਰ। ਹਿਮਾਚਲ ਪ੍ਰਦੇਸ਼ ਦੀ ਇੱਕ ਸਰਕਾਰੀ ਡਰੱਗ ਟੈਸਟਿੰਗ ਲੈਬਾਰਟਰੀ ਨੇ ਥਾਈਲੈਂਡ ਤੋਂ ਆਯਾਤ ਕੀਤੇ ਗਏ ਅਤੇ ਬੈਕਸਟਰ ਇੰਡੀਆ (ਵੈਂਟਿਵ) ਦੁਆਰਾ ਵੰਡੇ ਗਏ ਪੈਰੀਟੋਨਲ ਡਾਇਲਸਿਸ ਘੋਲ ਦੇ ਦੋ ਬੈਚਾਂ ਨੂੰ ਮਿਆਰੀ ਗੁਣਵੱਤਾ ਦੇ ਨਹੀਂ ਘੋਸ਼ਿਤ ਕੀਤਾ ਹੈ। ਏਮਜ਼-ਬਿਲਾਸਪੁਰ ਦੇ ਪੀਡੀਆਟ੍ਰਿਕ ਆਈਸੀਯੂ ਅਤੇ ਨੈਫਰੋਲੋਜੀ ਵਿਭਾਗ ਤੋਂ ਲਏ ਗਏ ਇਹ ਨਮੂਨੇ ਸਥਾਨਕ ਬੈਕਟੀਰੀਆ ਐਂਡੋਟੌਕਸਿਨ ਟੈਸਟ ’ਚ ਅਸਫਲ ਰਹੇ। ਰਾਜ ਦੇ ਸਿਹਤ ਵਿਭਾਗ ਨੇ ਇਸ ਗੰਭੀਰ ਮਾਮਲੇ ਦੀ ਰਿਪੋਰਟ ਡਰੱਗਜ਼ ਕੰਟਰੋਲਰ ਜਨਰਲ ਆਫ਼ ਇੰਡੀਆ ਨੂੰ ਦਿੱਤੀ ਹੈ। ਜਾਂਚ ਰਿਪੋਰਟ ਦੇ ਅਨੁਸਾਰ, ਇਸ ਜੀਵਨ-ਰੱਖਿਅਕ ਦਵਾਈ ਦੇ ਨਿਰਮਾਣ ਅਤੇ ਪੈਕਿੰਗ ’ਚ ਭਾਰਤੀ ਨਿਯਮਾਂ ਦੀਆਂ ਨੌਂ ਵੱਡੀਆਂ ਉਲੰਘਣਾਵਾਂ ਪਾਈਆਂ ਗਈਆਂ। ਸਭ ਤੋਂ ਵੱਡੀ ਉਲੰਘਣਾ ਇਹ ਸੀ ਕਿ ਭਾਰਤੀ ਫਾਰਮਾਕੋਪੀਆ ਦੀ ਬਜਾਏ ਅਮਰੀਕੀ ਫਾਰਮਾਕੋਪੀਆ ਮਿਆਰਾਂ ਦੇ ਅਨੁਸਾਰ ਸਮੱਗਰੀ ਦੀ ਵਰਤੋਂ ਕੀਤੀ ਗਈ ਸੀ, ਜਿਸਦੇ ਨਤੀਜੇ ਵਜੋਂ ਉਤਪਾਦ ਨੂੰ ’ਗਲਤ ਬ੍ਰਾਂਡਿੰਗ’ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਬ੍ਰਾਂਡ ਨਾਮ ’ਵੈਂਟਿਵ’ ਆਮ ਨਾਮ ਤੋਂ ਵੱਡਾ ਅਤੇ ਉੱਪਰ ਛਾਪਿਆ ਗਿਆ ਸੀ, ਜੋ ਕਿ ਲੇਬਲਿੰਗ ਨਿਯਮਾਂ ਦੀ ਉਲੰਘਣਾ ਕਰਦਾ ਸੀ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਡਾਇਲਸਿਸ ਕਰਵਾ ਰਹੇ ਗੰਭੀਰ ਗੁਰਦੇ ਦੇ ਮਰੀਜ਼ਾਂ ਲਈ ਕਈ ਲਾਜ਼ਮੀ ਸੁਰੱਖਿਆ ਚੇਤਾਵਨੀਆਂ ਲੇਬਲ ਤੋਂ ਪੂਰੀ ਤਰ੍ਹਾਂ ਗਾਇਬ ਸਨ। ਉਤਪਾਦ ’ਤੇ ’ਸਿੰਗਲ ਡੋਜ਼ ਕੰਟੇਨਰ’, ’ਫ?ਰੀਜ਼ ਨਾ ਕਰੋ’, ਅਤੇ ’4 ਡਿਗਰੀ ਸੈਲਸੀਅਸ ਤੋਂ ਘੱਟ ਤਾਪਮਾਨ ’ਤੇ ਸਟੋਰ ਨਾ ਕਰੋ’ ਵਰਗੀਆਂ ਮਹੱਤਵਪੂਰਨ ਹਦਾਇਤਾਂ ਨਹੀਂ ਲਿਖੀਆਂ ਗਈਆਂ ਸਨ। ਇਸ ਤੋਂ ਇਲਾਵਾ, ਲੇਬਲ ਵਿੱਚ ਆਯਾਤਕ ਦਾ ਨਾਮ, ਪਤਾ ਜਾਂ ਆਯਾਤ ਲਾਇਸੈਂਸ ਨੰਬਰ ਨਹੀਂ ਦੱਸਿਆ ਗਿਆ, ਜੋ ਸਿੱਧੇ ਤੌਰ ’ਤੇ ਮਰੀਜ਼ਾਂ ਦੀਆਂ ਜਾਨਾਂ ਨਾਲ ਖੇਡਣ ਵੱਲ ਇਸ਼ਾਰਾ ਕਰਦਾ ਹੈ।

## ਜੰਮੂ-ਕਸ਼ਮੀਰ ’ਚ ਬੇਰੁਜ਼ਗਾਰੀ ਦੀ ਦਰ 38 ਫ਼ੀਸਦੀ, ਸਰਕਾਰ ਨੇ ਸੰਕਟ ਅੱਗੇ ਮੰਨੀ ਹਾਰ : ਮਹਿਬੂਬਾ ਮੁਫ਼ਤੀ

ਜੰਮੂ 15 ਸਤੰਬਰ। ਪੀਪੁਲਜ਼ ਡੈਮੋਕ੍ਰੇਟਿਕ ਪਾਰਟੀ (ਪੀ. ਡੀ. ਪੀ.) ਮੁਖੀ ਅਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਜੰਮੂ-ਕਸ਼ਮੀਰ



ਵਿਚ ਬੇਰੁਜ਼ਗਾਰੀ ਦੀ ਦਰ ਲਗਭਗ 38 ਫ਼ੀਸਦੀ ਹੈ ਅਤੇ ਸਰਕਾਰ ਨੇ ਇਸ ਸੰਕਟ ਅੱਗੇ ਹਾਰ ਮੰਨ ਲਈ ਹੈ। ਪਾਰਟੀ ਦੇ ਇਕ ਪ੍ਰੋਗਰਾਮ ਦੌਰਾਨ ਪ੍ਰਸ਼ਾਸਨ ’ਤੇ ਲੋਕਾਂ ਵਿਚ ਵਧਦੀ ਆਰਥਿਕ ਤੰਗੀ ਅਤੇ ਨਿਰਾਸ਼ਾ ਨੂੰ ਦੂਰ ਕਰਨ ਵਿਚ ਨਾਕਾਮ ਰਹਿਣ ਦਾ ਦੋਸ਼ ਲਗਾਉਂਦਿਆਂ ਮਹਿਬੂਬਾ ਨੇ ਕਿਹਾ ਕਿ ਅੱਜ ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ ਅਤੇ ਸਰਕਾਰ ਰੁਜ਼ਗਾਰ ਦੇ ਪੂਰੇ ਮੌਕੇ ਪੈਦਾ ਕਰਨ ਵਿਚ ਨਾਕਾਮ ਰਹਿ ਕੇ ਆਊਟਸੋਰਸਿੰਗ ਅਤੇ ਅਸਥਾਈ ਵਿਵਸਥਾਵਾਂ ’ਤੇ ਨਿਰਭਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹਾਰ ਮੰਨ ਲਈ ਹੈ। ਮਹਿਬੂਬਾ ਨੇ ਦੋਸ਼ ਲਗਾਇਆ ਕਿ ਲੋਕਾਂ ਨੂੰ ਪਿਛਲੇ ਦਰਵਾਜ਼ੇ ਰਾਹੀਂ ਭਰਤੀ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਪੱਕੀ ਨੌਕਰੀ ਦੇਣ ਦੀ ਥਾਂ ਦਿਹਾੜੀਦਾਰ ਮਜ਼ਦੂਰਾਂ ਵਜੋਂ ਰੱਖਿਆ ਜਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਡਾਕਟਰ, ਇੰਜੀਨੀਅਰ ਅਤੇ ਵਰਕਫ਼ੋਰਸ ਦੇ ਹੋਰ ਵਰਗਾਂ ਨੂੰ ਬੇਯਕੀਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਪੂਰੇ ਜੰਮੂ-ਕਸ਼ਮੀਰ ਵਿਚ ਵਿਰੋਧ-ਪ੍ਰਦਰਸ਼ਨ ਆਮ ਗੱਲ ਹੋ ਗਈ ਹੈ। ਡਾਕਟਰਾਂ, ਇੰਟਰਨਾਂ, ਵੈਟਰਨਰੀ ਸਟਾਫ਼, ਨਰਸਿੰਗ ਕਰਮਚਾਰੀਆਂ ਅਤੇ ਆਂਗਣਵਾੜੀ ਵਰਕਰਾਂ ਵੱਲੋਂ ਕੀਤੇ ਜਾ ਰਹੇ ਵਿਰੋਧ-ਪ੍ਰਦਰਸ਼ਨਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਪਾਸੇ ਲੋਕ ਵਿਰੋਧ ਕਰ ਰਹੇ ਹਨ। ਵਧਦੀ ਨਿਰਾਸ਼ਾ ਨੂੰ ਮਹਿੰਗਾਈ ਅਤੇ ਅਪੂਰਨ ਤਨਖ਼ਾਹ ਤੇ ਸਟਾਈਪੈਂਡ ਨਾਲ ਜੋੜਦਿਆਂ ਮਹਿਬੂਬਾ ਨੇ ਕਿਹਾ ਕਿ ਇਕ ਪਾਸੇ ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਲੋਕਾਂ ਦੀ ਤਨਖ਼ਾਹ ਤੇ ਸਟਾਈਪੈਂਡ ਅਜਿਹਾ ਹੈ ਕਿ ਲੋਕ ਪ੍ਰੇਸ਼ਾਨ ਹਨ

## ਬਾਗੇਸ਼ਵਰ ਬਾਬਾ ਦੀ ਫੋਟੋ ਸਾੜਨ ਦੇ ਦੋਸ਼ ਹੇਠ ਕਾਂਗਰਸੀ ਆਗੂ ਗ੍ਰਿਫ਼ਤਾਰ

ਕੋਲਕਾਤਾ 15 ਸਤੰਬਰ। ਬਾਗੇਸ਼ਵਰ ਧਾਮ ਦੇ ਮਹੰਤ ਤੇ ‘ਬਾਗੇਸ਼ਵਰ ਬਾਬਾ’ ਵਜੋਂ ਪ੍ਰਸਿੱਧ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਦੀ ਫੋਟੋ ਸਾੜਨ ਦੇ ਦੋਸ਼ ਹੇਠ ਪੱਛਮੀ ਬੰਗਾਲ ਦੇ ਇਕ ਕਾਂਗਰਸੀ ਆਗੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



ਪੁਲਸ ਨੇਕਿਹਾ ਕਿ ਕਾਂਗਰਸੀ ਆਗੂ ਦੁਰਗਾ ਪੂਜਾ ਦੌਰਾਨ ਮਾਸ ਖਾਣ ਤੋਂ ਪਰਹੇਜ਼ ਕਰਨ ਦੀ ਬੰਗਾਲ ਦੇ ਲੋਕਾਂ ਨੂੰ ਬਾਗੇਸ਼ਵਰ ਬਾਬਾ ਦੀ ਅਪੀਲ ਦਾ ਵਿਰੋਧ ਕਰ ਰਹੇ ਸਨ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੱਖਣੀ ਕੋਲਕਾਤਾ ਜ਼ਿਲਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਤਨੂ ਦਾਸ ਨੂੰ ਵੀਰਵਾਰ ਦੇਰ ਰਾਤ ਟਾਲੀਗੰਜ ਖੇਤਰ ’ਚ ਉਨ੍ਹਾਂ ਦੇ ਘਰ ਤੋਂ ਹਿਰਾਸਤ ’ਚ ਲਿਆ ਗਿਆ ਤੇ ਇਕ ਵਿਰੋਧ ਪ੍ਰਦਰਸ਼ਨ ਦੌਰਾਨ ਸ਼ਾਸਤਰੀ ਦੀ ਫੋਟੋ ਸਾੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸ਼ੁਭੇਂਦੂ ਅਧਿਕਾਰੀ ਨੇ ਪੁਲਸ ਨੂੰ ਭਵਾਨੀਪੁਰ ਥਾਣੇ ਦੇ ਬਾਹਰ ਸ਼ਾਸਤਰੀ ਦੀ ਫੋਟੋ ਸਾੜਨ ਵਾਲਿਆਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਹ ਕਾਰਵਾਈ ਮੁੱਖ ਮੰਤਰੀ ਦੇ ਨਿਰਦੇਸ਼ਾਂ ਤੋਂ ਬਾਅਦ ਕੀਤੀ ਗਈ।

## ਹਰਿਆਣਾ ’ਚ 13 ਹਜ਼ਾਰ ਤੋਂ ਵੱਧ ਬੀਪੀਐਲ ਤੇ ਏਏਵਾਈ ਰਾਸ਼ਨ ਕਾਰਡ ਧਾਰਕਾਂ ਨੂੰ ਝਟਕਾ

ਨੈਸ਼ਨਲ ਡੈਸਕ 15 ਸਤੰਬਰ। ਰਾਜ ਵਿੱਚ ਸਤੰਬਰ ਮਹੀਨੇ 13,265 ਲੋਕਾਂ ਦੇ ਬੀਪੀਐਲ ਅਤੇ ਏਏਵਾਈ (ਅੰਤਯੋਦਿਆ ਅੰਨ ਯੋਜਨਾ) ਰਾਸ਼ਨ ਕਾਰਡ ਰੱਦ ਕੀਤੇ ਗਏ ਸਨ ਯਾਨੀ ਉਨ੍ਹਾਂ ਦੇ ਨਾਮ ਕਾਰਡਾਂ ਵਿਚੋਂ ਕੱਟ ਦਿੱਤੇ ਗਏ ਹਨ। ਇਸ ਨਾਲ ਹਰਿਆਣਾ ਦੇ ਲੋਕਾਂ ਨੂੰ ਵੱਡਾ ਝਟਕਾ ਲੱਗਾ ਹੈ। ਅਜਿਹਾ ਹੋਣ ਦਾ ਕਾਰਨ ਸਾਲਾਨਾ ਆਮਦਨ ਵਿੱਚ ਵਾਧਾ ਅਤੇ ਬਿਜਲੀ ਦਾ ਜ਼ਿਆਦਾ ਬਿੱਲ ਆਉਣਾ ਹਨ। ਇਨ੍ਹਾਂ ਵਿੱਚੋਂ ਪਾਣੀਪਤ ਜ਼ਿਲ੍ਹੇ ਵਿੱਚ ਸਭ ਤੋਂ ਵੱਧ 2,872 ਕਾਰਡ ਕੱਟੇ ਗਏ ਹਨ। ਰਾਜ ਵਿੱਚ ਕਾਰਡਧਾਰਕਾਂ ਦੀ ਗਿਣਤੀ, ਜੋ ਅਗਸਤ ਵਿੱਚ 3,989,538 ਸੀ, ਸਤੰਬਰ ਵਿੱਚ ਘੱਟ ਕੇ 3,976,273 ਹੋ ਗਈ ਹੈ। ਪਾਣੀਪਤ ਵਿੱਚ ਇਹ ਗਿਣਤੀ 206,456 ਤੋਂ ਘਟ ਕੇ 203,584 ਹੋ ਗਈ ਹੈ। ਇਸ ਦੌਰਾਨ ਨਾਗਰਿਕ ਸਰੋਤ ਸੂਚਨਾ ਵਿਭਾਗ ਵੀ ਧੋਖਾਧੜੀ ਨੂੰ ਰੋਕਣ ਲਈ ਇਕੱਲੇ ਰਹਿਣ ਵਾਲੇ (ਸਿੰਗਲ) ਲੋਕਾਂ ਦੀ ਡੂੰਘਾਈ ਨਾਲ ਜਾਂਚ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਬੀਪੀਐਲ ਅਤੇ ਏਏਵਾਈ ਕਾਰਡਧਾਰਕਾਂ ਨੂੰ ਸਰਕਾਰੀ ਡਿਪੂਆਂ ਤੋਂ ਹਰ ਮਹੀਨੇ ਪ੍ਰਤੀ ਯੂਨਿਟ 5 ਕਿਲੋ ਕਣਕ, 1 ਕਿਲੋ ਖੰਡ ਅਤੇ 2 ਲੀਟਰ ਸਰ੍ਹੋਂ ਦਾ ਤੇਲ ਪ੍ਰਤੀ ਕਾਰਡ ਮਿਲਦਾ ਹੈ। ਇਸ ਤੋਂ ਇਲਾਵਾ ਉਕਤ ਪਰਿਵਾਰਾਂ ਲਈ ਕਈ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ। ਰਾਸ਼ਨ ਤੇ ਸਕੀਮਾਂ ਦਾ ਲਾਭ ਲੈਣ ਲਈ ਲੋਕਾਂ ਨੇ ਪੀਪੀਪੀ ਵਿੱਚ ਘੱਟ ਸਾਲਾਨਾ ਆਮਦਨ ਦਿਖਾ ਕੇ ਰਾਸ਼ਨ ਕਾਰਡ ਬਣਾਏ ਹਨ

## ਜੇਲ੍ਹ ’ਚ ਪ੍ਰਜਵਲ ਰੇਵੰਨਾ ਦੀ ਸੈੱਲ ਤੋਂ ਜ਼ਬਤ ਮੋਬਾਈਲ ਫੋਨ ’ਚ ਮਿਲੇ ਅਸ਼ਲੀਲ ਵੀਡੀਓ

ਕੌਮੀ ਪਤ੍ਰਿਕਾ

ਬੈਂਗਲੁਰੂ 15 ਸਤੰਬਰ। ਫੋਰੈਂਸਿਕ ਜਾਂਚ ਤੋਂ ਪਤਾ ਲੱਗਾ ਹੈ ਕਿ ਜਬਰ ਜ਼ਿਨਾਹ ਦੇ ਮਾਮਲੇ ’ਚ ਦੋਸ਼ੀ ਸਾਬਕਾ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਦੇ ਜੇਲ੍ਹ ਸੈੱਲ ਤੋਂ ਜ਼ਬਤ ਕੀਤੇ ਗਏ ਮੋਬਾਈਲ ਫੋਨ ’ਚ ਕਈ ਅਸ਼ਲੀਲ ਵੀਡੀਓ ਸਨ, ਜਦੋਂ ਕਿ ਪੈੱਨ ਡਰਾਈਵ ’ਚ ਫਿਲਮਾਂ ਅਤੇ ਵੈੱਬ ਸੀਰੀਜ਼ ਸਨ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। 11 ਅਗਸਤ ਨੂੰ ਪਰੱਪਨਾ ਅਗਰਹਾਰਾ ਕੇਂਦਰੀ ਜੇਲ੍ਹ ਦੇ ਸੁਰੱਖਿਆ ਡਿਵੀਜ਼ਨ ਬੈਰਕਾਂ ਦੀ ਅਚਾਨਕ ਤਲਾਸ਼ੀ ਦੌਰਾਨ ਜ਼ਬਤ ਕੀਤੀਆਂ ਗਈਆਂ ਚੀਜ਼ਾਂ ਨੂੰ ਬਾਅਦ ’ਚ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਸੀ। ਅਧਿਕਾਰੀਆਂ ਦੇ ਅਨੁਸਾਰ, ਕੇਂਦਰੀ ਜੇਲ੍ਹ ’ਚ ਕੈਦ ਰੇਵੰਨਾ ਪਿਛਲੇ ਮਹੀਨੇ ਇਕ ਐਂਡਰਾਇਡ ਸਮਾਰਟਫੋਨ ਦੀ ਵਰਤੋਂ ਕਰਦੇ ਹੋਏ ਮਿਲਿਆ ਸੀ। ਇਕ ਵੀਡੀਓ ਵੀ ਸਾਹਮਣੇ ਆਇਆ ਸੀ, ਜਿਸ ’ਚ ਉਹ ਆਮ ਕੱਪੜੇ ਪਹਿਨੇ ਹੋਏ ਅਤੇ ਫ਼ੋਨ ’ਤੇ ਗੱਲ ਕਰਦਾ ਦਿਖਾਈ ਦੇ ਰਿਹਾ ਸੀ। ਕੇਂਦਰੀ ਅਪਰਾਧ ਸ਼ਾਖਾ (ਸੀ.ਸੀ.ਬੀ.) ਦੁਆਰਾ ਚਾਰ-ਪੰਜ ਘੰਟੇ ਦੀ ਤਲਾਸ਼ੀ ਦੌਰਾਨ ਰੇਵੰਨਾ ਦੀ ਬੈਰਕ ਤੋਂ ਫ਼ੋਨ ਅਤੇ ਹੋਰ ਡਿਵਾਈਸ ਜ਼ਬਤ ਕੀਤੇ ਗਏ ਸਨ। ਜਾਂਚ ’ਚ ਸ਼ਾਮਲ ਇਕ ਅਧਿਕਾਰੀ ਨੇ ਦੱਸਿਆ ਕਿ ਸੀਈਐੱਨ ਪੁਲਸ ਸਟੇਸ਼ਨ ਪੂਰੇ ਮਾਮਲੇ ਦੀ ਜਾਂਚ ਕਰ ਰਿਹਾ ਹੈ ਅਤੇ ਜ਼ਬਤ ਕੀਤੇ ਗਏ ਮੋਬਾਈਲ ਫੋਨ ਤੋਂ ਦਰਜਨਾਂ ਅਸ਼ਲੀਲ ਵੀਡੀਓ ਬਰਾਮਦ ਕੀਤੇ ਗਏ ਹਨ। ਅਧਿਕਾਰੀ ਦੇ ਅਨੁਸਾਰ, ਰੇਵੰਨਾ ਨੇ ਪੁੱਛਗਿੱਛ ਦੌਰਾਨ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਉਸ ਕੋਲ ਮਿਲਿਆ ਮੋਬਾਈਲ ਫੋਨ ਉਸ ਦਾ ਆਪਣਾ ਹੈ। ਉਸ ਨੇ ਦਾਅਵਾ ਕੀਤਾ ਕਿ ਹੋਰ ਕੈਦੀ ਵੀ ਉਸ ਮੋਬਾਈਲ ਫੋਨ ਦੀ ਵਰਤੋਂ ਕਰਦੇ ਸਨ ਅਤੇ ਉਹ ਵਾਰੀ-ਵਾਰੀ ਨਾਲ ਉਸ ਕੋਲ ਆਉਂਦਾ ਸੀ। ਉਸ ਨੇ ਕਿਸੇ ਵੀ ਅਸ਼ਲੀਲ ਵੀਡੀਓ ਨੂੰ ਡਾਊਨਲੋਡ ਕਰਨ ਤੋਂ ਵੀ ਇਨਕਾਰ ਕੀਤਾ। ਅਧਿਕਾਰੀ ਨੇ ਕਿਹਾ ਕਿ ਉਸ ਤੋਂ ਜ਼ਬਤ ਕੀਤੀ ਗਈ ਨੋਟਬੁੱਕ ’ਚ ਉਸਦੇ ਪਰਿਵਾਰਕ ਮੈਂਬਰਾਂ ਅਤੇ ਜਾਣ-ਪਛਾਣ ਵਾਲਿਆਂ ਦੇ ਫੋਨ ਨੰਬਰ ਸਨ। ਅਧਿਕਾਰੀ ਨੇ ਕਿਹਾ ਕਿ ਕਾਲ ਲੌਗ ਤੋਂ ਪਤਾ ਚੱਲਿਆ ਹੈ ਕਿ ਰੇਵੰਨਾ ਨੇ ਵਿਚੋਲਿਆਂ ਰਾਹੀਂ ਪਰਿਵਾਰਕ ਮੈਂਬਰਾਂ ਨਾਲ ਗੈਰ-ਕਾਨੂੰਨੀ ਤੌਰ ’ਤੇ ਗੱਲਬਾਤ ਕੀਤੀ ਸੀ ਅਤੇ ਇਕ ਮਹਿਲਾ ਦੋਸਤ ਨੂੰ ਸਿੱਧੀਆਂ ਕਾਲਾਂ ਵੀ ਕੀਤੀਆਂ ਸਨ, ਜਿਸ ਬਾਰੇ ਉਸ ਨੇ ਖੁਦ ਪੁੱਛਗਿੱਛ ਦੌਰਾਨ ਮੰਨਿਆ ਸੀ। ਪੁਲਸ ਨੇ ਕਿਹਾ ਕਿ ਜਲਦੀ ਹੀ ਉਨ੍ਹਾਂ ਸਾਰਿਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ, ਜਿਨ੍ਹਾਂ ਨੂੰ ਉਕਤ ਮੋਬਾਈਲ ਫੋਨ ਤੋਂ ਕਾਲਾਂ ਕੀਤੀਆਂ ਗਈਆਂ ਸਨ। ਪੁਲਸ ਦੇ ਅਨੁਸਾਰ, ਤਲਾਸ਼ੀ ਦੌਰਾਨ ਵਿਚਾਰ ਅਧੀਨ ਕੈਦੀ ਪ੍ਰਤਾਪ ਰਾਏ ਅਤੇ ਦੋਸ਼ੀ ਰੇਵੰਨਾ ਦੇ ਸੈੱਲਾਂ ਤੋਂ ਇਕ ਪਾਬੰਦੀਸ਼ੁਦਾ ਮੋਬਾਈਲ ਫੋਨ, ਸਿਮ ਕਾਰਡ, ਚਾਰਜਰ ਅਤੇ ਨੋਟਬੁੱਕ ਬਰਾਮਦ ਕੀਤੀ ਗਈ। ਇਸ ਤੋਂ ਬਾਅਦ, ਪਰੱਪਨਾ ਅਗਰਹਾਰਾ ਪੁਲਸ ਸਟੇਸ਼ਨ ’ਚ ਐੱਫਆਈਆਰ ਦਰਜ ਕੀਤੀ ਗਈ। ਕੇਂਦਰੀ ਜੇਲ੍ਹ ਤੋਂ ਮੋਬਾਈਲ ਫੋਨ ਜ਼ਬਤ ਕਰਨ ਦੀ ਜਾਂਚ ਸੰਬੰਧੀ ਪੁਲਸ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਜਾਰੀ ਕੀਤਾ। ਇਸ ਦੇ ਅਨੁਸਾਰ, ਜ਼ਬਤ ਕੀਤੇ ਮੋਬਾਈਲ ਫੋਨ ਅਤੇ ਸਿਮ ਕਾਰਡ ਖਰੀਦਣ ਅਤੇ ਲਿਜਾਣ ’ਚ ਮਦਦ ਕਰਨ ਵਾਲੇ 5 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਹੈ। ਬਿਆਨ ਦੇ ਅਨੁਸਾਰ, ਉਨ੍ਹਾਂ ਨੇ ਖੁਲਾਸਾ ਕੀਤਾ ਕਿ ਜੇਲ੍ਹ ਵਾਰਡਨ ਰਾਹੀਂ ਮੋਬਾਈਲ ਨੂੰ ਜੇਲ੍ਹ ਦੇ ਅੰਦਰ ਲਿਜਾਇਆ ਗਿਆ ਸੀ, ਜਦੋਂ ਕਿ ਸਿਮ ਕਾਰਡ ਇਕ ਵਿਚਾਰ ਅਧੀਨ ਕੈਦੀ ਰਾਹੀਂ ਭੇਜਿਆ ਗਿਆ ਸੀ। ਪੁਲਸ ਨੇ ਦੱਸਿਆ ਕਿ ਦੋਸ਼ੀ ਨੇ ਇਹ ਵੀ ਖੁਲਾਸਾ ਕੀਤਾ ਕਿ ਮੋਬਾਈਲ ਫੋਨ ਅਤੇ ਸਿਮ ਕਾਰਡ ਦੀ ਵਰਤੋਂ ਵਿਚਾਰ ਅਧੀਨ ਕੈਦੀ ਪ੍ਰਤਾਪ ਰਾਏ ਅਤੇ ਦੋਸ਼ੀ ਰੇਵੰਨਾ ਕਰ ਰਿਹਾ ਸੀ।

## ਪੰਜਾਬ ਕਰ ਵਿਭਾਗ ਦੀ ਵੱਡੀ ਇਨਫੋਰਸਮੈਂਟ ਮੁਹਿੰਮ, 170 ਵਾਹਨ ਜ਼ਬਤ; 5 ਕਰੋੜ ਰੁਪਏ ਤੋਂ ਵੱਧ ਦਾ ਸਾਮਾਨ ਬਰਾਮਦ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 15 ਸਤੰਬਰ। ਪੂਰੇ ਪੰਜਾਬ ਵਿੱਚ ਚਲਾਈ ਗਈ ਇੱਕ ਵਿਆਪਕ ਇਨਫੋਰਸਮੈਂਟ ਮੁਹਿੰਮ ਤਹਿਤ, ਆਬਕਾਰੀ ਅਤੇ ਕਰ ਵਿਭਾਗ ਨੇ ਜੀਐਸਟੀ ਨਿਯਮਾਂ ਦੀ ਉਲੰਘਣਾ ਦੇ ਸ਼ੱਕ ਵਿੱਚ ਸਾਮਾਨ ਲਿਜਾ ਰਹੇ 170 ਵਾਹਨਾਂ ਨੂੰ ਫੜਿਆ ਗਿਆ। ਇਹ ਕਾਰਵਾਈ ਸਾਰੀਆਂ ਸਟੇਟ ਇਨਵੈਸਟੀਗੇਸ਼ਨ ਅਤੇ ਪ੍ਰੀਵੈਂਟਿਵ ਯੂਨਿਟਾਂ ਵੱਲੋਂ ਸਾਂਝੇ ਤੌਰ ’ਤੇ ਮੰਡੀ ਗੋਬਿੰਦਗੜ੍ਹ ਅਤੇ ਖੰਨਾ ’ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ ਕੀਤੀ ਗਈ, ਜਿਸ ਵਿੱਚ 5 ਕਰੋੜ ਰੁਪਏ ਤੋਂ ਵੱਧ ਦੀ ਕੀਮਤ ਦਾ ਲੋਹੇ ਦਾ ਸਕਰੈਪ ਅਤੇ ਤਿਆਰ ਲੋਹਾ ਤੇ ਸਟੀਲ ਦਾ ਸਾਮਾਨ ਜ਼ਬਤ ਕੀਤਾ ਗਿਆ। ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਮੁਹਿੰਮ ਨੂੰ ਉਨ੍ਹਾਂ ਲੋਕਾਂ ਲਈ ਇੱਕ ਚੇਤਾਵਨੀ ਦੱਸਿਆ ਜੋ ਸੋਚਦੇ ਹਨ ਕਿ ਉਹ ਹੇਰਾਫੇਰੀ ਕਰਕੇ ਬਚ ਸਕਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਹਰ ਚੋਰ-ਮੋਰੀ ਨੂੰ ਬੰਦ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਦ੍ਰਿੜ ਹੈ ਕਿ ਟੈਕਸ ਦੀ ਪਾਲਣਾ ਕਰਨਾ ਰੋਜ਼ਮੱਰਾ ਦਾ ਨਿਯਮ ਬਣੇ, ਨਾ ਕਿ ਕੋਈ ਚੋਣ। ਕਰ ਮੰਤਰੀ ਨੇ ਕਿਹਾ, ਅਸੀਂ ਇੱਕ ਸਪੱਸ਼ਟ ਲੀਕ ਖਿੱਚ ਦਿੱਤੀ ਹੈ, ਜੋ ਲੋਕ ਬਿਨਾਂ ਦਸਤਾਵੇਜ਼ਾਂ ਵਾਲੇ ਸਾਮਾਨ ਨੂੰ ਢੋਣ ਦੀ ਕੋਸ਼ਿਸ਼ ਕਰਨਗੇ, ਉਹ



ਜਲਦੀ ਹੀ ਕਾਨੂੰਨ ਦੀ ਗ੍ਰਿਫ਼ਤ ਵਿੱਚ ਹੋਣਗੇ। ਇਸ ਇਨਫੋਰਸਮੈਂਟ ਮੁਹਿੰਮ ਦੇ ਵੇਰਵਿਆਂ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ, ਵੱਡੀ ਗਿਣਤੀ ਵਿੱਚ ਵਾਹਨ ਸਹੀ ਬਿੱਲਾਂ ਅਤੇ ਨਿਰਧਾਰਤ ਦਸਤਾਵੇਜ਼ਾਂ ਤੋਂ ਬਿਨਾਂ ਪਾਏ ਗਏ, ਜੋ ਕਿ ਜੀਐਸਟੀ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ। ਇਹ ਕਰਵਾਈ ਸਪੱਸ਼ਟ ਸੰਕੇਤ ਹੈ ਕਿ ਪੰਜਾਬ ਟੈਕਸ ਚੋਰਾਂ ਨੂੰ ਸੂਬੇ ਦੇ ਮਾਲੀਏ ਨੂੰ ਖੋਰਾ ਲਾਉਣ ਦੀ ਇਜਾਜ਼ਤ ਨਹੀਂ ਦੇਵੇਗਾ। ਕਰਾਂ ਦਾ ਹਰ ਰੁਪਿਆ ਸਰਕਾਰੀ ਖਜ਼ਾਨੇ ਵਿੱਚ ਪਹੁੰਚਣਾ ਚਾਹੀਦਾ ਹੈ, ਕਿਉਂਕਿ ਇਹ ਸੂਬੇ ਦੇ ਵਿਕਾਸ ਦੀ ਜੀਵਨ-ਰੇਖਾ ਹੈ। ਵਿੱਤ ਮੰਤਰੀ ਨੇ ਅੱਗੇ ਜਾਣਕਾਰੀ ਦਿੰਦਿਆਂ ਕਿਹਾ ਕਿ ਜ਼ਬਤ ਕੀਤੀਆਂ ਗਈਆਂ ਖੇਪਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਦੇ ਇੱਕ ਹਫ਼ਤੇ ਦੇ ਅੰਦਰ ਮੁਕੰਮਲ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ, ਜਾਂਚ ਮੁਕੰਮਲ ਹੋਣ ਤੋਂ ਬਾਅਦ, ਬਣਦੇ ਟੈਕਸ ਅਤੇ ਕਾਨੂੰਨੀ ਬਕਾਏ ਦੀ ਗਣਨਾ ਅਤੇ ਵਸੂਲੀ ਸਮੇਤ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਅਸੀਂ ਇਹ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਾਂਗੇ ਕਿ ਉਲੰਘਣਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੀਤੇ ਦਾ ਖਮਿਆਜ਼ਾ ਭੁਗਤਣਾ ਪਵੇ। ਇਸ ਗੱਲ ’ਤੇ ਜ਼ੋਰ ਦਿੰਦਿਆਂ ਕਿ ਇਹ ਕਾਰਵਾਈ ਪੰਜਾਬ ਭਰ ਵਿੱਚ ਟੈਕਸ ਦੀ ਪਾਲਣਾ ਨੂੰ ਮਜ਼ਬੂਤ ਕਰਨ ਅਤੇ ਬਿਨਾਂ ਦਸਤਾਵੇਜ਼ਾਂ ਵਾਲੇ ਸਾਮਾਨ ਦੀ ਆਵਾਜਾਈ ਨੂੰ ਰੋਕਣ ਲਈ ਵਿਭਾਗ ਦੇ ਚੱਲ ਰਹੇ ਯਤਨਾਂ ਦਾ ਹਿੱਸਾ ਹੈ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਇਹ ਕੋਈ ਇੱਕ ਵਾਰ ਦੀ ਕਾਰਵਾਈ ਨਹੀਂ ਹੈ।

## ਅਭਿਸ਼ੇਕ ਬੈਨਰਜੀ ਨੂੰ ਹਾਈ ਕੋਰਟ ਤੋਂ ਰਾਹਤ, ਦਫ਼ਤਰ ਖਾਲੀ ਕਰਨ ’ਤੇ ਰੋਕ

ਕੋਲਕਾਤਾ 15 ਸਤੰਬਰ। ਕਲਕੱਤਾ ਹਾਈ ਕੋਰਟ ਨੇ ਕੋਲਕਾਤਾ ਦੇ ਕੈਮੈਕ ਸਟਰੀਟ ਵਿਖੇ ਸਥਿਤ ਤ੍ਰਿਣਮੂਲ ਕਾਂਗਰਸ ਦੇ ਦਫ਼ਤਰ ਨੂੰ ਖਾਲੀ ਕਰਨ ਲਈ ਫਾਇਰ ਵਿਭਾਗ ਦੇ ਨੋਟਿਸ ’ਤੇ ਰੋਕ ਲਾ ਦਿੱਤੀ ਹੈ। ਇਮਾਰਤ ’ਚ ਫਾਇਰ





ਸੁਰੱਖਿਆ ਆਡਿਟ ਦੌਰਾਨ ਕਮੀਆਂ ਪਾਏ ਜਾਣ ਤੋਂ ਬਾਅਦ ਇਹ ਨੋਟਿਸ ਜਾਰੀ ਕੀਤਾ ਗਿਆ ਸੀ। ਜਸਟਿਸ ਕ੍ਰਿਸ਼ਨਾ ਰਾਓ ਨੇ ਅਧਿਕਾਰੀਆਂ ਨੂੰ 4 ਸਤੰਬਰ ਨੂੰ ਜਾਰੀ ਨੋਟਿਸ ’ਤੇ ਕਾਰਵਾਈ ਨਾ ਕਰਨ ਦਾ ਨਿਰਦੇਸ਼ ਦਿੱਤਾ। ਜਸਟਿਸ ਰਾਓ ਨੇ ਦਫਤਰ ਨੂੰ ਖਾਲੀ ਕਰਵਾਉਣ ਦੇ ਨੋਟਿਸ ’ਤੇ ਰੋਕ ਲਾ ਦਿੱਤੀ ਹੈ। ਇਸ ਮਾਮਲੇ ’ਚ ਅੰਤਿਮ ਹੁਕਮ 16 ਸਤੰਬਰ ਨੂੰ ਆਵੇਗਾ। ਅਦਾਲਤ ਨੇ ਕਿਹਾ ਕਿ ਹਾਲਾਂਕਿ ਇਮਾਰਤ ਦੇ ਅੱਗ ਸੁਰੱਖਿਆ ਸਰਟੀਫਿਕੇਟ ਦੀ ਮਿਆਦ ਖਤਮ ਹੋ ਗਈ ਸੀ, ਪਰ ਇਮਾਰਤ ਨੂੰ ਕੋਈ ਤੁਰੰਤ ਖ਼ਤਰਾ ਨਹੀਂ ਸੀ। ਇਸ ’ਚ ਇਹ ਵੀ ਕਿਹਾ ਗਿਆ ਹੈ ਕਿ ਉੱਥੇ ਮੌਜੂਦ ਲੋਕ ਜ਼ਰੂਰੀ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਲਈ ਤਿਆਰ ਹਨ।

# ਫਿਰੋਜ਼ਪੁਰ 'ਚ ਪੰਜਾਬ ਬੰਦ ਦਾ ਵਿਆਪਕ ਅਸਰ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 15 ਸਤੰਬਰ। ਫਿਰੋਜ਼ਪੁਰ 'ਚ ਅੱਜ ਪੰਜਾਬ ਬੰਦ ਦੇ ਸੱਦੇ ਨੂੰ ਵੱਖ-ਵੱਖ ਸਿੱਖ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸਵੇਰ ਤੋਂ ਹੀ ਆਗੂਆਂ ਅਤੇ ਵਰਕਰਾਂ ਨੇ ਦਿੱਲੀ ਗੇਟ ਸਥਿਤ ਪੁੱਡਾ ਮਾਰਕੀਟ 'ਚ ਇਕੱਠੇ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਰੋਸ ਪ੍ਰਗਟਾਇਆ। ਜਥੇਬੰਦੀਆਂ ਨੇ ਸ਼ਹਿਰ 'ਚ ਰੋਸ ਮਾਰਚ ਕੱਢਦਿਆਂ ਬਜ਼ਾਰ ਬੰਦ ਕਰਵਾਏ ਅਤੇ ਬਾਅਦ 'ਚ 7 ਨੰਬਰ ਚੁੰਗੀ 'ਤੇ ਵਿਸ਼ਾਲ ਧਰਨਾ ਲਗਾਇਆ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਕਈ ਸਿੱਖ ਕੈਦੀ ਲੰਬੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਹਨ ਅਤੇ ਸਰਕਾਰਾਂ ਵੱਲੋਂ ਉਨ੍ਹਾਂ ਦੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਫਿਰੋਜ਼ਪੁਰ 'ਚ ਅੱਜ ਪੰਜਾਬ ਬੰਦ ਦੇ ਸੱਦੇ ਦਾ ਵਿਆਪਕ ਅਸਰ ਦੇਖਣ ਨੂੰ ਮਿਲਿਆ। ਵੱਖ-ਵੱਖ ਸਿੱਖ ਅਤੇ ਕਿਸਾਨ ਜਥੇਬੰਦੀਆਂ ਦੇ ਆਗੂ ਤੇ ਵਰਕਰ ਸਵੇਰ ਤੋਂ ਹੀ ਵੱਡੀ ਗਿਣਤੀ 'ਚ ਇਕੱਠੇ ਹੋਣੇ ਸ਼ੁਰੂ ਹੋ ਗਏ। ਦਿੱਲੀ ਗੇਟ ਸਥਿਤ ਪੁੱਡਾ ਮਾਰਕੀਟ ਵਿਖੇ ਇਕੱਤਰ ਹੋਏ ਆਗੂਆਂ 'ਚ ਲਖਬੀਰ ਸਿੰਘ ਮਹਾਲਮ, ਏਕਨੂਰ ਖਾਲਸਾ, ਮਿਸਲ ਸਤਲੁੱਜ ਦੀ ਜਨਰਲ ਸਕੱਤਰ ਮਨਦੀਪ ਕੌਰ, ਵਾਰਸ ਪੰਜਾਬ ਦੇ ਮਨਬੀਰ ਸਿੰਘ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਭਾਈ ਭਗਵਾਨ ਸਿੰਘ ਦੜਿਆਲਾ ਸਮੇਤ ਕਈ ਹੋਰ ਆਗੂ ਸ਼ਾਮਲ ਸਨ। ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਜ਼ੋਰਦਾਰ ਢੰਗ ਨਾਲ ਚੁੱਕਿਆ। ਆਗੂਆਂ ਨੇ ਮੰਗ ਕੀਤੀ ਕਿ ਜਿਹੜੇ ਸਿੱਖ ਕੈਦੀ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਾ




ਕਹਿਣਾ ਸੀ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਕਿਸੇ ਵਿਅਕਤੀ ਨੂੰ ਜੇਲ੍ਹ 'ਚ ਰੱਖਣਾ ਨਿਆਂ ਦੇ ਸਿਧਾਂਤਾਂ ਦੇ ਉਲਟ ਹੈ। ਆਗੂਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਇਸ ਮਾਮਲੇ 'ਚ ਤੁਰੰਤ ਕਦਮ ਚੁੱਕਣ ਦੀ ਮੰਗ ਕੀਤੀ। ਇਸ ਤੋਂ ਬਾਅਦ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਸਮਰਥਕਾਂ ਵੱਲੋਂ ਫਿਰੋਜ਼ਪੁਰ ਸ਼ਹਿਰ 'ਚ ਰੋਸ ਮਾਰਚ ਕੱਢਿਆ ਗਿਆ। ਮਾਰਚ ਦੌਰਾਨ ਵੱਖ-ਵੱਖ ਬਾਜ਼ਾਰਾਂ 'ਚ ਦੁਕਾਨਦਾਰਾਂ ਨੂੰ ਬੰਦ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਸ ਦੇ ਚੱਲਦਿਆਂ ਟਾਹਲੀ ਮੁਹੱਲਾ, ਡਾਕਖਾਨਾ ਚੌਂਕ, ਬਗਦਾਦੀ ਗੇਟ, ਸਬਜ਼ੀ ਮੰਡੀ ਸਮੇਤ ਸ਼ਹਿਰ ਅਤੇ ਛਾਉਣੀ ਦੇ ਲਗਭਗ ਸਾਰੇ ਪ੍ਰਮੁੱਖ ਬਾਜ਼ਾਰ ਅਤੇ ਵਪਾਰਕ ਅਦਾਰੇ ਬੰਦ ਰਹੇ। ਬੰਦ ਦੇ ਸਮਰਥਨ 'ਚ ਬੈਂਕਾਂ ਦੀਆਂ ਕਈ ਸ਼ਾਖਾਵਾਂ ਵੀ ਬੰਦ ਰਹੀਆਂ, ਜਿਸ ਕਾਰਨ ਆਮ ਲੋਕਾਂ ਦੇ ਰੋਜ਼ਾਨਾ ਕੰਮਕਾਜ 'ਤੇ ਵੀ ਅਸਰ ਪਿਆ। ਪੰਜਾਬ ਬੰਦ ਦੇ ਇਸ ਪ੍ਰਦਰਸ਼ਨ 'ਚ ਸਿੱਖ ਜਥੇਬੰਦੀਆਂ ਦੇ ਨਾਲ ਕਿਸਾਨ ਸੰਗਠਨਾਂ ਨੇ ਵੀ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਕਿਸਾਨਾਂ ਅਤੇ ਸਿੱਖ ਆਗੂਆਂ ਵੱਲੋਂ ਮਿਲ ਕੇ ਫਿਰੋਜ਼ਪੁਰ ਦੇ 7 ਨੰਬਰ ਚੁੰਗੀ 'ਤੇ ਵਿਸ਼ਾਲ ਧਰਨਾ ਲਗਾਇਆ ਗਿਆ। ਧਰਨੇ ਕਾਰਨ ਇਸ ਸੜਕ 'ਤੇ ਆਵਾਜਾਈ ਪ੍ਰਭਾਵਿਤ ਹੋਈ ਅਤੇ ਵਾਹਨਾਂ ਦੀ ਆਵਾਜਾਈ ਨੂੰ ਰੋਕਿਆ ਗਿਆ। ਧਰਨੇ 'ਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਬੀਕੇਯੂ) ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ, ਬਲਾਕ ਪ੍ਰਧਾਨ ਗੁਰਮੀਤ ਸਿੰਘ ਘੱਲਖੁਰਦ, ਵਾਰਸ ਪੰਜਾਬ ਦੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸਾਬਕਾ ਐੱਮਪੀ ਭਾਈ ਧਿਆਨ ਸਿੰਘ ਮੰਡ, ਅਕਾਲੀ ਦਲ ਅੰਮ੍ਰਿਤਸਰ ਦੇ ਗੁਰਚਰਨ ਸਿੰਘ ਭੁੱਲਰ ਅਤੇ ਜਸਬੀਰ ਸਿੰਘ ਭੁੱਲਰ, ਰਾਵਣ ਸੈਨਾ ਦੇ ਦੀਪ ਦਸ਼ਾਨੰਦ, ਇੰਟਰਨੈਸ਼ਨਲ ਪੰਥਕ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪਿੱਪਲ ਸਿੰਘ, ਆਮ ਆਦਮੀ ਪਾਰਟੀ ਦੇ ਸੁਖਰਾਜ ਗੋਰਾ, ਕ੍ਰਾਂਤੀਕਾਰੀ ਫੂਲ ਗਰੁੱਪ ਦੇ ਗੁਰਪ੍ਰੀਤ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ (ਕਿਸਾਨ ਪੱਖੀ ਗਰੁੱਪ) ਦੇ ਜ਼ੋਨ ਪ੍ਰਧਾਨ ਸੁਰਜੀਤ ਸਿੰਘ ਸਮੇਤ ਕਈ ਪ੍ਰਮੁੱਖ ਆਗੂ ਹਾਜ਼ਰ ਰਹੇ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਅਤੇ ਪੰਜਾਬ ਸਰਕਾਰਾਂ ਬੰਦੀ ਸਿੰਘਾਂ ਦੇ ਮੁੱਦੇ ਨੂੰ ਲੋੜੀਂਦੀ ਗੰਭੀਰਤਾ ਨਾਲ ਨਹੀਂ ਲੈ ਰਹੀਆਂ। ਉਨ੍ਹਾਂ ਭਾਈ ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜੋਆਣਾ, ਲਖਵਿੰਦਰ ਸਿੰਘ ਭਿਓਰਾ ਅਤੇ ਹੋਰਨਾਂ ਸਿੱਖ ਕੈਦੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਕੈਦੀ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਆਗੂਆਂ ਨੇ ਦਾਅਵਾ ਕੀਤਾ ਕਿ ਕਈ ਮਾਮਲਿਆਂ ਵਿੱਚ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਰਿਹਾਈ ਨਹੀਂ ਹੋਈ।ਆਗੂਆਂ ਨੇ ਇਹ ਵੀ ਕਿਹਾ ਕਿ ਕਾਨੂੰਨ ਅਨੁਸਾਰ ਜਿਨ੍ਹਾਂ ਕੈਦੀਆਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ, ਉਨ੍ਹਾਂ ਦੇ ਮਾਮਲਿਆਂ 'ਤੇ ਸਰਕਾਰਾਂ ਨੂੰ ਮਨੁੱਖੀ ਅਤੇ ਕਾਨੂੰਨੀ ਪੱਖ ਤੋਂ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇੱਕ ਪਾਸੇ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਲੰਮਾ ਖਿੱਚਿਆ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਗੰਭੀਰ ਅਪਰਾਧਾਂ ਦੇ ਦੋਸ਼ੀਆਂ ਨੂੰ ਵਾਰ-ਵਾਰ ਪੈਰੋਲ ਮਿਲਣ ਦੇ ਮਾਮਲੇ ਸਾਹਮਣੇ ਆਉਂਦੇ ਹਨ। ਉਨ੍ਹਾਂ ਇਸ ਨੂੰ ਕਾਨੂੰਨ ਦੇ ਦੋਹਰੇ ਮਾਪਦੰਡ ਵਜੋਂ ਦਰਸਾਇਆ। ਜਥੇਬੰਦੀਆਂ ਨੇ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਨੂੰ ਹੋਰ ਲਟਕਾਇਆ ਨਾ ਜਾਵੇ ਅਤੇ ਜਿਨ੍ਹਾਂ ਕੈਦੀਆਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਉਨ੍ਹਾਂ ਸਬੰਧੀ ਕਾਨੂੰਨੀ ਪ੍ਰਕਿਰਿਆ ਤਹਿਤ ਤੁਰੰਤ ਫੈਸਲਾ ਲਿਆ ਜਾਵੇ। ਫਿਰੋਜ਼ਪੁਰ ਵਿੱਚ ਹੋਏ ਇਸ ਬੰਦ ਅਤੇ ਧਰਨੇ ਕਾਰਨ ਸ਼ਹਿਰ ਦੇ ਬਾਜ਼ਾਰਾਂ, ਆਵਾਜਾਈ ਅਤੇ ਆਮ ਜਨਜੀਵਨ 'ਤੇ ਕਾਫ਼ੀ ਪ੍ਰਭਾਵ ਪਿਆ। ਸਿੱਖ ਅਤੇ ਕਿਸਾਨ ਜਥੇਬੰਦੀਆਂ ਦੀ ਸਾਂਝੀ ਸ਼ਮੂਲੀਅਤ ਕਾਰਨ ਪ੍ਰਦਰਸ਼ਨ ਨੂੰ ਵੱਡਾ ਰੂਪ ਮਿਲਿਆ ਅਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਇੱਕ ਵਾਰ ਫਿਰ ਜਨਤਕ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ।

# ਕਨਾਟ ਪਲੇਸ 'ਚ ਰਾਖਵਾਂਕਰਨ ਖ਼ਿਲਾਫ਼ ਪ੍ਰਦਰਸ਼ਨ, ਹਿਰਾਸਤ 'ਚ ਲਏ ਗਏ ਕਈ ਪ੍ਰਦਰਸ਼ਨਕਾਰੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 15 ਸਤੰਬਰ। ਦਿੱਲੀ ਦੇ ਕਨਾਟ ਪਲੇਸ ਦੇ ਆਊਟਰ ਸਰਕਲ 'ਚ ਐਤਵਾਰ ਨੂੰ ਜਾਤੀ-ਆਧਾਰਿਤ ਰਾਖਵਾਂਕਰਨ ਖ਼?ਲਾਫ਼ ਅਤੇ ਇਸ ਵਿਵਸਥਾ 'ਚ ਸੁਧਾਰ ਦੀ ਮੰਗ ਨੂੰ ਲੈ ਕੇ ਲੱਗਭਗ 300 ਲੋਕ ਇਕੱਠੇ ਹੋਏ, ਜਿਨ੍ਹਾਂ 'ਚੋਂ 20 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪ੍ਰਦਰਸ਼ਨਕਾਰੀਆਂ ਨੇ ਤਖ਼ਤੀਆਂ ਫੜੀਆਂ ਹੋਈਆਂ ਸਨ। ਉਨ੍ਹਾਂ ਰਾਖਵਾਂਕਰਨ ਅਤੇ ਸਰਕਾਰੀ ਮਦਦ ਲਈ ਯੋਗਤਾ ਤੈਅ ਕਰਦੇ ਸਮੇਂ ਆਰਥਿਕ ਪੈਮਾਨਿਆਂ ਨੂੰ ਮਹੱਤਵ ਦੇਣ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੀ ਦਲੀਲ ਸੀ ਕਿ ਮਦਦ ਜਾਤ ਤੋਂ ਪਰ੍ਹੇ, ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ। ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਵੇਲੇ ਮੌਕੇ 'ਤੇ ਪੁਲਸ ਫੋਰਸ ਦੀ ਭਾਰੀ ਮੌਜੂਦਗੀ ਰਹੀ। ਪ੍ਰਦਰਸ਼ਨਕਾਰੀਆਂ ਦੀ ਮੁੱਖ ਮੰਗ 'ਕ੍ਰੀਮੀ-ਲੇਅਰ' ਦਾ ਨਿਯਮ ਲਾਗੂ ਕਰਨ ਅਤੇ ਮੌਜੂਦਾ ਰਾਖਵਾਂਕਰਨ ਵਿਵਸਥਾ ਦੀ ਸਮੀਖਿਆ ਕਰਨ ਦੀ ਹੈ। ਪ੍ਰਦਰਸ਼ਨਕਾਰੀਆਂ ਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪੱਛੜੇ ਵਰਗਾਂ ਨਾਲ ਸਬੰਧਤ ਨੀਤੀਆਂ 'ਚ ਬਦਲਾਅ ਦੀ ਵੀ ਮੰਗ ਕੀਤੀ। ਇਕ ਪ੍ਰਦਰਸ਼ਨਕਾਰੀ ਨੇ ਕਿਹਾ, ਜਾਣੀ ਚਾਹੀਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਦੇ ਲਾਭ ਉਨ੍ਹਾਂ ਲੋਕਾਂ ਤੱਕ ਪਹੁੰਚਣ, ਜਿਨ੍ਹਾਂ ਨੂੰ ਅਸਲ 'ਚ ਮਦਦ ਦੀ ਲੋੜ ਹੈ।




"ਅਸੀਂ ਰਾਖਵਾਂਕਰਨ ਦੇ ਖ਼?ਲਾਫ਼ ਨਹੀਂ ਹਾਂ। ਅਸੀਂ ਰਾਖਵਾਂਕਰਨ 'ਚ ਸੁਧਾਰ ਚਾਹੁੰਦੇ ਹਾਂ। ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਰੇ ਭਾਈਚਾਰਿਆਂ ਦੇ ਗਰੀਬ ਲੋਕਾਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸੁਣਿਆ ਜਾਣਾ ਚਾਹੀਦਾ ਹੈ। ਇਕ ਹੋਰ ਪ੍ਰਦਰਸ਼ਨਕਾਰੀ ਨੇ ਕਿਹਾ ਕਿ ਮੌਜੂਦਾ ਪ੍ਰਣਾਲੀ ਦੀ ਜਾਂਚ ਕੀਤੀ ਪ੍ਰਦਰਸ਼ਨਕਾਰੀਆਂ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ. ਜੀ. ਸੀ.) ਦੇ ਢਾਂਚੇ ਅਤੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਅੱਤਿਆਚਾਰ ਰੋਕੂ) ਐਕਟ ਨੂੰ ਲੈ ਕੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਉਨ੍ਹਾਂ ਨੀਤੀਆਂ ਦੀ ਵਿਆਪਕ ਸਮੀਖਿਆ ਦੀ ਮੰਗ ਕੀਤੀ, ਜਿਨ੍ਹਾਂ ਦਾ ਸਿੱਖਿਆ ਅਤੇ ਰੋਜ਼ਗਾਰ ਦੇ ਮੌਕਿਆਂ 'ਤੇ ਅਸਰ ਪੈਂਦਾ ਹੈ।

# ਬੁੱਢੇ ਦਰਿਆ 'ਚੋਂ ਮਿਲੀ ਨੌਜਵਾਨ ਦੀ ਲਾਸ਼ : ਜੇਬ 'ਚੋਂ ਮਿਲੀਆਂ ਸਰਿੰਜਾਂ, ਨਸ਼ੇ ਦੀ ਓਵਰਡੋਜ਼ ਦਾ ਖ਼ਦਸ਼ਾ

**ਕੌਮੀ ਪਤ੍ਰਿਕਾ**

ਲੁਧਿਆਣਾ 15 ਸਤੰਬਰ। ਕਸ਼ਮੀਰ ਨਗਰ ਇਲਾਕੇ ਤੋਂ ਲੰਘਦੇ ਬੁੱਢੇ ਦਰਿਆ ਵਿਚ ਐਤਵਾਰ ਨੂੰ ਇਕ ਅਣਪਛਾਤੇ ਨੌਜਵਾਨ ਦੀ ਲਾਸ਼ ਤੈਰਦੀ ਮਿਲਣ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ। ਸਥਾਨਕ ਲੋਕਾਂ ਦੀ ਸੂਚਨਾ 'ਤੇ ਪਹੁੰਚੀ ਪੁਲਸ ਨੇ ਰਾਹਗੀਰਾਂ ਦੀ ਮਦਦ ਨਾਲ ਲਾਸ਼ ਨੂੰ ਬਾਹਰ ਕੱਢਿਆ ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾ ਦਿੱਤਾ ਹੈ। ਮ੍ਰਿਤਕ ਦੀ ਤਲਾਸ਼ੀ ਲੈਣ 'ਤੇ ਉਸ ਦੀ ਜੇਬ 'ਚੋਂ ਨਸ਼ੇ ਦੇ ਟੀਕੇ ਲਗਾਉਣ ਵਾਲੀਆਂ ਸਰਿੰਜਾਂ ਤੇ ਪਾਈਪਾਂ ਬਰਾਮਦ ਹੋਈਆਂ ਹਨ, ਜਿਸ ਤੋਂ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਨੌਜਵਾਨ ਦੀ ਮੌਤ ਨਸ਼ੇ ਦੀ ਓਵਰਡੋਜ਼ ਜਾਂ ਨਸ਼ੇ ਦੀ ਹਾਲਤ ਵਿੱਚ ਨਾਲੇ ਵਿੱਚ ਡਿੱਗਣ ਕਾਰਨ ਹੋਈ ਹੋ ਸਕਦੀ ਹੈ। ਪੁਲਸ ਨੇ ਲਾਸ਼ ਨੂੰ 72 ਘੰਟਿਆਂ ਲਈ ਪਛਾਣ ਵਾਸਤੇ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ ਰਖਵਾ ਦਿੱਤਾ ਹੈ। ਜਾਣਕਾਰੀ ਅਨੁਸਾਰ ਕਸ਼ਮੀਰ ਨਗਰ ਨੇੜੇ ਨਾਲੇ ਦੇ ਕੰਢਿਓਂ ਲੰਘ ਰਹੇ ਰਾਹਗੀਰਾਂ ਤੇ ਸਥਾਨਕ ਲੋਕਾਂ ਨੇ ਪਾਣੀ ਵਿਚ ਇੱਕ ਲਾਸ਼ ਨੂੰ ਵਹਿੰਦੇ ਦੇਖਿਆ। ਘਟਨਾ ਦੀ ਸੂਚਨਾ ਤੁਰੰਤ ਪੁਲਸ ਕੰਟਰੋਲ ਰੂਮ ਨੂੰ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਪੀ.ਸੀ.ਆਰ. ਤੇ ਥਾਣਾ ਡਵੀਜ਼ਨ ਨੰਬਰ 2 ਦੀ ਪੁਲਸ ਟੀਮ ਮੌਕੇ 'ਤੇ ਪਹੁੰਚੀ। ਲਾਸ਼ ਡੂੰਘੇ ਪਾਣੀ ਤੇ ਵਹਾਅ ਦੇ ਵਿਚਕਾਰ ਫਸੀ ਹੋਣ ਕਾਰਨ ਪੁਲਸ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਲਾਸ਼ ਨੂੰ ਨਾਲੇ 'ਚੋਂ ਬਾਹਰ ਕੱਢਿਆ। ਪੁਲਸ ਮੁਤਾਬਕ ਮ੍ਰਿਤਕ ਕੋਲੋਂ ਕੋਈ ਅਜਿਹਾ ਪਛਾਣ ਪੱਤਰ ਨਹੀਂ ਮਿਲਿਆ, ਜਿਸ ਨਾਲ ਉਸ ਦੀ ਸ਼ਨਾਖ਼ਤ ਹੋ ਸਕੇ। ਜਦੋਂ ਲਾਸ਼ ਦੀ ਤਲਾਸ਼ੀ ਲਈ ਤਾਂ ਉਸ ਦੀ ਜੇਬ 'ਚੋਂ ਸਰਿੰਜਾਂ ਅਤੇ ਪਾਈਪਾਂ ਮਿਲੀਆਂ। ਪੁਲਸ ਆਲੇ ਦੁਆਲੇ ਦੇ ਹੁਲੀਆ ਦਿਖਾ ਕੇ ਉਸ ਦੀ ਪਛਾਣ ਕਰਵਾਉਣ ਦਾ ਯਤਨ ਕਰ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ



ਇਲਾਕਿਆਂ, ਫੈਕਟਰੀਆਂ ਤੇ ਬਸਤੀਆਂ ਵਿਚ ਮ੍ਰਿਤਕ ਦਾ ਕਿ ਮੌਤ ਦੇ ਅਸਲ ਕਾਰਨਾਂ ਦਾ ਖ਼ੁਲਾਸਾ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਹੋ ਸਕੇਗਾ। ਪੁਲਸ ਵਲੋਂ ਆਲੇ ਦੁਆਲੇ ਦੇ ਥਾਣਿਆਂ ਵਿਚ ਦਰਜ ਗੁੰਮਸ਼ੁਦਗੀ ਦੀਆਂ ਰਿਪੋਰਟਾਂ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਲੋਕਾਂ ਅਨੁਸਾਰ ਕਰੀਬ 11 ਦਿਨ ਪਹਿਲਾਂ ਵੀ ਠੀਕ ਇਸੇ ਜਗ?ਹਾ ਤੋਂ ਇੱਕ ਹੋਰ ਅਣਪਛਾਤੇ ਵਿਅਕਤੀ ਦੀ ਲਾਸ਼ ਨਾਲੇ 'ਚੋਂ ਬਰਾਮਦ ਹੋਈ ਸੀ। ਉਸ ਸਮੇਂ ਵੀ ਪੁਲਸ ਨੇ ਗੋਤਾਖੋਰਾਂ ਤੇ ਸਥਾਨਕ ਨਿਵਾਸੀਆਂ ਦੀ ਮਦਦ ਨਾਲ ਕਈ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਲਾਸ਼ ਕੱਢੀ ਸੀ। ਇੱਕੋ ਜਗ?ਹਾ ਤੋਂ ਲਗਾਤਾਰ ਦੂਜੀ ਲਾਸ਼ ਮਿਲਣ ਨਾਲ ਇਲਾਕੇ ਦੇ ਲੋਕਾਂ ਵਿਚ ਦਹਿਸ਼ਤ ਅਤੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਹਨ।

# ਸਾਈਬਰ ਠੱਗੀ ਹੁੰਦੇ ਹੀ ਤੁਰੰਤ ਡਾਇਲ ਕਰੋ ਇਹ ਨੰਬਰ, ਮਿਲ ਜਾਣਗੇ ਖਾਤੇ 'ਚੋਂ ਕੱਟੇ ਪੈਸੇ

ਨਵੀਂ ਦਿੱਲੀ 15 ਸਤੰਬਰ। ਦੇਸ਼ ਭਰ ਵਿੱਚ ਸਾਈਬਰ ਧੋਖਾਧੜੀ ਦੇ ਮਾਮਲੇ ਬਹੁਤ ਤੇਜ਼ੀ ਨਾਲ ਵੱਧ ਰਹੇ ਹਨ। ਅਜਿਹੀ ਸਥਿਤੀ ਵਿੱਚ, ਜੇਕਰ ਤੁਹਾਡੇ ਨਾਲ ਕਦੇ ਵੀ ਕੋਈ ਸਾਈਬਰ ਠੱਗੀ ਹੁੰਦੀ ਹੈ, ਤਾਂ ਪੈਸੇ ਨਿਕਲਣ ਤੋਂ ਤੁਰੰਤ ਬਾਅਦ 1930 'ਤੇ ਕਾਲ ਕਰਨ ਨਾਲ ਬੈਂਕ ਲੈਣ-ਦੇਣ ਨੂੰ ਰੋਕਣ ਜਾਂ ਫ?ਰੀਜ਼ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ। ਕਾਲ ਕਰਨ ਮਗਰੋਂ ਉਪਭੋਗਤਾ ਨੂੰ




ਘਬਰਾਉਣ ਦੀ ਬਜਾਏ ਸਿਰਫ਼ ਇੱਕ ਚਾਰ ਅੰਕਾਂ ਦਾ ਹੈਲਪਲਾਈਨ ਨੰਬਰ ਯਾਦ ਰੱਖਣਾ ਬੇਹੱਦ ਜ਼ਰੂਰੀ ਹੈ। ਪੈਸੇ ਕੱਟੇ ਜਾਣ ਤੋਂ ਤੁਰੰਤ ਬਾਅਦ ਰਾਸ਼ਟਰੀ ਸਾਈਬਰ ਅਪਰਾਧ ਹੈਲਪਲਾਈਨ ਨੰਬਰ 1930 'ਤੇ ਕਾਲ ਕਰਕੇ ਤੁਸੀਂ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ, ਜਿਸ ਨਾਲ ਤੁਹਾਡੇ ਪੈਸੇ ਵਾਪਸ ਮਿਲਣ ਦੀ ਸੰਭਾਵਨਾ ਕਾਫ਼ੀ ਵੱਧ ਜਾਂਦੀ ਹੈ। ਬੈਂਕ ਖਾਤੇ ਵਿੱਚੋਂ ਧੋਖਾਧੜੀ ਨਾਲ ਐਸ.ਐਮ.ਐਸ. ਰਾਹੀਂ ਇੱਕ ਰੈਫਰੈਂਸ ਨੰਬਰ ਮਿਲਦਾ ਹੈ, ਜਿਸ ਦੀ ਲੋੜ ਬਾਅਦ ਵਿੱਚ ਆਨਲਾਈਨ ਸ਼ਿਕਾਇਤ ਦਰਜ ਕਰਵਾਉਣ ਸਮੇਂ ਪੈਂਦੀ ਹੈ। ਪੈਸੇ ਕੱਟਣ ਤੋਂ ਤੁਰੰਤ ਬਾਅਦ ਕਾਲ ਕਰਨਾ ਇਸ ਲਈ ਬਹੁਤ ਜ਼ਰੂਰੀ ਹੈ, ਕਿਉਂਕਿ ਦੇਰੀ ਹੋਣ 'ਤੇ ਠੱਗ ਰਕਮ ਨੂੰ ਦੂਜੇ ਖਾਤਿਆਂ ਵਿੱਚ ਟ?ਰਾਂਸਫਰ ਕਰ ਸਕਦੇ ਹਨ, ਜਿਸ ਨਾਲ ਉਸ ਨੂੰ ਵਾਪਸ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਫੋਨ ਕਾਲ ਤੋਂ ਬਾਅਦ ਰਾਸ਼ਟਰੀ ਸਾਈਬਰ ਅਪਰਾਧ ਰਿਪੋਰਟਿੰਗ ਪੋਰਟਲ 'ਤੇ ਜਾ ਕੇ ਵਿਸਤ੍ਰਿਤ ਸ਼ਿਕਾਇਤ ਦਰਜ ਕੀਤੀ ਜਾ ਸਕਦੀ ਹੈ। ਇਸ ਲਈ ਪੋਰਟਲ 'ਤੇ ਮੋਬਾਈਲ ਨੰਬਰ ਰਾਹੀਂ ਰਜਿਸਟ?ਰੇਸ਼ਨ ਕਰਕੇ 'ਫਾਈਨੈਂਸ਼ੀਅਲ ਫਰਾਡ' ਦੀ ਸ਼੍ਰੇਣੀ ਚੁਣਨੀ ਪੈਂਦੀ ਹੈ। ਇਸ ਤੋਂ ਬਾਅਦ ਠੱਗੀ ਦਾ ਸਹੀ ਸਮਾਂ, ਗੁਆਚੀ ਰਕਮ, ਅਤੇ ਠੱਗੀ ਦੇ ਤਰੀਕੇ ਵਰਗੇ ਜ਼ਰੂਰੀ ਵੇਰਵੇ ਭਰਨੇ ਹੁੰਦੇ ਹਨ।

## ਆਸਟਰੇਲੀਆ ਵਰਕ ਵੀਜ਼ਾ ਲਗਵਾਉਣ ਦੇ ਨਾਮ 'ਤੇ 9.93 ਲੱਖ ਦੀ ਠੱਗੀ

ਗੁਰਦਾਸਪੁਰ 15 ਸਤੰਬਰ। ਵਿਦੇਸ਼ ਆਸਟ?ਰੇਲੀਆ ਵਿੱਚ ਵਰਕ ਵੀਜ਼ੇ 'ਤੇ ਭੇਜਣ ਦਾ ਝਾਂਸਾ ਦੇ ਕੇ 9.93 ਲੱਖ ਰੁਪਏ ਦੀ ਕਥਿਤ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਧਾਰੀਵਾਲ ਦੀ ਪੁਲਸ ਨੇ ਤਿੰਨ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਪੁਲਸ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਗੁਰਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਆਲੋਵਾਲ ਨੇ ਆਰੋਪ ਲਗਾਇਆ ਕਿ ਉਸ ਦੇ ਪੁੱਤਰ ਸੁਰਜੀਤ ਸਿੰਘ ਨੂੰ ਆਸਟਰੇਲੀਆ ਵਰਕ ਵੀਜ਼ੇ 'ਤੇ ਭੇਜਣ ਦਾ ਭਰੋਸਾ ਦੇ ਕੇ ਮੁਲਜ਼ਮਾਂ ਵੱਲੋਂ ਉਸ ਤੋਂ ਕੁੱਲ 9,93,000 ਰੁਪਏ ਲਏ ਗਏ। ਸ਼ਿਕਾਇਤਕਰਤਾ ਅਨੁਸਾਰ ਪੈਸੇ ਲੈਣ ਤੋਂ ਬਾਅਦ ਕਥਿਤ ਤੌਰ 'ਤੇ ਨਾ ਤਾਂ ਉਸ ਦੇ ਪੁੱਤਰ ਨੂੰ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਰਕਮ ਵਾਪਸ ਕੀਤੀ ਗਈ। ਮਾਮਲੇ ਸਬੰਧੀ ਸ਼ਿਕਾਇਤ ਨੰਬਰ 146 ਦੀ ਪੇਸ਼ਗੀ ਮਿਤੀ 2 ਜੂਨ 2026 ਨੂੰ ਹੋਈ ਸੀ। ਇਸ ਤੋਂ ਬਾਅਦ ਕਪਤਾਨ ਪੁਲਸ ਸਥਾਨਕ ਗੁਰਦਾਸਪੁਰ ਵੱਲੋਂ ਕੀਤੀ ਗਈ ਜਾਂਚ ਉਪਰੰਤ ਪੁਲਿਸ ਨੇ 29 ਅਗਸਤ 2026 ਨੂੰ ਮਾਮਲਾ ਦਰਜ ਕੀਤਾ। ਪੁਲਸ ਨੇ ਇਸ ਮਾਮਲੇ ਵਿੱਚ ਕਰਨਦੀਪ ਸਿੰਘ ਪੁੱਤਰ ਅਵਤਾਰ ਸਿੰਘ, ਪਰਮਿੰਦਰ ਕੌਰ ਪਤਨੀ ਅਵਤਾਰ ਸਿੰਘ ਅਤੇ ਅਵਤਾਰ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਫੇਜ਼-10, ਐਸ.ਏ.ਐਸ. ਨਗਰ ਮੋਹਾਲੀ, ਨੂੰ ਨਾਮਜ਼ਦ ਕੀਤਾ ਹੈ।

## ਫ਼ਰੀਦਕੋਟ 'ਚ ਦੋ ਧਿਰਾਂ ਦੀ ਝੜਪ ਵਿਚਾਲੇ ਨੌਜਵਾਨ ਨੂੰ ਲੱਗੀ ਗੋਲੀ

ਫ਼ਰੀਦਕੋਟ/ਜੈਤੋ 15 ਸਤੰਬਰ। ਫਰੀਦਕੋਟ ਜ਼ਿਲ੍ਹੇ ਦੇ ਜੈਤੋਂ ਸ਼ਹਿਰ ਸਥਿਤ ਅੰਬੇਡਕਰ ਨਗਰ 'ਚ ਦੋ ਧਿਰਾਂ ਵਿਚਾਲੇ ਹੋਏ ਝਗੜੇ ਦੌਰਾਨ ਗੋਲੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ 'ਚ ਗੋਲੀ ਲੱਗਣ ਕਾਰਨ ਜੈਤੋਂ ਦਾ ਰਹਿਣ ਵਾਲਾ ਅਭਿਨਵ ਅਵੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਅਪਰਾਧਿਕ ਪਿਛੋਕੜ ਵਾਲੇ ਜੈਤੋਂ ਦੇ ਰਹਿਣ ਵਾਲੇ ਗਗਨੀ ਦਾ ਅਭਿਨਵ ਅਵੀ ਨਾਲ ਪਹਿਲਾਂ ਤੋਂ ਹੀ ਕੋਈ ਝਗੜਾ ਚੱਲ ਰਿਹਾ ਸੀ। ਇਸੇ ਝਗੜੇ ਦੇ ਚੱਲਦਿਆਂ ਮੰਗਲਵਾਰ ਰਾਤ ਦੋਹਾਂ ਧਿਰਾਂ ਵਿਚਾਲੇ ਆਪਸੀ ਝੜਪ ਹੋ ਗਈ। ਦੋਸ਼ ਹੈ ਕਿ ਇਸ ਦੌਰਾਨ ਗਗਨੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫਾਇਰਿੰਗ ਕੀਤੀ, ਜਿਸ 'ਚ ਗੋਲੀ ਲੱਗਣ ਕਾਰਨ ਅਭਿਨਵ ਜ਼ਖ਼ਮੀ ਹੋ ਗਿਆ। ਘਟਨਾ ਤੋਂ ਤੁਰੰਤ ਬਾਅਦ ਜ਼ਖ਼ਮੀ ਨੌਜਵਾਨ ਨੂੰ ਫਰੀਦਕੋਟ ਮੈਡੀਕਲ ਕਾਲਜ ਹਸਪਤਾਲ ਪਹੁੰਚਾਇਆ ਗਿਆ। ਸੂਚਨਾ ਮਿਲਣ 'ਤੇ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜ਼ਖ਼ਮੀ ਨੌਜਵਾਨ ਦੇ ਬਿਆਨ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜੈਤੋਂ ਦੇ ਡੀ. ਐੱਸ. ਪੀ. ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਦੋਵਾਂ ਧਿਰਾਂ ਵਿਚਾਲੇ ਆਪਸੀ ਰੰਜਿਸ਼ ਕਾਰਨ ਇਹ ਝਗੜਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਝਗੜੇ ਦੌਰਾਨ ਗਗਨੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫਾਇਰਿੰਗ ਕੀਤੀ, ਜਿਸ ਵਿੱਚ ਅਭਿਨਵ ਜ਼ਖ਼ਮੀ ਹੋਇਆ ਹੈ। ਡੀ.ਐੱਸ.ਪੀ. ਨੇ ਦੱਸਿਆ ਕਿ ਪੁਲਸ ਵੱਲੋਂ ਜ਼ਖ਼ਮੀ ਨੌਜਵਾਨ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਉਸ ਦੇ ਆਧਾਰ 'ਤੇ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਜਲੰਧਰ ਵੈਸਟ ਹਲਕੇ 'ਚ ਦਿਨ-ਦਿਹਾੜੇ ਸਨੈਚਿੰਗ, ਦਹਿਸ਼ਤ 'ਚ ਇਲਾਕੇ ਦੇ ਲੋਕ

ਜਲੰਧਰ 15 ਸਤੰਬਰ। ਜਲੰਧਰ ਦੇ ਪੱਛਮੀ ਹਲਕੇ 'ਚ ਚੋਰੀ ਅਤੇ ਸਨੈਚਿੰਗ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਇਸ ਦੌਰਾਨ



ਤਾਜ਼ਾ ਮਾਮਲਾ ਬਸਤੀ ਦਾਨਿਸ਼ਮੰਦਾ ਦੇ ਲਸੂੜੀ ਮੁਹੱਲੇ ਤੋਂ ਸਾਹਮਣੇ ਆਇਆ ਹੈ, ਜਿੱਥੇ ਇਲਾਕੇ 'ਚ ਸੈਰ ਕਰਨ ਲਈ ਨਿਕਲੀ ਔਰਤ ਦੀਆਂ ਦੋ ਮੋਟਰਸਾਈਕਲ ਸਵਾਰ ਸਨੈਚਰਾਂ ਨੇ ਉਸ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ। ਪੀੜਤਾ ਨੇ ਦੱਸਿਆ ਕਿ ਉਹ ਸਵੇਰ ਦੀ ਸੈਰ ਲਈ ਘਰੋਂ ਨਿਕਲੀ ਸੀ। ਦੋ ਨੌਜਵਾਨ ਜਿਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ, ਮੋਟਰਸਾਈਕਲ 'ਤੇ ਉਸ ਕੋਲ ਆਏ ਅਤੇ ਉਸ ਨੂੰ ਸਾਈਡ 'ਤੇ ਹੋ ਕੇ ਚੱਲਣ ਲਈ ਕਹਿਣ ਲੱਗੇ। ਇਸ ਦੇ ਬਾਅਦ ਉਹ ਫਿਰ ਵਾਪਸ ਆਏ ਅਤੇ ਉਸ ਨੂੰ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ। ਇਸ ਦੌਰਾਨ ਉਸ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ। ਲੋਕਾਂ ਦਾ ਕਹਿਣਾ ਹੈ ਕਿ ਇਸ ਘਟਨਾ ਤੋਂ ਬਾਅਦ ਪੁਲਸ ਨੂੰ ਸੂਚਿਤ ਕੀਤਾ ਗਿਆ ਸੀ ਪਰ ਪੁਲਸ ਮੌਕੇ 'ਤੇ ਨਹੀਂ ਪਹੁੰਚੀ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਇਥੇ ਹਰ ਰੋਜ਼ ਵਾਰਦਾਤਾਂ ਹੋ ਰਹੀਆਂ ਹਨ ਅਤੇ ਕੱਲ੍ਹ ਵੀ ਇਸ ਇਲਾਕੇ ਤੋਂ ਲੁੱਟਖੋਹ ਦੇ ਦੋ ਮਾਮਲੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਇਹ ਇਲਾਕਾ ਹੁਣ ਸੁਰੱਖਿਅਤ ਨਹੀਂ ਰਿਹਾ ਅਤੇ ਉਨ੍ਹਾਂ ਨੇ ਇਸ ਮਾਮਲੇ 'ਚ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

## ਪੰਜਾਬ ਦੇ ਅਸਲਾ ਧਾਰਕਾਂ ਲਈ ਖ਼ਾਸ ਖ਼ਬਰ, ਨਵੇਂ ਲਾਇਸੈਂਸ ਜਾਰੀ ਕਰਨ 'ਤੇ ਲੱਗੀ ਰੋਕ

ਚੰਡੀਗੜ੍ਹ 15 ਸਤੰਬਰ। ਪੰਜਾਬ ਸਰਕਾਰ ਨੇ ਸੂਬੇ 'ਚ ਨਵੇਂ ਅਸਲਾ ਲਾਇਸੈਂਸ ਜਾਰੀ ਕਰਨ 'ਤੇ ਮੁਕੰਮਲ ਰੋਕ ਲਾ ਦਿੱਤੀ ਹੈ। ਪਹਿਲਾਂ ਤੋਂ ਮੌਜੂਦ ਲਾਇਸੈਂਸਾਂ ਦੇ ਨਵੀਨੀਕਰਨ ਦੀ ਪ੍ਰਕਿਰਿਆ ਪਹਿਲਾਂ ਦੀ ਤਰ੍ਹਾਂ ਜਾਰੀ ਰਹੇਗੀ। ਜਾਣਕਾਰੀ ਮੁਤਾਬਕ ਪੰਜਾਬ 'ਚ ਲਗਾਤਾਰ ਵਧ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ, ਵਧ ਰਹੇ ਗੰਨ ਕਲਚਰ ਅਤੇ ਅਸਲਾ ਲਾਇਸੈਂਸ ਜਾਰੀ ਕਰਨ 'ਚ ਹੋ ਰਹੀਆਂ ਕਥਿਤ ਧਾਂਦਲੀਆਂ ਤੋਂ ਬਾਅਦ ਸਰਕਾਰ ਨੇ ਇਹ ਫ਼ੈਸਲਾ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਵਲੋਂ ਮਿਲੇ ਅਲਰਟ ਤੋਂ ਬਾਅਦ ਇਹ ਵੱਡਾ ਐਕਸ਼ਨ ਲਿਆ ਹੈ। ਇਸ ਸਬੰਧ ਵਿਚ ਜਾਣਕਾਰੀ ਦੇਣ ਵਾਲੇ ਸੂਤਰਾਂ ਮੁਤਾਬਕ ਮੁੱਖ ਸਕੱਤਰ ਕੇ. ਏ. ਪੀ. ਸਿਨਹਾ ਵੱਲੋਂ ਸੂਬੇ ਦੇ ਡਿਪਟੀ ਕਮਿਸ਼ਨਰਾਂ ਨੂੰ ਨਵੇਂ ਅਸਲਾ ਲਾਇਸੈਂਸ ਜਾਰੀ ਨਾ ਕਰਨ ਸਬੰਧੀ ਹਦਾਇਤਾਂ ਦਿੱਤੀਆਂ ਗਈਆਂ ਹਨ।

# ਲੁਧਿਆਣਾ 'ਚ ਭਿਆਨਕ ਹਾਦਸਾ ! ਪੁੱਤ ਦੀਆਂ ਅੱਖਾਂ ਮੂਹਰੇ ਮਾਂ ਦੀ ਦਰਦਨਾਕ ਮੌਤ

**ਕੌਮੀ ਪਤ੍ਰਿਕਾ**

ਲੁਧਿਆਣਾ 15 ਸਤੰਬਰ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਜਸੀਆ ਚੌਕ ਦੇ ਨਜ਼ਦੀਕ ਮੈਕਡੋਨਲਡ ਦੇ ਸਾਹਮਣੇ ਮੋਟਰਸਾਈਕਲ ਸਵਾਰ ਮਾਂ-ਪੁੱਤ ਨੂੰ ਤੇਜ਼ ਰਫ਼ਤਾਰ ਨਾਲ ਆ ਰਹੇ ਇਕ ਕੈਂਟਰ ਚਾਲਕ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਕਾਰਨ ਮਹਿਲਾ ਹਾਈਵੇਅ 'ਤੇ ਜਾ ਡਿੱਗੀ ਅਤੇ ਕੈਂਟਰ ਦਾ ਟਾਇਰ ਉਸ ਦੇ ਉੱਪਰੋਂ ਲੰਘ ਗਿਆ, ਜਿਸ ਕਾਰਨ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦਾ ਪੁੱਤ ਜ਼ਖ਼ਮੀ ਹੋ ਗਿਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਮੌਕੇ 'ਤੇ ਪਹੁੰਚੇ ਥਾਣਾ ਮੁਖੀ ਇੰਸਪੈਕਟਰ ਹਰਸ਼ਵੀਰ ਸਿੰਘ ਸੰਧੂ ਅਤੇ ਥਾਣੇਦਾਰ ਪ੍ਰੇਮਚੰਦ ਨੇ ਦੱਸਿਆ ਕਿ ਲਾਡੋਵਾਲ ਵੱਲੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਜਤ ਰਾਜ ਆਪਣੀ ਮਾਤਾ ਬਬੀਤਾ ਨਾਲ ਆਪਣੇ ਘਰ ਕੈਲਾਸ਼ ਨਗਰ ਵੱਲ ਜਾ ਰਿਹਾ ਸੀ। ਜਦੋਂ ਉਹ ਜਸੀਆ ਚੌਕ ਕੋਲ ਪਹੁੰਚੇ ਤਾਂ ਪਿੱਛੋਂ ਆ ਰਹੇ ਕੈਂਟਰ ਚਾਲਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਮੋਟਰਸਾਈਕਲ ਦੇ ਪਿੱਛੇ ਬੈਠੀ ਮਹਿਲਾ ਬਬੀਤਾ ਸੜਕ 'ਤੇ ਜਾ ਡਿੱਗੀ ਅਤੇ ਕੈਂਟਰ ਦੇ ਟਾਇਰ ਹੇਠਾਂ ਆ ਗਈ, ਜਦਕਿ ਮੋਟਰਸਾਈਕਲ




ਚਲਾ ਰਿਹਾ ਨੌਜਵਾਨ ਰਜਤ ਰਾਜ ਦੂਜੇ ਪਾਸੇ ਜਾ ਡਿੱਗਿਆ ਅਤੇ ਜ਼ਖ਼ਮੀ ਹੋ ਗਿਆ। ਥਾਣਾ ਮੁਖੀ ਨੇ ਦੱਸਿਆ ਕਿ ਮਹਿਲਾ ਬਬੀਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਕੈਂਟਰ ਚਾਲਕ ਮੌਕੇ 'ਤੇ ਹੀ ਕੈਂਟਰ ਛੱਡ ਕੇ ਫ਼ਰਾਰ ਹੋ ਗਿਆ। ਪੁਲਸ ਵੱਲੋਂ ਮਹਿਲਾ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾ ਦਿੱਤਾ ਗਿਆ ਹੈ ਅਤੇ ਕੈਂਟਰ ਨੂੰ ਜ਼ਬਤ ਕਰ ਲਿਆ ਗਿਆ ਹੈ। ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਜਸੀਆ ਚੌਕ ਦੇ ਨਜ਼ਦੀਕ ਬਣ ਰਹੇ ਨਵੇਂ ਪੁਲ ਕੋਲ ਹਾਦਸਾ ਹੋਣ ਤੋਂ ਬਾਅਦ ਹਾਈਵੇਅ 'ਤੇ ਭਾਰੀ ਜਾਮ ਲੱਗ ਗਿਆ, ਜਿਸ ਕਾਰਨ ਲੋਕ ਕਰੀਬ 1 ਘੰਟੇ ਤੱਕ ਜਾਮ ਵਿੱਚ ਫਸੇ ਰਹੇ। ਟ?ਰੈਫਿਕ ਜਾਮ ਲੱਗਣ ਕਾਰਨ ਨੈਸ਼ਨਲ ਹਾਈਵੇਅ 'ਤੇ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗ ਗਈਆਂ, ਜਿਸ ਤੋਂ ਬਾਅਦ ਪੀ.ਸੀ.ਆਰ. ਪੁਲਿਸ ਕਰਮਚਾਰੀਆਂ ਦੀਆਂ ਕਈ ਟੀਮਾਂ ਨੇ ਕਾਫ਼ੀ ਮੁਸ਼ੱਕਤ ਤੋਂ ਬਾਅਦ ਹਾਈਵੇਅ ਤੋਂ ਜਾਮ ਖੁੱਲ੍ਹਵਾਇਆ।

## ਨਵਜੰਮੇ ਬੱਚਿਆਂ ਦੇ ਵਾਰਡ 'ਚ ਲੱਗ ਗਈ ਅੱਗ, ਮਹਾਰਾਸ਼ਟਰ ਦੇ ਹਸਪਤਾਲ 'ਚ ਪਈਆਂ ਭਾਜੜਾਂ

ਛਤਰਪਤੀ ਸੰਭਾਜੀਨਗਰ 15 ਸਤੰਬਰ। ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਵਿਚ ਇੱਕ ਨਿੱਜੀ ਹਸਪਤਾਲ ਦੇ ਨਿਓਨੇਟਲ ਇੰਟੈਂਸਿਵ ਕੇਅਰ ਯੂਨਿਟ (ਐਨਆਈਸੀਯੂ) ਵਿੱਚ ਸ਼ੁੱਕਰਵਾਰ ਸਵੇਰੇ ਅੱਗ ਲੱਗ ਜਾਣ ਦੀ ਸੂਚਨਾ ਮਿਲੀ। ਇਸ ਘਟਨਾ ਦੌਰਾਨ ਇਸ ਹਸਪਤਾਲ ਵਿਚ ਦਾਖਲ ਨੌਂ ਨਵਜੰਮੇ ਬੱਚਿਆਂ ਨੂੰ ਦੂਜੇ ਹਸਪਤਾਲਾਂ ਵਿੱਚ ਭੇਜਿਆ ਗਿਆ। ਇਸ ਘਟਨਾ ਦੀ ਜਾਣਕਾਰੀ ਹਸਪਤਾਲ ਪ੍ਰਸ਼ਾਸਨ ਵਲੋਂ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸ਼ਹਿਰ ਦੇ ਜਾਲਨਾ ਰੋਡ 'ਤੇ ਸਥਿਤ ਏਸ਼ੀਅਨ ਹਸਪਤਾਲ ਵਿੱਚ ਵਾਪਰੀ ਹੈ। ਹਸਪਤਾਲ ਦੇ ਡਾਇਰੈਕਟਰ ਡਾ. ਸ਼ੋਏਬ ਹਾਸ਼ਮੀ ਨੇ ਇਸ ਘਟਨਾ ਦੇ ਸਬੰਧ ਵਿਚ ਕਿਹਾ ਕਿ ਹਸਪਤਾਲ ਦੇ ਸਟਾਫ ਨੇ ਉਸ ਸਮੇਂ ਦੱਸਿਆ ਜਦੋਂ ਉਨ੍ਹਾਂ ਨੇ ਏਸੀ ਯੂਨਿਟ ਤੋਂ ਧੂੰਆਂ ਨਿਕਲਦਾ ਦੇਖਿਆ। ਇਸ ਦੌਰਾਨ ਐਨਆਈਸੀਯੂ ਵਿੱਚ ਨੌਂ ਬੱਚੇ ਦਾਖਲ ਸਨ, ਜਿਨ੍ਹਾਂ ਨੂੰ ਦੂਜੀ ਹਸਪਤਾਲ ਵਿਚ ਭੇਜਣ ਲਈ ਵਿਸ਼ੇਸ਼ ਡਾਕਟਰੀ ਦੇਖਭਾਲ ਦੀ ਲੋੜ ਸੀ। ਉਨ੍ਹਾਂ ਕਿਹਾ, ਇਹ ਇੱਕ ਮਾਮੂਲੀ ਘਟਨਾ ਸੀ ਅਤੇ ਕੁਝ ਵੀ ਅਣਸੁਖਾਵਾਂ ਨਹੀਂ ਵਾਪਰਿਆ। ਸਾਵਧਾਨੀ ਵਜੋਂ, ਸਾਡੀ ਟੀਮ ਨੇ ਨੇੜਲੇ ਜਨਰਲ ਵਾਰਡ ਵਿੱਚ ਦਾਖਲ ਬੱਚਿਆਂ ਅਤੇ ਮਰੀਜ਼ਾਂ ਨੂੰ ਬਾਹਰ ਕੱਢਿਆ। ਹਾਸ਼ਮੀ ਨੇ ਕਿਹਾ ਕਿ ਜਨਰਲ ਵਾਰਡ ਦੇ ਮਰੀਜ਼ਾਂ ਨੂੰ ਬਾਅਦ ਵਿੱਚ ਵਾਪਸ ਲਿਆਂਦਾ ਗਿਆ। ਪਰਿਵਾਰਾਂ ਦੀ ਸਹਿਮਤੀ ਨਾਲ ਨਵਜੰਮੇ ਬੱਚਿਆਂ ਨੂੰ ਦੂਜੇ ਹਸਪਤਾਲਾਂ ਵਿੱਚ ਭੇਜਿਆ ਗਿਆ। ਉਨ੍ਹਾਂ ਕਿਹਾ, ਹਸਪਤਾਲ ਦੀ ਟੀਮ ਨੇ ਤੁਰੰਤ ਕਾਰਵਾਈ ਕਾਰਵਾਈ ਕਰਦੇ ਹੋਏ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ। ਸਾਰੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ।

# ਬਰਨਾਲਾ ਪੁਲਿਸ ਤੇ ਨਗਰ ਪੰਚਾਇਤ ਦੀ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਕਾਰਵਾਈ, ਹੰਡਿਆਇਆ 'ਚ ਨਾਜਾਇਜ਼ ਉਸਾਰੀ 'ਤੇ ਚੱਲਿਆ ਬੁਲਡੋਜ਼ਰ

**ਕੌਮੀ ਪਤ੍ਰਿਕਾ**

ਬਰਨਾਲਾ 15 ਸਤੰਬਰ। ਕਸਬਾ ਹੰਡਿਆਇਆ ਦੇ ਕਿਲ੍ਹਾ ਪੱਤੀ ਵਾਰਡ ਨੰਬਰ 4 ਵਿਖੇ ਨਗਰ ਪੰਚਾਇਤ ਤੇ ਬਰਨਾਲਾ ਪੁਲਿਸ ਨੇ ਇੱਕ ਸਾਂਝੀ ਵਿਸ਼ੇਸ਼ ਮੁਹਿੰਮ ਤਹਿਤ ਨਸ਼ਾ ਤਸਕਰੀ 'ਚ ਲਿਪਤ ਇੱਕ ਵਿਅਕਤੀ ਵੱਲੋਂ ਕੀਤੀ ਗਈ ਨਾਜਾਇਜ਼ ਉਸਾਰੀ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਅੰਜਾਮ ਦਿੱਤੀ ਹੈ। ਪ੍ਰਸ਼ਾਸਨ ਨੇ ਜੇ.ਸੀ.ਬੀ. ਦੀ ਮਦਦ ਨਾਲ ਘਰ ਦੀ ਗਲੀ ਨਾਲ ਲੱਗਦੀ ਲਗਭਗ 10 ਫੁੱਟ ਲੰਬੀ ਤੇ ਕਰੀਬ 8 ਫੁੱਟ ਉੱਚੀ ਨਾਜਾਇਜ਼ ਕੰਧ ਨੂੰ ਮੌਕੇ 'ਤੇ ਹੀ ਢਾਹ ਦਿੱਤਾ। ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਮੁਹੰਮਦ ਸਰਫਰਾਜ ਆਲਮ (ਆਈ.ਪੀ.ਐੱਸ.) ਨੇ ਦੱਸਿਆ ਕਿ ਦੋਸ਼ੀ ਰਾਜੂ ਸਿੰਘ ਪੁੱਤਰ ਬੂਟਾ ਸਿੰਘ ਖ਼?ਲਾਫ਼ ਐੱਨ.ਡੀ.ਪੀ.ਐੱਸ. ਐਕਟ ਤਹਿਤ 11 ਮਾਮਲੇ ਦਰਜ ਹਨ ਤੇ ਉਹ ਦੋ ਵਾਰ ਜੇਲ੍ਹ ਦੀ ਹਵਾ ਵੀ ਖਾ ਚੁੱਕਾ ਹੈ। ਇਸ ਤੋਂ ਇਲਾਵਾ, ਉਸ ਦੇ ਪੂਰੇ ਪਰਿਵਾਰ 'ਤੇ ਨਸ਼ਾ ਵੇਚਣ ਦੇ ਕੁੱਲ 36 ਤੋਂ ਵੱਧ ਮੁਕੱਦਮੇ ਦਰਜ ਹਨ। ਐੱਸ.ਐੱਸ.ਪੀ. ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਪੰਜਾਬ ਪੁਲਿਸ ਮੁਖੀ ਦੇ ਹੁਕਮਾਂ ਅਨੁਸਾਰ ਨਸ਼ਾ ਤਸਕਰਾਂ ਵਿਰੁੱਧ 'ਜ਼ੀਰੋ ਟਾਲਰੈਂਸ' ਨੀਤੀ ਅਪਣਾਈ ਜਾ ਰਹੀ ਹੈ। ਸਮਾਜ ਵਿਰੋਧੀ ਅਨਸਰਾਂ ਤੇ ਨਸ਼ਾ ਤਸਕਰਾਂ ਖ਼?ਲਾਫ਼ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ। ਪੰਜਾਬੀ ਜਾਗਰਣ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਬਰਨਾਲਾ ਨੇ ਦੱਸਿਆ ਕਿ ਨਗਰ ਪੰਚਾਇਤ ਦੀ ਨਿਸ਼ਾਨਦੇਹੀ ਹੇਠ ਹੰਡਿਆਇਆ ਵਿਖੇ ਨਸ਼ਾ ਤਸਕਰਾਂ ਦੀ ਨਾਜਾਇਜ਼ ਉਸਾਰੀ ਢਾਹੁਣ ਦਾ ਇਹ ਚੌਥਾ ਮਾਮਲਾ ਹੈ। ਉਹਨਾਂ ਦੱਸਿਆ ਕਿ ਪਹਿਲੀ ਕਾਰਵਾਈ ?ਮੋਹਣੀ ਸਿੰਘ ਪੁੱਤਰ ਬੇਲੂ ਸਿੰਘ ਦੇ



ਘਰ 'ਤੇ 3 ਮਈ 2025 ਨੂੰ ਨਗਰ ਪੰਚਾਇਤ ਦੀ ਨਿਸ਼ਾਨਦੇਹੀ 'ਤੇ ਨਾਜਾਇਜ਼ ਉਸਾਰੀ ਹੇਠ ਬਣਿਆ ਪੂਰਾ ਘਰ ਢਾਹਿਆ ਗਿਆ। ਬਰਨਾਲਾ ਪੁਲਿਸ ਤੇ ਨਗਰ ਪੰਚਾਇਤ ਦੀ ਨਸ਼ਾ ਤਸਕਰਾਂ ਖ਼?ਲਾਫ਼ ਵੱਡੀ ਕਾਰਵਾਈ, ਹੰਡਿਆਇਆ 'ਚ ਨਾਜਾਇਜ਼ ਉਸਾਰੀ 'ਤੇ ਚੱਲਿਆ ਬੁਲਡੋਜ਼ਰ ਦੂਜੀ ਕਾਰਵਾਈ 'ਚ ?ਤਿੱਤਰ ਸਿੰਘ ਪੁੱਤਰ ਪਿਆਰਾ ਸਿੰਘ ਦਾ ਘਰ 3 ਮਈ 2025 ਨੂੰ ਹੀ ਸਾਰਾ ਘਰ ਢਾਹ ਦਿੱਤਾ ਗਿਆ ਸੀ। ਤੀਜੀ ਕਾਰਵਾਈ 'ਚ ?ਅਮਰਜੀਤ ਕੌਰ ਪਤਨੀ ਠੁਮਰਾ ਸਿੰਘ ਦਾ ਘਰ 10 ਅਗਸਤ 2025 ਨੂੰ ਇਸ ਮਹਿਲਾ ਤਸਕਰ ਦਾ ਘਰ ਢਾਹਿਆ ਗਿਆ। ਮੰਗਲਵਾਰ ਨੂੰ ਚੌਥੀ ਕਾਰਵਾਈ ਕਰਦਿਆਂ ?ਰਾਜੂ ਸਿੰਘ ਪੁੱਤਰ ਬੂਟਾ ਸਿੰਘ ਨਸ਼ਾ ਤਸਕਰ ਦੀ ਨਾਜਾਇਜ਼ ਕੰਧ/ਉਸਾਰੀ 'ਤੇ ਪ੍ਰਸ਼ਾਸਨ ਦਾ ਬੁਲਡੋਜ਼ਰ ਚੱਲਿਆ। ਇਸ ਮੌਕੇ ਐੱਸ.ਐੱਸ.ਪੀ. ਦੇ ਨਾਲ ਸੀ.ਆਈ.ਏ. ਸਟਾਫ਼ ਬਰਨਾਲਾ ਦੇ ਇੰਚਾਰਜ ਇੰਸਪੈਕਟਰ ਬਲਜੀਤ ਸਿੰਘ (ਰਾਸ਼ਟਰਪਤੀ ਮੈਡਲ ਵਿਜੇਤਾ) ਤੇ ਹੰਡਿਆਇਆ ਪੁਲਿਸ ਚੌਂਕੀ ਦੇ ਇੰਚਾਰਜ ਤਰਸੇਮ ਸਿੰਘ ਵੀ ਭਾਰੀ ਪੁਲਿਸ ਨਫ਼ਰੀ ਸਮੇਤ ਹਾਜ਼ਰ ਸਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਛੱਤਬੀੜ ਰੋਡ ’ਤੇ ਵੱਡਾ ਹਾਦਸਾ, ਤੇਜ਼ ਵਹਾਅ ਵਾਲੇ ਸੂਏ ’ਚ ਡਿੱਗੀ ਇਨੋਵਾ

**ਕੌਮੀ ਪੱਤ੍ਰਿਕਾ**

ਜ਼ੀਰਕਪੁਰ 15 ਸਤੰਬਰ। ਰਾਮਪੁਰਾ ਤੋਂ ਛੱਤਬੀੜ ਵੱਲ ਜਾਂਦੇ ਰਸਤੇ ’ਤੇ ਦੇਰ ਰਾਤ ਕਰੀਬ 2 ਵਜੇ ਉਸ ਸਮੇਂ ਵੱਡਾ ਹਾਦਸਾ ਵਾਪਰ ਗਿਆ, ਜਦੋਂ ਤਿੰਨ ਵਿਅਕਤੀਆਂ ਨੂੰ ਲੈ ਕੇ ਜਾ ਰਹੀ ਇਨੋਵਾ ਤੇਜ਼ ਵਹਾਅ ਵਾਲੇ ਸੂਏ ’ਚ ਜਾ ਡਿੱਗੀ। ਡਿੱਗਦਿਆਂ ਹੀ ਕਾਰ ਲਾਕ ਹੋ ਗਈ ਤੇ ਅੰਦਰ ਫਸੇ ਵਿਅਕਤੀਆਂ ਦੀ ਜਾਨ ਖ਼ਤਰੇ ’ਚ ਪੈ ਗਈ। ਇਸ ਦੌਰਾਨ ਕਾਰ ਦੀ ਪਿਛਲੀ ਸੀਟ ’ਤੇ ਬੈਠਾ ਰੋਬਿਨ ਕਿਸੇ ਤਰ੍ਹਾਂ ਕਾਰ ’ਚੋਂ ਬਾਹਰ ਨਿਕਲਣ ’ਚ ਕਾਮਯਾਬ ਹੋ ਗਿਆ। ਉਹ ਪੈਦਲ ਹਾਈਵੇ ਸਥਿਤ ਪੱਪੀ ਢਾਬੇ ਤੱਕ ਪਹੁੰਚਿਆ ਤੇ ਉੱਥੋਂ ਪੁਲਸ ਨੂੰ ਹਾਦਸੇ ਦੀ ਸੂਚਨਾ ਦਿੱਤੀ। ਸੂਚਨਾ ਮਿਲਦਿਆਂ ਹੀ ਸੜਕ ਸੁਰੱਖਿਆ ਫੋਰਸ (ਐੱਸ ਐੱਸ ਐੱਫ) ਦੀਆਂ ਦੋ ਪੁਲਸ ਗੱਡੀਆਂ ਮੌਕੇ ’ਤੇ ਪਹੁੰਚੀਆਂ। ਹਾਲਾਤ ਦੀ ਗੰਭੀਰਤਾ ਨੂੰ ਦੇਖਦਿਆਂ ਜਵਾਨਾਂ ਨੇ ਬਿਨਾਂ ਦੇਰੀ ਤੇਜ਼ ਵਹਾਅ ਵਾਲੇ ਪਾਣੀ ’ਚ ਉਤਰ ਕੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਰਾਤ ਦੇ ਹਨ੍ਹੇਰੇ ਤੇ ਪਾਣੀ ਦੇ ਤੇਜ਼ ਵਹਾਅ ਦੇ ਬਾਵਜੂਦ ਜਵਾਨਾਂ ਨੇ ਕਾਰ ’ਚ ਫਸੇ ਕਰਮਵੀਰ ਸਿੰਘ ਤੇ ਤੇਜ ਪ੍ਰਕਾਸ਼ ਸਿੰਘ ਨੂੰ ਬਾਹਰ ਕੱਢ ਲਿਆ। ਰੋਬਿਨ ਪਹਿਲਾਂ ਹੀ ਕਾਰ ’ਚੋਂ ਨਿਕਲ ਕੇ ਮਦਦ ਲਈ ਪਹੁੰਚ ਚੁੱਕਾ ਸੀ। ਹਾਲਾਂਕਿ ਹਾਦਸੇ ਦੌਰਾਨ ਤੇਜ ਪ੍ਰਕਾਸ਼ ਸਿੰਘ ਦੇ ਹੱਥ ’ਤੇ ਗੰਭੀਰ ਸੱਟ ਲੱਗੀ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਰੋਬਿਨ ਨੂੰ ਵੀ ਇਲਾਜ ਲਈ ਹਸਪਤਾਲ ਭੇਜਿਆ ਗਿਆ, ਜਦਕਿ ਕਰਮਵੀਰ ਨੂੰ ਜ਼ੀਰਕਪੁਰ ਸਥਿਤ ਔਰਾ ਗਜ਼ਾਨੀਆ ਸੁਸਾਇਟੀ ਵਿਖੇ ਉਸ ਦੇ ਘਰ ਪਹੁੰਚਾਇਆ ਗਿਆ। ਤੇਜ਼ ਪਾਣੀ ਦੇ ਵਹਾਅ ਕਾਰਨ ਕਾਰ ’ਚ ਪਿਆ ਕਾਫ਼ੀ ਸਾਮਾਨ ਵੀ ਪਾਣੀ ’ਚ ਰੁੜ੍ਹ ਗਿਆ। ਜਾਣਕਾਰੀ ਮੁਤਾਬਕ ਰਾਮਪੁਰਾ ਤੋਂ ਛੱਤਬੀੜ ਵੱਲ ਜਾਂਦੇ ਰਸਤੇ ’ਚ ਪੈਂਦਾ ਇਹ ਸੂਆ ਘੱਗਰ ਤੋਂ ਬਨੂੜ ਖੇਤਰ ਦੇ ਪਿੰਡਾਂ ਦੇ ਖੇਤਾਂ ਤੱਕ ਸਿੰਚਾਈ ਲਈ ਪਾਣੀ ਪਹੁੰਚਾਉਣ ਲਈ ਬਣਾਇਆ ਗਿਆ ਹੈ। ਬਰਸਾਤ ਦੇ ਦਿਨਾਂ ’ਚ ਇਸ ’ਚ ਪਾਣੀ ਦੀ ਮਾਤਰਾ ਕਾਫ਼ੀ ਵੱਧ ਜਾਂਦੀ ਹੈ ਅਤੇ ਵਹਾਅ ਵੀ ਤੇਜ਼ ਹੋ ਜਾਂਦਾ ਹੈ। ਹਾਦਸੇ ਸਮੇਂ ਵੀ ਸੂਏ ’ਚ ਪਾਣੀ ਦਾ ਵਹਾਅ ਕਾਫ਼ੀ ਤੇਜ਼ ਦੱਸਿਆ ਜਾ ਰਿਹਾ ਹੈ। ਬਚਾਅ ਕਾਰਵਾਈ ਦੌਰਾਨ ਐੱਸ. ਐੱਸ. ਐੱਫ. ਜਵਾਨਾਂ ਨੂੰ ਸੂਏ ’ਚੋਂ ਆਈਫੋਨ ਤੇ 25 ਹਜ਼ਾਰ ਰੁਪਏ ਵੀ ਮਿਲੇ। ਟੀਮ ਨੇ ਇਹ ਸਾਮਾਨ ਸੁਰੱਖਿਅਤ ਆਪਣੇ ਕਬਜ਼ੇ ’ਚ ਲੈ ਲਿਆ ਤੇ ਪਛਾਣ ਦੀ ਪੁਸ਼ਟੀ ਕਰਨ ਤੋਂ ਬਾਅਦ ਸਬੰਧਿਤ ਵਿਅਕਤੀ ਨੂੰ ਵਾਪਸ ਕਰ ਦਿੱਤਾ। ਬਚਾਅ ਕਾਰਵਾਈ ’ਚ ਏ. ਐੱਸ. ਆਈ. ਜਸਬੀਰ ਸਿੰਘ, ਕਾਂਸਟੇਬਲ ਮੋਹਿਤ ਸਦਾਨਾ, ਗੁਰਸੇਵਕ ਸ਼ਰਮਾ, ਸੁਨੀਲ ਧਾਮੂ ਤੇ ਮਨਪ੍ਰੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਹਨ੍ਹੇਰੇ ਤੇ ਤੇਜ਼ ਵਹਾਅ ਦੇ ਵਿਚਕਾਰ ਰੋਬਿਨ ਵੱਲੋਂ ਹਿੰਮਤ ਕਰਕੇ ਕਾਰ ’ਚੋਂ ਬਾਹਰ ਨਿਕਲ ਕੇ ਮਦਦ ਤੱਕ ਪਹੁੰਚਣਾ ਤੇ ਉਸ ਤੋਂ ਬਾਅਦ ਜਵਾਨਾਂ ਵੱਲੋਂ ਪਾਣੀ ’ਚ ਉਤਰ ਕੇ ਬਾਕੀ ਸਵਾਰਾਂ ਨੂੰ ਬਚਾਉਣਾ ਇਸ ਹਾਦਸੇ ਦੌਰਾਨ ਰਾਹਤ ਕਾਰਜ ਦੀ ਅਹਿਮ ਕੜੀ ਸਾਬਤ ਹੋਇਆ।



## ਅਣਪਛਾਤਿਆਂ ਨੇ ਵਿਅਕਤੀ ਦਾ ਕੀਤਾ ਕਤਲ

ਬਠਿੰਡਾ 15 ਸਤੰਬਰ। ਅਰਜਨ ਨਗਰ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਵਿੱਚ ਦਾਖਲ ਹੋ ਕੇ ਇੱਕ ਵਿਅਕਤੀ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਲਾਸ਼ ਘਰ ਵਿੱਚੋਂ ਖੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੀ। ਮੁੱਢਲੀ ਜਾਂਚ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤੇ ਜਾਣ ਦਾ ਖਦਸ਼ਾ ਹੈ। ਪੁਲਿਸ ਨੂੰ ਦਿੱਤੇ ਬਿਆਨ ਵਿੱਚ ਬੀੜ ਤਲਾਬ ਵਾਸੀ ਰਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਭਰਾ ਰਘਵੀਰ ਸਿੰਘ ਅਰਜਨ ਨਗਰ ਸਥਿਤ ਆਪਣੇ ਘਰ ਵਿੱਚ ਰਹਿੰਦਾ ਸੀ। ਪਰਿਵਾਰ ਵੱਲੋਂ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਜਦੋਂ ਉਸ ਨਾਲ ਸੰਪਰਕ ਨਾ ਹੋਇਆ ਤਾਂ ਪਰਿਵਾਰਕ ਮੈਂਬਰ ਘਰ ਪਹੁੰਚੇ। ਉੱਥੇ ਰਘਵੀਰ ਸਿੰਘ ਦੀ ਖੂਨ ਨਾਲ ਲੱਥਪੱਥ ਲਾਸ਼ ਮਿਲੀ। ਘਟਨਾ ਦੀ ਸੂਚਨਾ ਮਿਲਣ ’ਤੇ ਕੈਨਾਲ ਕਾਲੋਨੀ ਥਾਣੇ ਦੀ ਪੁਲਿਸ ਮੌਕੇ ’ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਇੰਸਪੈਕਟਰ ਦਲਜੀਤ ਸਿੰਘ ਨੇ ਦੱਸਿਆ ਕਿ ਰਵਿੰਦਰ ਕੌਰ ਦੀ ਸ਼ਿਕਾਇਤ ’ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਕਤਲ ਦੇ ਕਾਰਨਾਂ, ਮੁਲਜ਼ਮਾਂ ਦੀ ਪਛਾਣ ਅਤੇ ਘਟਨਾ ਨਾਲ ਜੁੜੇ ਹੋਰ ਪੱਖਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਝਗੜੇ ਨੇ ਲਿਆ ਖ਼ੂਨੀ ਰੂਪ, ਮਾਮੂਲੀ ਗੱਲ ’ਤੇ ਹੋਈ ਤਕਰਾਰ

ਧਾਮਪੁਰ (ਬਿਜਨੌਰ) 15 ਸਤੰਬਰ। ਧਾਮਪੁਰ ਥਾਣਾ ਖੇਤਰ ਦੇ ਪਿੰਡ ਕਰਨਾਵਾਲਾ ਵਿੱਚ ਨੂੰਹ ਨੇ ਮਾਮੂਲੀ ਵਿਵਾਦ ’ਚ ਸੱਸ ਦਾ ਕਤਲ ਕਰ ਦਿੱਤਾ। ਸੂਚਨਾ ਮਿਲਣ ’ਤੇ ਪੁਲਿਸ ਮੌਕੇ ’ਤੇ ਪਹੁੰਚੀ ਅਤੇ ਫੋਰੈਂਸਿਕ ਟੀਮ ਨੂੰ ਵੀ ਮੌਕੇ ’ਤੇ ਬੁਲਾਇਆ ਗਿਆ। ਘਟਨਾ ਤੋਂ ਬਾਅਦ ਮੁਲਜ਼ਮ ਨੂੰਹ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਪਿੰਡ ਕਰਨਾਵਾਲਾ ਵਿੱਚ ਬਜ਼ੁਰਗ ਔਰਤ ਲਗਪਗ 65 ਸਾਲਾ ਉਮਵਤੀ ਦੇਵੀ ਆਪਣੀ ਨੂੰਹ ਪ੍ਰੀਤੀ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਰਹਿੰਦੀ ਸੀ। ਦੱਸਿਆ ਗਿਆ ਹੈ ਕਿ ਆਏ ਦਿਨ ਸੱਸ-ਨੂੰਹ ਵਿੱਚ ਝਗੜਾ ਹੁੰਦਾ ਰਹਿੰਦਾ ਸੀ। ਐਤਵਾਰ ਰਾਤ ਲਗਪਗ 8 ਵਜੇ ਵੀ ਦੋਵਾਂ ਵਿਚਾਲੇ ਕਹਾਸੁਣੀ ਹੋਈ ਸੀ। ਮਾਮੂਲੀ ਤਕਰਾਰ ਵਿੱਚ ਪ੍ਰੀਤੀ ਨੇ ਸੱਸ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਦੋਸ਼ ਹੈ ਕਿ ਇਸ ਦੌਰਾਨ ਉਸ ਨੇ ਉਮਵਤੀ ਦੇਵੀ ਨੂੰ ਜ਼ਮੀਨ ’ਤੇ ਡੇਗ ਲਿਆ ਅਤੇ ਉਨ੍ਹਾਂ ਦਾ ਸਿਰ ਧਰਤੀ ’ਤੇ ਪਟਕ-ਪਟਕ ਕੇ ਉਨ੍ਹਾਂ ਦਾ ਕਤਲ ਕਰ ਦਿੱਤਾ।

# ਪਟਿਆਲਾ ਦੇ ਸਿਊਣਾ ਚੌਕ ’ਚ ਮਾਰ ’ਤਾ ਮੁੰਡਾ, ਮਾਂ ਨੇ ਕਿਹਾ ਬੇਰਹਿਮੀ ਨਾਲ ਮਾਰਿਆ ਮੇਰਾ ਪੁੱਤ

ਪਟਿਆਲਾ 15 ਸਤੰਬਰ। ਪਟਿਆਲਾ ਦੇ ਰਣਜੀਤ ਨਗਰ ਸਥਿਤ ਸਿਊਣਾ ਚੌਕ ਵਿਚ ਦੇਰ ਰਾਤ ਇਕ 16 ਸਾਲਾ ਮੁੰਡੇ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਦੀ ਪਛਾਣ ਤਨਵੀਰ ਵਜੋਂ ਹੋਈ ਹੈ, ਜੋ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਪਰਿਵਾਰ ਨੇ ਆਪਣੇ ਗੁਆਂਢੀਆਂ ’ਤੇ ਕਤਲ ਦੇ ਗੰਭੀਰ ਦੋਸ਼ ਲਗਾਏ ਹਨ। ਜਾਣਕਾਰੀ ਮੁਤਾਬਕ ਰਣਜੀਤ ਨਗਰ ਦੇ ਸਿਊਣਾ ਚੌਕ ਵਿਚ ਦੇਰ ਰਾਤ ਤਨਵੀਰ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਗਿਆ, ਜਿਸ ਦੌਰਾਨ ਉਸਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪਟਿਆਲਾ ਦੇ ਰਜਿੰਦਰਾ ਹਸਪਤਾਲ ਦੀ ਮੋਰਚਰੀ ਵਿਚ ਰਖਵਾਇਆ ਗਿਆ ਹੈ। ਮ੍ਰਿਤਕ ਤਨਵੀਰ ਦੀ ਮਾਤਾ ਨੇ ਦੋਸ਼ ਲਗਾਉਂਦਿਆਂ ਕਿਹਾ ਕਿ ਗੁਆਂਢੀਆਂ ਵੱਲੋਂ ਗੁੰਡੇ ਬੁਲਾ ਕੇ ਉਸਦੇ ਪੁੱਤਰ ਦਾ ਕਤਲ ਕਰਵਾਇਆ ਗਿਆ ਹੈ। ਪਰਿਵਾਰ ਮੁਤਾਬਕ ਕਰੀਬ ਦੋ ਸਾਲ ਪਹਿਲਾਂ ਤਨਵੀਰ ਦੀ ਸਕੂਲ ਵਿਚ ਕਿਸੇ ਨਾਲ ਲੜਾਈ ਹੋਈ ਸੀ, ਜਿਸ ਤੋਂ ਬਾਅਦ ਥਾਣੇ ਵਿਚ ਸਮਝੌਤਾ ਵੀ ਹੋ ਗਿਆ ਸੀ। ਪਰਿਵਾਰ ਦਾ ਦੋਸ਼ ਹੈ ਕਿ ਪੁਰਾਣੀ ਰੰਜਿਸ਼ ਦੇ ਚੱਲਦਿਆਂ ਦੇਰ ਰਾਤ ਉਸਦੇ ਪੁੱਤਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇੰਨਾ ਹੀ ਨਹੀਂ ਪਰਿਵਾਰ ਵਾਲਿਆਂ ਨੇ ਦੋਸ਼ ਲਗਾਇਆ ਹੈ ਕਿ ਇਹ ਚਿੱਟਾ ਵੇਚਦੇ ਹਨ ਅਤੇ ਨਸ਼ਾ ਤਸਕਰ ਵੀ ਹਨ। ਪੁਲਸ ਨੇ ਕਿਹਾ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਘਟਨਾ ਨਾਲ ਜੁੜੇ ਲੋਕਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਪੁਲਸ ਨੇ ਪਰਿਵਾਰ ਨੂੰ ਬਣਦਾ ਇਨਸਾਫ਼ ਦਿਵਾਉਣ ਦੀ ਗੱਲ ਵੀ ਕਹੀ ਹੈ। ਫਿਲਹਾਲ ਪੁਲਸ ਦੀ ਜਾਂਚ ਜਾਰੀ ਹੈ ਅਤੇ 16 ਸਾਲਾ ਤਨਵੀਰ ਦੇ ਕਤਲ ਪਿੱਛੇ ਅਸਲ ਕਾਰਨ ਕੀ ਸੀ ਅਤੇ ਇਸ ਵਾਰਦਾਤ ਵਿਚ ਕੌਣ-ਕੌਣ ਸ਼ਾਮਲ ਹੈ


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


## ਉੱਤਰ ਰੇਲਵੇ

### ਨਿਵਿਦਾ ਸੂਚਨਾ

**ਈ-ਨਿਵਿਦਾ (ਈ-ਪ੍ਰੋਕਯੋਰਮੇਂਟ ਸਿਸਟਮ) ਦੇ ਮਾਧਿਅਮ ਨਾਲ ਨਿਵਿਦਾ ਮੰਗ**

| ਐਨ.ਆਈ.ਟੀ | 55, 56, 59, 60, 61, 63, 64 & 65-2026-27-ਡਬਲਯੂ-5 |
|---|---|
| **1. ਕੰਮ ਦਾ ਨਾਮ (ਸਥਾਨ ਦੇ ਨਾਮ)** | |
| 55 | ADEN/HNZM ਦੇ ਤਹਿਤ SSE/PWAY/HNZM ਸੈਕਸ਼ਨ ਵਿਚ ਵਖ-ਵਖ ਯਾਰਡਾਂ ਵਿਚ ਟਰਨ ਆਊਟ ਦਾ ਮਾਨਕੀਕਰਨ ਅਤੇ ਟ੍ਰੈਕ ਇਨਫ੍ਰਾਸਟਕਚਰ ਦਾ ਰਖਰਖਾਅ **ਸਮਾਨ ਕੰਮ ਦੀ ਨੇਚਰ:** ਕਿਸੇ ਵੀ ਤਰ੍ਹਾਂ ਦਾ ਟ੍ਰੈਕ ਕੰਮ। |
| 56 | NDLS-JNC, ਰਿੰਗ ਰੇਲਵੇ ਅਤੇ GAL ਲਾਈਨਾਂ ਦੇ ਵਿਚਕਾਰ SSE/PWAY/HNZM ਦੇ ਸੇਕਸ਼ਨ ਵਿਚ ADEN/HNZM ਦੇ ਤਹਿਤ ਕਚਰਾ ਅਤੇ ਮਲਵਾ ਇਕੱਠਾ ਕਰਨਾ ਅਤੇ ਕੱਢਣਾ। **ਸਮਾਨ ਕੰਮ ਦੀ ਨੇਚਰ:** ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। |
| 59 | ਸੀਨੀਅਰ DEN/V ਦੇ ਤਹਿਤ DEE ਡਿਪੋ ਵਿਚ ਜਰਜਰ ਪੁਰਾਣੇ ਵਾਸ਼ਿੰਗ ਕਮ ਪਿਟ ਲਾਈਨ ਨੰਬਰ 1 ਅਤੇ 3 ਦੀ ਮੁਰੰਮਤ ਦਾ ਕੰਮ ਸੰਤੁਲਿਤ ਕਰਨਾ। **ਸਮਾਨ ਕੰਮ ਦੀ ਨੇਚਰ:** ਕੋਈ ਵੀ ਸਿਵਿਲ ਕੰਮ ਜਿਸ ਵਿਚ ਕੰਕਰੀਟ ਦਾ ਕੰਮ ਸ਼ਾਮਲ ਹੋਵੇ। |
| 60 | ADEN/TKD ਦੇ ਤਹਿਤ SSE/PWAY/TKD ਅਤੇ SSe/PWAY/FDB ਸੇਕਸ਼ਨ ਵਿਚ ਵਖ-ਵਖ ਯਾਰਡ ਵਿਚ ਟਰਨਆਊਟਸ ਦਾ ਮਾਨਕੀਕਰਨ ਅਤੇ ਟ੍ਰੈਕ ਇਨਫਰਾਸਟਕਚਰ ਦਾ ਰਖਰਖਾਅ। **ਸਮਾਨ ਨੇਚਰ ਦਾ :** ਕਿਸੇ ਵੀ ਤਰ੍ਹਾਂ ਦਾ ਟ੍ਰੈਕ ਕੰਮ। |
| 61 | SSE/P.WAY/DEE ਦੇ ਸੈਕਸ਼ਨ ਵਿਚ ADEN/DEE ਦੇ ਤਹਿਤ ਰੈਕ ਚੁਕਣ ਦਾ ਕੰਮ ਅਤੇ ਮਲਵਾ ਹਟਾਉਣਾ। **ਸਮਾਨ ਕੰਮ ਦੀ ਨੇਚਰ:** ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। |
| 63 | ADEN/DEE ਦੇ ਤਹਿਤ SSE/PWAY/DEE ਅਤੇ SSE/PWAY/GGN ਸੈਕਸ਼ਨ ਵਖ-ਵਖ ਯਾਰਡ ਵਿਚ ਟਰਨਆਊਟਸ ਦਾ ਮਾਨਕੀਕਰਨ ਅਤੇ ਟ੍ਰੈਕ ਇਨਫ੍ਰਾਸਟਕਚਰ ਦਾ ਰਖਰਖਾਅ। **ਸਮਾਨ ਨੇਚਰ ਦਾ :** ਕਿਸੇ ਵੀ ਤਰ੍ਹਾਂ ਦਾ ਟ੍ਰੈਕ ਕੰਮ। |
| 64 | ਫਰੀਦਾਬਾਦ ਵਿਚ ਰੇਲਵੇ ਕਾਲੋਨੀ ਦੇ ਸਟਾਫ ਕਵਾਟਰਾ ਵਿਚ ਜਾਮ ਹੋਏ ਸੀਵਰੇਜ ਨੈਟਵਰਕ ਅਤੇ ਟੁਟੇ ਰਸਤਿਆਂ ਦੀ ਮੁਰੰਮਤ, ਪਲਸਤਰ, ਦਰਵਾਜੇ, ਖਿੜਕੀਆਂ SSE/W?FDB ਦੇ ਸੈਕਸ਼ਨ ਵਿਚ ADEN/TKD ਦੇ ਤਹਿਤ। **ਸਮਾਨ ਕੰਮ ਦੀ ਨੇਚਰ:** ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ। |
| 65 | ADEN/TKD ਸੈਕਸ਼ਨ ਵਿਚ ਕਚਰਾ ਇਕੱਠਾ ਕਰਨ ਦਾ ਕੰਮ ਅਤੇ ਮਲਬਾ ਹਟਾਉਣਾ। |

**2. ਕੰਮ ਦੀ ਅੰਦਾਜਨ ਲਾਗਤ (ਰੁਪਏ)**

| | | | | | |
|---|---|---|---|---|---|
| 55 | ₹ 99,99,978.82 | 56 | ₹ 89,99,997.02 | 59 | ₹ 1,82,75,718.87 |
| 60 | ₹ 1,29,99,953.75 | 61 | ₹ 94,99,984.69 | 63 | ₹ 1,19,99,999.05 |
| 64 | ₹ 99,99,998.97 | 65 | ₹ 44,99,984.72 | | |

**3. ਅਗਾਊਂ ਰਾਸ਼ੀ (ਰੁਪਏ)**

(ਇਹ ਨੈਟ ਬੈਕਿੰਗ ਦੇ ਰੂਪ ਵਿਚ ਹੋਣਾ ਚਾਹੀਦਾ ਜਾਂ ਕੇਵਲ ਭੁਗਤਾਨ ਗੇਟਵੇ ਦੁਆਰਾ।) (ਨੋਟ:- ਰੇਲਵੇ ਬੋਰਡਾਂ ਦੇ ਪੱਤਰ ਸੰਖਿਆ 2015/ ਸੀਈ-ਆਈ/ਸੀਟੀ/5/1 ਮਿਤੀ 31.08.2016 ਦੇ ਅਨੁਸਾਰ ਜੋ ਟੈਂਡਰ ਆਈਆਰਈਪੀਐਸ ਤੇ ਮੰਗ ਕੀਤਾ ਗਿਆ ਹੈ ਉਸ ਵਿਚ ਐਫਡੀਆਰ ਨੂੰ ਟੈਂਡਰ ਦੇ ਲਈ, ਈਐਮਡੀ ਦੇ ਰੂਪ ਵਿਚ ਸਵੀਕਾਰ ਕੀਤਾ ਜਾਏਗਾ)।

| | | | | | |
|---|---|---|---|---|---|
| 55 | ₹ 2,00,000.00 | 56 | ₹ 1,80,000.00 | 59 | ₹ 3,65,500.00 |
| 60 | ₹ 2,60,000.00 | 61 | ₹ 1,90,000.00 | 63 | ₹ 2,40,000.00 |
| 64 | ₹ 2,00,000.00 | 65 | ₹ 90,000.00 | | |

**4 ਕੰਮ ਦਾ ਸਮਾਪਤੀ ਸਮਾਂ**

| | | | | | |
|---|---|---|---|---|---|
| 55 | 06 ਮਹੀਨੇ | 56 | 09 ਮਹੀਨੇ | 59 | 06 ਮਹੀਨੇ |
| 60 | 06 ਮਹੀਨੇ | 61 | 09 ਮਹੀਨੇ | 63 | 06 ਮਹੀਨੇ |
| 64 | 06 ਮਹੀਨੇ | 65 | 09 ਮਹੀਨੇ | | |

| | |
|---|---|
| **5. ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਣ ਦੇ ਲਈ ਮਿਤੀ ਅਤੇ ਸਮਾਂ** | 08.10.2026 ਨੂੰ 15.00 ਵਜੇ ਤਕ ਅਤੇ 08.10.2026 ਨੂੰ 15.00 ਵਜੇ ਨਿਵਿਦਾ ਖੁਲਣਾ ਹੈ। |
| **6. ਵੈਬਸਾਈਟ ਦੇ ਵੇਰਵੇ ਦਾ ਨੋਟਿਸ ਬੋਰਡ ਸਥਾਨ ਟੈਂਡਰ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ** | ਇਹ ਨਿਵਿਦਾ ਆਈ.ਆਰ.ਈ.ਪੀ.ਐਸ. ਵੈਬਸਾਈਟ ਯਾਨੀ www.ireps.gov.in ’ਤੇ ਉਪਲਬਧ ਹੈ। |

**ਨੰ.: 128-W/280/OET/2026-27/W-V/NIT-55, 56, 59, 60, 61, 63, 64 & 65-2026-27**
**ਤਾਰੀਕ : 14.09.2026** **3169/2026**

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**


### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਸਦਾ ਚੜ੍ਹਦੀ ਕਲਾ ਵਿਚ ਰਹੋ



ਜੇ ਕੁਝ ਗੱਲਾਂ ਪਹਿਲਾਂ ਪਤਾ ਹੁੰਦੀਆਂ ਤਾਂ ਹਰ ਕਿਸੇ ਨੇ ਵੱਖਰੇ ਢੰਗ ਨਾਲ ਜਿਉਣਾ ਸੀ ਪਰ ਇਹ ਗੱਲਾਂ ਪਤਾ ਲਗਦਿਆਂ - ਲਗਦਿਆਂ ਉਮਰ ਮੁੱਕ ਜਾਂਦੀ ਹੈ ।

- ਜ਼ਿੰਦਗੀ ਵਿਚ ਇਨਸਾਫ਼ ਨਹੀਂ ਹੈ। ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਅਕਸਰ ਕੋਈ ਹੋਰਾਂ 'ਚ ਯੋਗਤਾ-ਸਮਰੱਥਾ ਨਹੀਂ ਵੇਖਦਾ, ਹਰ ਕੋਈ ਆਪਣਾ ਲਾਭ ਵੇਖਦਾ ਹੈ ਅਤੇ ਆਪਣਿਆਂ ਨੂੰ ਲਾਭ ਪਹੁੰਚਾਉਂਦਾ ਹੈ। ਜਿਨ੍ਹਾਂ ਦਾ ਮੁੱਲ ਪੈਣਾ ਚਾਹੀਦਾ ਹੈ , ਉਹ ਵੇਖਦੇ ਹੀ ਰਹਿ ਜਾਂਦੇ ਹਨ ਅਤੇ ਹੋਰ ਹੀ ਪਿੱਛੋਂ ਆ ਕੇ ਅੱਗੇ ਲੰਘ ਜਾਂਦੇ ਹਨ ।
- ਲੋਕ ਸਾਡੀਆਂ ਆਸਾਂ ਤੇ ਪੂਰੇ ਨਹੀਂ ਉੱਤਰਦੇ ਕਿਉਂਕਿ ਅਸੀਂ ਵੀ ਉਨ੍ਹਾਂ ਦੀਆਂ ਆਸਾਂ ਤੇ ਪੂਰੇ ਨਹੀਂ ਉਤਰਦੇ ।
- ਲੋਕ ਮਿਹਨਤ ਨਾਲ ਵਿਕਾਸ ਕਰਨਾ ਨਹੀਂ ਚਾਹੁੰਦੇ, ਬਦਲਣਾ ਨਹੀਂ ਚਾਹੁੰਦੇ, ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਵੇ ।
- ਜ਼ਿੰਦਗੀ ਵਿਚ ਭਾਂਤ-ਭਾਂਤ ਦੇ ਘਾਟੇ ਪੈਂਦੇ ਹਨ ਅਤੇ ਪੈਂਦੇ ਰਹਿੰਦੇ ਹਨ । ਜਿਹੜੇ ਫੈਸਲੇ ਬੜੀ ਸੋਚ-ਵਿਚਾਰ ਅਤੇ ਕਈਆਂ ਨਾਲ ਸਲਾਹ ਕਰਨ ਉਪਰੰਤ ਲਏ ਜਾਂਦੇ ਹਨ, ਅਕਸਰ ਉਹ ਹੀ ਗਲਤ ਸਿੱਧ ਹੁੰਦੇ ਹਨ।
- ਜਿਉਂ-ਜਿਉਂ ਉਮਰ ਵਧਦੀ ਹੈ, ਪਤਲੇ ਹੋਣਾ ਮੁਸ਼ਕਲ ਹੋਈ ਜਾਂਦਾ ਹੈ । ਵਿਆਹ ਮੌਜ਼-ਮੇਲਾ ਹੀ ਨਹੀਂ ਹੁੰਦਾ, ਇਹ ਜ਼ਿੰਦਗੀ ਭਰ ਸੁਹਿਦਰਤਾ ਅਤੇ ਕੁਰਬਾਨੀ ਨਾਲ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਵੀ ਹੁੰਦਾ ਹੈ।
- ਬੁਢਾਪੇ ਦੀ ਇਕੱਲਤਾ ਵਿਚ ਪਤੀ-ਪਤਨੀ ਦੋਹਾਂ ਲਈ, ਇਕ- ਦੂਜੇ ਦੀ ਹਾਜ਼ਰੀ ਬੜੀ ਜ਼ਰੂਰੀ ਹੁੰਦੀ ਹੈ । ਬੁਢਾਪੇ ਵਿਚ ਬਹੁਤੀਆਂ ਚੀਜ਼ਾਂ ਦੀ ਲੋੜ ਨਹੀਂ ਪੈਂਦੀ ਪਰ ਜਿਨ੍ਹਾਂ ਦੀ ਪੈਂਦੀ ਹੈ, ਉਨ੍ਹਾਂ ਦੀ ਬਹੁਤ ਪੈਂਦੀ ਹੈ।
- ਹੋਰਾਂ ਨੂੰ ਖੁਸ਼ ਕਰਨ ਦੇ ਯਤਨ ਸਫ਼ਲ ਨਹੀਂ ਹੁੰਦੇ ।
- ਜਿਹੜੇ ਸਾਨੂੰ ਪਸੰਦ ਨਹੀਂ ਕਰਦੇ, ਉਹ ਕਿਸੇ ਹਾਲਤ ਵਿਚ ਪਸੰਦ ਨਹੀਂ ਕਰਨਗੇ, ਜਿਹੜੇ ਕਰਦੇ ਹਨ, ਉਹ ਹਰ ਹਾਲ ਵਿਚ ਕਰਨਗੇ। ਆਪਣਾ ਧਿਆਨ ਆਪ ਹੀ ਰੱਖਣਾ ਪੈਂਦਾ ਹੈ । ਭਾਵਕ, ਸਰੀਰਕ, ਮਾਨਸਿਕ ਅਤੇ ਆਤਮਕ ਪੱਖੋਂ ਮਜ਼ਬੂਤ ਹੋਵੋ ਨਹੀਂ ਤਾਂ ਟੁੱਟ ਜਾਓਗੇ।
- ਕਹੋ ਜੋ ਮਰਜ਼ੀ, ਜੀਵਨ ਦੇ ਕੋਈ ਅਰਥ ਨਹੀਂ, ਸਾਰੀਆਂ ਜ਼ਰਬਾਂ- ਤਕਸੀਮਾਂ ਅਖੀਰ ਵਿਚ ਸਿਫਰ ਹੋ ਜਾਂਦੀਆਂ ਹਨ ।
- ਧੰਨਵਾਦੀ ਹੋਣਾ ਸਿੱਖਣਾ ਚਾਹੀਦਾ ਹੈ ।
- ਮੁਆਫ਼ੀ ਮੰਗਣ ਅਤੇ ਮਾਫ਼ ਕਰਨ ਨਾਲ ਸੁੱਖ ਮਿਲਦਾ ਹੈ। ਸਾਨੂੰ ਇਹੀ ਜਨਮ ਮਿਲਿਆ ਹੈ, ਜੋ ਕਰਨਾ ਹੈ, ਉਹ ਇਸੇ ਜਨਮ ਵਿਚ ਕਰੋ , ਹੋਰ ਕੋਈ ਜਨਮ ਨਹੀਂ ਮਿਲਣਾ।
- ਲਾਪਰਵਾਹੀ ਤਿਆਗੋ ਅਤੇ ਸੁਚੇਤ ਹੋ ਕੇ , ਜ਼ਿੰਮੇਵਾਰੀ ਨਾਲ ਜੀਵੋ। ਚੜ੍ਹਦੀ ਕਲਾ ਵਿਚ ਅਤੇ ਆਸਵੰਦ ਰਹਿਣ ਨਾਲ ਜ਼ਿੰਦਗੀ ਸੌਖੀ ਹੋ ਜਾਂਦੀ ਹੈ ।

• **ਨਰਿੰਦਰ ਸਿੰਘ ਕਪੂਰ**, 98158-80434

***ਗੁਰੂ 'ਚ ਈਰਖਾ, ਹੰਕਾਰ, ਵੈਰ-ਵਿਰੋਧ ਜਿਹੇ ਔਗੁਣ ਨਹੀਂ ਹੁੰਦੇ। ਉਹ ਮਾਨਵਤਾ ਦਾ ਪਾਠ ਪੜ੍ਹਾਉਂਦੇ ਹੋਏ ਦੂਜਿਆਂ ਅੰਦਰ ਚੰਗਿਆਈ ਦੀ ਜੋਤ ਜਗਾਉਂਦੇ ਹਨ...***



# ਜ਼ਿੰਦਗੀ ਬਦਲ ਦਿੰਦਾ ਹੈ ਸੂਝਵਾਨ ਗੁਰੂ

**ਹਰਪ੍ਰੀਤ ਕੌਰ ਘੁੰਨਸ**

ਮਨੁੱਖ ਜ਼ਿੰਦਗੀ 'ਚ ਵਿਚਰਦਿਆਂ ਕਈ ਸ਼ਖ਼ਸੀਅਤਾਂ ਦੇ ਸਨਮੁਖ ਹੁੰਦਾ ਹੈ। ਅਜਿਹੀਆਂ ਸ਼ਖ਼ਸੀਅਤਾਂ ਜੋ ਉਸ ਨੂੰ ਜੀਵਨ ਜਾਚ ਸਿਖਾਉਂਦੀਆਂ ਹਨ। ਇਸ ਤਰ੍ਹਾਂ ਜ਼ਿੰਦਗੀ 'ਚ ਬਹੁਤ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦਾ ਹੈ ਅਤੇ ਹਰ ਇਕ ਦਾ ਆਪਣਾ ਹੀ ਨਜ਼ਰੀਆ ਹੁੰਦਾ ਹੈ। ਅਸੀਮਿਤ ਦ੍ਰਿਸ਼ਟੀ ਬਰੀਕੀਆਂ ਚੋਂ ਵੀ ਵਿਸ਼ਾਲਤਾ ਲੱਭ ਲੈਂਦੀ ਹੈ ਤੇ ਸੀਮਿਤ ਦ੍ਰਿਸ਼ਟੀ ਨੂੰ ਸਭ ਸਾਹਮਣੇ ਹੁੰਦਿਆਂ ਹੋਇਆਂ ਵੀ ਕੁਝ ਨਜ਼ਰ ਨਹੀਂ ਆਉਂਦਾ। ਗਲਤ ਬੰਦੇ ਨੂੰ ਪਹਿਚਾਨਣ ਵਿਚ ਹੋਈ ਭੁੱਲ ਨਾਲੋਂ ਸਹੀ ਬੰਦੇ ਨੂੰ ਪਛਾਣ ਵਿਚ ਕੀਤੀ ਭੁੱਲ ਵਧੇਰੇ ਨੁਕਸਾਨਦਾਇਕ ਹੋ ਸਕਦੀ ਹੈ ਸਹੀ ਅਤੇ ਵਿਦਵਾਨ ਲੋਕ ਜ਼ਿੰਦਗੀ 'ਚ ਟਾਵੇਂ ਹੀ ਆਉਂਦੇ ਹਨਕਿਹਾ ਜਾਂਦਾ ਹੈ ਕਿ ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ ਜੋ ਗਿਆਨ ਦੇ ਦੀਵੇ ਦੁਬਾਰਾ ਅਗਿਆਨਤਾ ਦਾ ਹਨੇਰਾ ਦੂਰ ਕਰਦੀ ਹੈ। ਕਿਸੇ ਸੂਝਵਾਨ ਇਨਸਾਨ ਅਨੁਸਾਰ ਗੁਰੂ ਤਾਂ ਗੁਰੂ ਹੁੰਦਾ ਹੈ। ਇਹ ਗੱਲ ਸੱਚ ਵੀ ਹੈ ਗੁਰੂ ਦਾ ਸਥਾਨ ਸਭ ਤੋਂ ਉੱਚਾ ਹੁੰਦਾ ਹੈ ਕੋਈ ਹੋਰ ਗੁਰੂ ਦਾ ਸਥਾਨ ਨਹੀਂ ਲੈ ਸਕਦਾ। ਚੰਗੇ ਲੋਕਾਂ ਦੀ ਸੰਗਤ ਹਮੇਸ਼ਾ ਚੰਗਾ ਹੀ ਸਿਖਾਉਂਦੀ ਹੈ। ਇਤਿਹਾਸ ਦੇ ਪੰਨੇ ਫਰੋਲੀਏ ਤਾਂ ਅਜਿਹੀਆਂ ਅਨੇਕਾਂ ਉਦਾਹਰਨਾਂ ਮਿਲ ਜਾਣਗੀਆਂ ਜੋ ਗੁਰੂ ਦੇ ਤਪਸਵੀ ਅਤੇ ਮਾਰਗ ਦਰਸ਼ਕ ਹੋਣ ਬਾਰੇ ਦਸਦੀਆਂ ਹਨ। ਉਸ ਸਮੇਂ ਦੇ ਚੇਲੇ ਵੀ ਗੁਰੂ ਦੀ ਸੇਵਾ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ ਗੁਰੂਆਂ ਵਿਚ ਈਰਖਾ, ਹੰਕਾਰ, ਵੈਰ, ਵਿਰੋਧ ਜਿਹੇ ਔਗੁਣ ਨਹੀਂ ਹੁੰਦੇ। ਉਨ੍ਹਾਂ ਨੇ ਮਨ 'ਤੇ ਜਿੱਤ ਪ੍ਰਾਪਤ ਕੀਤੀ ਹੁੰਦੀ ਸੀ। ਇਸੇ ਤਰ੍ਹਾਂ ਹੀ ਉਹ ਮਾਨਵਤਾ ਦਾ ਪਾਠ ਪੜ੍ਹਾਉਂਦੇ ਹੋਏ ਦੂਜਿਆਂ ਅੰਦਰ ਚੰਗਿਆਈ ਦੀ ਜੋਤ ਜਗਾਉਣ ਦਾ ਕੰਮ ਕਰਦੇ ਹਨ।

ਅਜੋਕੇ ਸਮੇਂ ਵਿਚ ਵੀ ਕੁਝ ਵਿਦਵਾਨ ਅਜਿਹੇ ਹਨ ਜਿੰਨ੍ਹਾਂ ਨੇ ਆਪਣੇ ਅੰਦਰਲੇ ਚਾਨਣ ਨੂੰ ਜਾਣ ਲਿਆ ਹੈ। ਉਹ ਹਮੇਸ਼ਾ ਸਭ ਨਾਲ ਨਿਮਰਤਾ ਨਾਲ ਪੇਸ਼ ਆਉਂਦੇ ਹਨ, ਜਿਨ੍ਹਾਂ ਨੂੰ ਕਦੇ ਗੁੱਸੇ ਹੁੰਦੇ ਨਹੀਂ ਦੇਖਿਆ ਜਾਂਦਾ, ਉਹ ਹਮੇਸ਼ਾ ਮੁਸਕਰਾਉਂਦੇ ਹਨ। ਅਜਿਹੇ ਲੋਕਾਂ ਦੀਆਂ ਰਿਸ਼ਮਾਂ ਜਦੋਂ ਦੂਸਰਿਆਂ 'ਤੇ ਪੈਂਦੀਆਂ ਹਨ ਤਾਂ ਲੋਕ ਪ੍ਰਭਾਵਿਤ ਜ਼ਰੂਰ ਹੁੰਦੇ ਹਨ। ਇਹ ਅਜਿਹਾ ਪ੍ਰਭਾਵ ਪਾਉਂਦੇ ਹਨ ਜੋ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੰਦਾ ਹੈ। ਜਿਸ ਨਾਲ ਵਿਅਕਤੀ ਨੂੰ ਜ਼ਿੰਦਗੀ ਖ਼ੂਬਸੂਰਤ ਤੇ ਇਸ 'ਚ ਆਉਣ ਵਾਲੀਆਂ ਔਕੜਾਂ ਛੋਟੀਆਂ ਲੱਗਣ ਲੱਗ ਜਾਂਦੀਆਂ ਹਨ। ਸਿੱਖਣ ਦੇ ਚਾਹਵਾਨ ਲਈ ਸਭ ਦਰਵਾਜੇ ਖੁੱਲ੍ਹ ਜਾਂਦੇ ਹਨ ਅਤੇ ਨਾ ਸਿੱਖਣ ਵਾਲੇ ਨੂੰ ਚਾਰੇ ਪਾਸੇ ਹਨੇਰਾ ਹੀ ਨਜ਼ਰ ਆਉਂਦਾ ਹੈ।

ਬਦਲਦੇ ਜ਼ਮਾਨੇ ਵਿਚ ਸਿੱਖਣ-ਸਿਖਾਉਣ ਵਾਲੇ ਭਾਵੇਂ ਦੋਨੋਂ ਹੀ ਪੁਰਾਣੇ ਸਮਿਆਂ ਜਿਹੇ ਨਹੀਂ ਰਹੇ। ਪਰ ਅਜਿਹੇ ਲੋਕ ਵੀ ਹਨ ਜੋ ਆਪਣੇ ਗਿਆਨ ਦੀ ਜੋਤ ਨਾਲ ਚਾਰ ਪਾਸੇ ਰੌਸ਼ਨੀ ਹੀ ਰੌਸ਼ਨੀ ਕਰ ਦਿੰਦੇ ਹਨ। ਅਜਿਹੀ ਰੌਸ਼ਨੀ ਜੋ ਮਨੁੱਖ ਨੂੰ ਮਸ਼ੀਨੀ ਅਤੇ ਸੀਮਿਤ ਸੋਚ ਤੋਂ ਨਿਜ਼ਾਤ ਦਿਵਾ ਕੇ ਰੂਹਾਨੀ ਅਨੰਦ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਮਨੁੱਖ ਅੱਜ ਦੀ ਮਸ਼ੀਨੀ ਜ਼ਿੰਦਗੀ ਦੇ ਦੌਰ 'ਚ ਖਾਲੀਪਨ ਦੀ ਬਜਾਇ ਖ਼ੁਦ ਨੂੰ ਭਰਿਆ ਹੋਇਆ ਅਤੇ ਸੰਤੁਸਟ ਮਹਿਸੂਸ ਕਰਦਾ ਹੈ। ਇਹ ਮਨੁੱਖੀ ਦਿਲ 'ਚ ਪਿਆਰ ਅਤੇ ਆਪਣੇਪਣ ਦਾ ਪਾਣੀ ਪਾਉਂਦੇ ਹਨ। ਜਿਸ ਨਾਲ ਦਿਲ ਦੇ ਬੂਟੇ ਤੇ ਹਾਸੇ ਖ਼ੁਸ਼ੀਆਂ ਪਿਆਰ ਦੇ ਫੁੱਲ ਲੱਗਦੇ ਹਨ। ਫਿਰ ਇਹ ਔੜਾਂ 'ਚ ਵੀ ਮਹਿਕਾਂ ਵੰਡਣੀਆਂ ਸਿੱਖ ਲੈਂਦੇ ਹਨ।

**ਮੋਬਾਈਲ** : 9779520194



# ਨਿੱਕੀ ਜਿਹੀ ਸੂਈ ਵੱਟਵਾਂ ਧਾਗਾ...

ਔਰਤ ਇਕਹਿਰੀ ਜ਼ਿੰਦਗੀ ਦੇ ਅਨੁਭਵਾਂ 'ਚੋਂ ਗੁਜ਼ਰਦੀ, ਅਨੇਕਾਂ ਭੂਮਿਕਾਵਾਂ ਨਿਭਾਉਂਦੀ, ਮਾਨਸਿਕ ਤੌਰ 'ਤੇ ਕਈ ਭਾਵਨਾਵਾਂ ਨੂੰ ਜਨਮ ਦਿੰਦੀ ਹੈ। ਸਮਾਜਿਕ ਤੌਰ ਤੇ ਪ੍ਰਮਾਣਿਤ ਅੱਧ ਪੱਚਦੀਆਂ ਭਾਵਨਾਵਾਂ ਜ਼ਾਹਿਰ ਹੋ ਜਾਂਦੀਆਂ ਹਨ ਪਰ ਇਕ ਵਿਸ਼ਾਲ ਹਿੱਸਾ ਮਹਾਂਸਾਗਰ ਦੇ ਤਲ 'ਚ ਦੱਬੇ ਮੋਤੀਆਂ ਵਾਂਗ ਅਪਹੁੰਚ ਰਹਿੰਦਾ ਹੈ। ਅਧੁਨਿਕ ਯੁਗ ਨੇ ਔਰਤ ਦੇ ਵਿਚਾਰ ਪ੍ਰਵਾਹ ਨੂੰ ਆਪਹੁੰਦਰਾਪਨ ਦੇ ਕੇ ਕੁਝ ਹੱਦ ਤਕ ਖੁੱਲ੍ਹ ਪ੍ਰਦਾਨ ਕਰ ਦਿੱਤੀ ਹੈ ਪਰ ਪੁਰਾਤਨ ਸਮੇਂ ਮੂੰਹੋਂ ਬੋਲਣਾ ਤਾਂ ਇਕ ਪਾਸੇ ਸਿਰ ਹਿਲਾਉਣਾ ਵੀ ਮਨਜ਼ੂਰ ਨਹੀਂ ਸੀ। ਇਸ ਬਾਵਜੂਦ ਮਨੋਵਿਗਿਆਨਕ ਤੌਰ 'ਤੇ ਮਨੋਭਾਵ ਅੰਦਰ ਡੱਕੇ ਨਹੀਂ ਜਾ ਸਕਦੇ। ਇਹ ਕਿਸੇ ਨਾ ਕਿਸੇ ਮਾਧਿਅਮ ਨਾਲ ਬਾਹਰ ਜ਼ਰੂਰ ਨਿਕਲ ਦੇ ਸਨ, ਜਿਸ ਨਾਲ ਮਾਨਸਿਕ ਸੰਤੁਲਨ ਬਣਿਆਂ ਰਹਿੰਦਾ ਸੀ। ਉਸ ਸਮੇਂ ਇਨ੍ਹਾਂ ਮਨ ਦੀਆਂ ਤਹਿਆਂ 'ਚ ਦੱਬੇ ਮਨੋਭਾਵਾਂ ਦੀ ਵਿਆਖਿਆ ਕਰ ਕੇ ਲੋਕ ਗੀਤਾਂ ਨੇ ਸੋਹਣਾ ਸਹਾਰਾ ਦਿੱਤਾ। ਵੱਖ-ਵੱਖ ਮੌਕਿਆਂ 'ਤੇ ਰਚੇ, ਪੇਕੇ ਤੇ ਸਹੁਰੇ ਘਰ ਨਾਲ ਸਬੰਧਿਤ ਲੋਕ ਗੀਤ ਔਰਤ ਦੇ ਸੂਖ਼ਮ ਮਨੋਭਾਵਾਂ ਦੀ ਸਥੂਲ ਵਿਆਖਿਆ ਦੀ ਤਰ੍ਹਾਂ ਹੀ ਹਨ। ਪੇਕੇ ਘਰ ਧੀ ਦੀ ਸਭ ਤੋਂ ਵੱਧ ਪੈਰਵੀ ਸੁਹਾਗ ਕਰਦੇ ਹਨ। ਸੁਹਾਗ ਵਿਆਹ ਦੇ ਮੌਕੇ ਗਾਇਆ ਜਾਣ ਵਾਲਾ ਔਰਤਾਂ ਦਾ ਗੀਤ ਹੈ ਜਿਸ 'ਚ ਵਿਆਹ ਤੋਂ ਪਹਿਲਾਂ ਮਨ ਦੇ ਵਲਵਲਿਆਂ ਨੇ ਸ਼ਾਬਦਿਕ ਰੂਪ ਲੈ ਕੇ ਵੱਖ-ਵੱਖ ਵਿਸ਼ੇ ਛੋਹੇ ਹਨ। ਜਿਵੇਂ ਮੁਟਿਆਰ ਵਰ ਦੇ ਰੂਪ 'ਚ ਸੁੰਦਰ ਪਤੀ ਦੀ ਕਾਮਨਾ ਕਰਦੀ ਹੈ :

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜ੍ਹੀ?<br>
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ<br>
ਬਾਬਲ ਵਰ ਲੋੜੀਏ...<br>
ਬੇਟੀ, ਕਿਹੋ ਜਿਹਾ ਵਰ ਲੋੜੀਏ?<br>
ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ<br>
ਚੰਨਾਂ ਵਿੱਚੋਂ ਕਾਨ੍ਹ, ਕਨ੍ਹੱਈਆ ਵਰ ਲੋੜੀਏ...

ਇਸ ਸੁਹਾਗ 'ਚ ਬੇਟੀ ਬਾਪ ਦੇ ਵਾਰਤਾਲਾਪ ਦੁਆਰਾ ਬੇਟੀ ਬਾਬਲ ਅੱਗੇ ਮਨ ਦੀਆਂ ਪਰਤਾਂ ਖੋਲ੍ਹ ਕੇ ਰੱਖਦੀ ਹੈ ਕਿ ਉਹ ਕਿਹੋ-ਜਿਹਾ ਵਰ ਲੋਚਦੀ ਹੈ, ਜੋ ਮੂੰਹੋ ਬੋਲ ਕੇ ਕਦੇ ਵੀ ਨਹੀਂ ਕਹਿ ਸਕਦੀ। ਉਸ ਦੇ ਹਿੱਸੇ ਦੀ ਗੱਲ ਲੋਕ ਗੀਤਾਂ ਨੇ ਕਹਿ ਦਿੱਤੀ। ਬੇਟੀ ਬਾਬਲ ਰਾਜੇ ਕੋਲੋਂ ਵਰ ਹੀ ਸੋਹਣਾ ਨਹੀਂ ਲੋਚਦੀ ਸਗੋਂ ਚਾਹੁੰਦੀ ਹੈ ਕਿ ਸਹੁਰੇ ਪਰਿਵਾਰ ਦੀ ਪਿੰਡ 'ਚ ਸਰਦਾਰੀ ਹੋਵੇ ਤੇ ਘਰ-ਬਾਰ ਤਕੜਾ ਵੀ ਹੋਵੇ :

ਦੇਈਂ, ਦੇਈਂ ਵੇ ਬਾਬਲਾ ਓਸ ਘਰੇ<br>
ਜਿੱਥੇ ਬੂਰੀਆਂ ਝੋਟੀਆਂ ਸੱਠ...<br>
ਇਕ ਰਿੜਕਾਂ ਇਕ ਜਮਾਇਸਾਂ<br>
ਵੇ ਮੇਰਾ ਚਾਟੀਆਂ ਦੇ ਵਿਚ ਹੱਥ<br>
ਬਾਬਲ ਤੇਰਾ ਪੁੰਨ ਹੋਵੇ...

ਜਿੱਥੇ ਇਕ ਪਾਸੇ ਵਿਆਹ ਪ੍ਰਤੀ ਚਾਅ ਹੁੰਦਾ ਹੈ ਉੱਥੇ ਦੂਸਰੇ ਪਾਸੇ ਲਾਡਾ ਚਾਵਾਂ ਨਾਲ ਪਲੀ ਧੀ ਨੂੰ ਵਿਛੜਨ ਦਾ ਦੁੱਖ ਵੀ। ਜ਼ਿੰਦਗੀ ਦਾ ਇਕ ਸੁਨਹਿਰੀ ਹਿੱਸਾ ਬਚਪਨ ਤੋਂ ਜਵਾਨੀ ਤਕ ਬਾਬਲ ਦੇ ਵਿਹੜੇ ਗੁਜ਼ਾਰਨ ਤੋਂ ਬਾਅਦ ਵੱਖ ਹੋਣ ਦੀ ਚੀਸ ਦਾ ਉੱਠਣਾ ਸੁਭਾਵਿਕ ਹੈ। ਜਿਸ ਨੂੰ ਲੋਕ ਗੀਤ ਰਚੇਤਿਆਂ ਨੇ ਸ਼ਬਦ ਚਿੱਤਰਾਂ ਦੇ ਰੂਪ 'ਚ ਖ਼ੂਬਸੂਰਤੀ ਨਾਲ ਚਿਤਰਿਆ ਹੈ। ਜੋ ਮੌਕਾਮੇਲ ਦੇ ਹਿਸਾਬ ਨਾਲ ਬਿਲਕੁਲ ਢੁਕਵੇਂ ਹਨ :

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ<br>
ਬੈਠ ਕਸੀਦਾ ਕੱਢ ਰਹੀ ਆਂ<br>
ਆਉਂਦੇ-ਜਾਂਦੇ ਰਾਹੀ ਪੁੱਛਦੇ<br>
ਤੂੰ ਕਿਉਂ ਬੀਬੀ ਰੋ ਰਹੀ ਆਂ<br>
ਬਾਬਲ ਮੇਰੇ ਕਾਜ ਰਚਾਇਆ<br>
ਮੈਂ ਪਰਦੇਸਣ ਹੋ ਰਹੀ ਆਂ...



***ਲੜਕੀ ਦੀ ਵਿਦਾਈ ਸਮੇਂ 'ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ' ਲੋਕ ਗੀਤ ਦੀ ਧੁੰਨ ਵੱਜਦੀ ਹੈ ਤਾਂ ਲਗਪਗ ਸਾਰੀਆਂ ਔਰਤਾਂ ਦੀਆਂ ਭਾਵਨਾਵਾਂ ਅੱਖਾਂ 'ਚੋਂ ਝਲਕਦੀਆਂ ਹਨ...***

ਅਵੇਸਲੇ ਹੋਏ ਬਾਬੁਲ ਨੂੰ ਇਸ ਗੀਤ ਰਾਹੀਂ ਝੰਜੋੜ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਇਹ ਭੁੱਲ ਗਿਆ ਹੈ ਕਿ ਉਸ ਦੀ ਧੀ ਜਵਾਨ ਹੋ ਚੁੱਕੀ ਹੈ ਤੇ ਹੁਣ ਲੰਮੀਆਂ ਤਾਣ ਕੇ ਸੌਣ ਦਾ ਨਹੀਂ ਸਗੋਂ ਬੇਟੀ ਲਈ ਵਰ ਲੱਭਣ ਦਾ ਸਮਾਂ ਹੈ। ਕਿਉਂਕਿ ਸ਼ਰੀਕਾਂ ਦੇ ਤਾਹਨੇ-ਮਿਹਣੇ ਕਿਸੇ ਹਥਿਆਰ ਤੋਂ ਜ਼ਿਆਦਾ ਡੂੰਘੇਰੇ ਜ਼ਖ਼ਮ ਦਿੰਦੇ ਹਨ ਤੇ ਜਿਨ੍ਹਾਂ ਦੀ ਚੀਸ ਅਸਹਿ ਤੇ ਅਕਹਿ ਹੁੰਦੀ ਹੈ :

ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ...<br>
ਤੂੰ ਸੁੱਤਾ ਲੋਕੀਂ ਜਾਗਦੇ, ਘਰ ਬੇਟੜੀ ਹੋਈ ਮੁਟਿਆਰ...

ਵਿਆਹੀ ਜਾਣ ਮਗਰੋਂ ਸਹੁਰੇ ਘਰ ਲੜਕੀ ਇਕ ਪਤਨੀ ਇਕ ਨੂੰਹ ਦੀ ਭੂਮਿਕਾ ਨਿਭਾਉਂਦੀ ਹੈ ਅਜਿਹੀ ਮਾਨਸਿਕ ਹਾਲਤ ਨੂੰ ਵੀ ਲੋਕ ਗੀਤਾਂ ਨੇ ਆਪਣੇ ਕਲਾਵੇ ਅੰਦਰ ਲਿਆ ਹੈ ਜਿਵੇਂ ਟੱਪੇ, ਬੋਲੀਆਂ ਆਦਿ 'ਚ ਸਹੁਰੇ, ਸੱਸ, ਪਤੀ, ਨਨਾਣ, ਜੇਠ, ਦਿਓਰ ਦਾ ਜ਼ਿਕਰ ਤਾਂ ਹੈ ਹੀ, ਇਸ ਦੇ ਨਾਲ-ਨਾਲ ਆਪਣੇ ਪੇਕੇ ਘਰ ਦਾ ਮੋਹ ਵੀ ਦਿਖਾਇਆ ਗਿਆ ਹੈ। ਸੱਸ ਬਾਰੇ ਜ਼ਿਆਦਾਤਰ ਸਾਰੀਆਂ ਨੂੰਹਾਂ ਦੇ ਮਨ 'ਚ ਰਲ਼ਦੇ-ਮਿਲਦੇ ਵਿਚਾਰ ਹੀ ਹੁੰਦੇ ਹਨ। ਜਿੱਥੇ ਚਾਰ ਭਾਂਡੇ ਹੋਣਗੇ ਖੜਕਣਾ ਤਾਂ ਲਾਜ਼ਮੀ ਹੈ ਸੱਸ ਨੂੰਹ ਦੀ ਮਿੱਠੜੀ-ਮਿੱਠੜੀ ਗੱਲਬਾਤ ਹੌਲੀ-ਹੌਲੀ ਤੂੰ-ਤੂੰ, ਮੈਂ-ਮੈਂ ਦਾ ਰੂਪ ਲੈਂਦੀ ਹੈ ਤੇ ਨਿਸ਼ਾਨਾ ਪੇਕਾ ਪਰਿਵਾਰ ਹੀ ਹੁੰਦਾ ਹੈ। ਕਈ ਨੂੰਹਾਂ ਤਾਂ ਬਰਾਬਰ ਮੁਕਾਬਲੇ ਵਾਲੀਆਂ ਹੁੰਦੀਆਂ, ਫਿਰ ਸੱਸ ਨੂੰਹ ਦਾ ਮੁਕਾਵਲਾ ਆਹਮੋ-ਸਾਹਮਣੇ ਵਾਲੀ ਬੋਲੀ ਅਮਲੀ ਰੂਪ ਲੈ ਲੈਂਦੀ ਹੈ ਤੇ ਕੁਝ ਨੂੰਹਾਂ ਮੌਕਾ ਸਾਂਭ ਲੈਂਦੀਆਂ ਹਨ, ਹਊ ਪਰੇ ਕਹਿ ਕੇ ਸਹਿਣ ਕਰਨ ਦਾ ਸੁਭਾਅ ਰੱਖਦੀਆਂ ਹਨ ਪਰ ਗੁੱਸੇ ਦਾ ਭਾਵ ਬਰਾਬਰ ਹੀ ਪੈਦਾ ਹੁੰਦਾ ਹੈ। ਮਨ ਦੇ ਵਲਵਲੇ ਜੋ ਔਰਤਾਂ ਸਿੱਧੇ ਤੌਰ 'ਤੇ ਨਹੀਂ ਕਹਿ ਸਕਦੀਆਂ ਲੋਕ ਗੀਤਾ ਰਾਹੀਂ ਬਾਖੂਬੀ ਭੜਾਸ ਕੱਢੀਆਂ ਹਨ। ਗੁੱਸੇ ਦਾ ਭਾਵ ਪੇਸ਼ ਕਰਦੀ ਇਕ ਬੋਲੀ ਹੈ :

ਸੁਣ ਨੀ ਸੱਸੇ ਬਾਰਾਂ ਤਾਲੀਏ<br>
ਮੈਂ ਤੈਨੂੰ ਸਮਝਾਵਾਂ<br>
ਜਿਹੜੀ ਤੇਰੀ ਸੇਰ ਪੰਜੀਰੀ<br>
ਵਿਹੜੇ ਵਿਚ ਖਿੰਡਾਵਾਂ<br>
ਜਿਹੜੇ ਤੇਰੇ ਚਾਰ ਕੁ ਲੀੜੇ<br>
ਸਣੇ ਸੰਦੂਕ ਅੱਗ ਲਾਵਾ<br>
ਗਾਲ਼ ਭਰਾਵਾਂ ਦੀ<br>
ਮੈਂ ਨਾ ਮੁੜ ਮੁੜ ਖਾਵਾਂ...

ਕਈ ਲੋਕ ਗੀਤ ਐਸੇ ਹਨ ਜਿਨ੍ਹਾਂ ਵਿਚ ਸਹੁਰੇ ਨੂੰ ਰੱਬ ਰੂਪ ਦਰਸਾਇਆ ਗਿਆ ਹੈ ਪਰ ਕੁਝ ਲੋਕ ਗੀਤਾਂ 'ਚ ਸਹੁਰੇ ਨੂੰ ਵੀ ਲੰਮੇ ਹੱਥੀ ਲਿਆ ਗਿਆ ਹੈ। ਪੁਰਾਤਨ ਸਮੇਂ ਵੱਡਿਆਂ ਬਜ਼ੁਰਗਾਂ ਤੋਂ ਘੁੰਡ ਕੱਢਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਸੀ ਕਿਉਂਕਿ ਇਹ ਸਾਡੇ ਪੁਰਾਤਨ ਸਮਾਜ 'ਚ ਸ਼ਰਮ ਤੇ ਹਯਾ ਦਾ ਪ੍ਰਤੀਕ ਸੀ। ਜਿਸ ਨੂੰ ਔਰਤਾਂ ਦੁਆਰਾ ਇਕ ਬੰਦਿਸ਼ ਸਮਝਿਆ ਜਾਂਦਾ ਸੀ। ਜੇ ਸਹੁਰਾ ਅਚਾਨਕ ਆ ਜਾਵੇ ਤਾਂ ਉੱਪਰੋਂ ਘੁੰਡ ਨਾ ਕੱਢਿਆ ਹੋਵੇ ਤਾਂ ਆਪ ਮੁਹਾਰੇ ਮਨ 'ਚ ਇਹ ਭਾਵ ਆ ਗਿਆ ਹੋਣਾ ਏ ਤੇ ਸ਼ਾਇਦ ਇਹ ਲੋਕ ਗੀਤ ਬਣ ਗਿਆ :

ਵਿਹੜੇ ਵੜਦਾ ਖ਼ਬਰ ਨਹੀਂ ਕਰਦਾ,<br>
ਬਾਬੇ ਗਲ਼ ਟੱਲੀ ਪਾ ਦਿਉ।

ਦੂਰ ਪ੍ਰਦੇਸ 'ਚ ਕੰਮ-ਕਿਤੇ ਲਈ ਗਏ ਪਤੀ ਦੀ ਅਣਹੋਂਦ 'ਚੋਂ ਉਪਜੇ ਲੋਕ ਗੀਤ ਹੀ ਹਾਲ ਦੇ ਮਹਿਰਮ ਬਣਕੇ ਦਿਲ ਦੀ ਹੂਕ ਨਾਲ ਦੂਰ ਦੁਰਾਡੇ ਗਏ ਢੋਲਣ ਨੂੰ ਪੁਕਾਰਦੇ ਔਰਤ ਮਨ ਦੀ ਗਾਥਾ ਬਿਆਨ ਕਰਦੇ ਹਨ। ਇਹ ਚੀਸ ਢੋਲੇ, ਮਾਹੀਏ, ਟੱਪੇ, ਬੋਲੀਆਂ ਨਾਲ ਸਾਂਝ ਪਾ ਕੇ ਵੇਲੇ-ਕੁਵੇਲੇ, ਇਕਲਾਪੇ ਜਾਂ ਵਿਆਹ ਸ਼ਾਦੀ ਦੇ ਮੌਕੇ ਪਰਬਤ 'ਚੋਂ ਝਰਨੇ ਵਾਂਗ ਫੁੱਟਦੇ ਮਨ ਵਿਚਲੇ ਭਾਰ ਨੂੰ ਹੌਲ਼ਾ ਕਰਦੇ ਹਨ।

ਰਾਹੀ ਜਾਂਦਿਆ ਵੇ, ਪੀਲੂ ਖਾਂਦਿਆ ਵੇ,<br>
ਆਖੀਂ ਢੋਲਣ ਨੂੰ ਜਾ, ਦਾਖਾਂ ਪੱਕੀਆਂ ਵੇ,<br>
ਆਸਾਂ ਰੱਖੀਆਂ ਵੇ, ਢੋਲਾ ਮੁੜ ਘਰ ਆ।

ਵਿਛੋੜੇ ਦੇ ਭਾਵ 'ਚੋਂ ਨਿਕਲੇ ਲੋਕ ਗੀਤ ਅਸਿੱਧੇ ਤੌਰ ਤੇ ਨਵ-ਵਿਆਹੀ ਦੇ ਮਨ ਦੀਆਂ ਗੁਜਾਰਿਸ਼ਾਂ ਹੀ ਹਨ। ਬਹੁਤੇ ਲੋਕ ਗੀਤਾਂ 'ਚ ਮਾਹੀ ਦਾ ਸਬੰਧਿਤ ਫ਼ੌਜ ਨਾਲ ਦਰਸਾਇਆ ਗਿਆ ਹੈ। ਵੱਖ-ਵੱਖ ਵਿਭਾਗਾਂ 'ਚ ਨੌਕਰੀਆਂ ਅਧੁਨਿਕ ਯੁੱਗ ਦੀ ਹੀ ਦੇਣ ਹਨ। ਪੁਰਾਤਨ ਪੇਂਡੂ ਲੋਕ ਰੋਜ਼ੀ-ਰੋਟੀ ਤੇ ਬਾਹਰੀ ਹਮਲਿਆਂ ਤੋਂ ਦੇਸ਼ ਦੀ ਰੱਖਿਆ ਲਈ ਫ਼ੌਜ 'ਚ ਭਰਤੀ ਹੁੰਦੇ ਸਨ। ਪਰ ਪਤਨੀ ਨੂੰ ਕਿਸੇ ਕੰਮ-ਕਾਰ ਜਾਂ ਨੌਕਰੀ ਨਾਲ ਕੋਈ ਵਾਸਤਾ ਨਹੀਂ ਸੀ ਹੁੰਦਾ, ਇੱਥੋਂ ਤਕ ਕਿ ਉਹ ਤਾਂ ਇਹ ਵੀ ਚਾਹੁੰਦੀ ਹੈ ਕਿ ਪਤੀ ਸਭ ਕੰਮਕਾਰ ਛੱਡ ਕੇ ਘਰ ਵਾਪਸ ਆ ਜਾਵੇ। ਕਿਉਂਕਿ ਪ੍ਰਦੇਸੀ ਪਤੀ ਦੀ ਨੌਕਰੀ, ਪਤਨੀ ਲਈ ਉਮਰ ਕੈਦ ਬਰਾਬਰ ਹੈ ਤੇ ਘਰ ਜੇਲ੍ਹਖਾਨੇ ਤੋਂ ਘੱਟ ਨਹੀਂ।

ਬਾਂਕੇ ਸਿਪਾਹੀ ਦੀ ਚਾਂਦੀ ਦੀ ਸੋਟੀ ਵਿਚ ਚਾਂਦੀ ਦੀ ਠੋਕਰ,<br>
ਕੈਦਾਂ ਉਮਰ ਦੀਆਂ, ਕੰਤ ਜਿਨਾਂ ਦੇ ਨੌਕਰ।

ਔਰਤ ਦੇ ਵਿਸ਼ਾਲ ਹਿਰਦੇ 'ਚੋਂ ਕਦੋਂ ਕਿਹੜਾ ਭਾਵ ਉਜਾਗਰ ਹੋ ਜਾਵੇ ਇਹ ਤਾਂ ਉਸ ਨੂੰ ਵੀ ਨਹੀਂ ਪਤਾ। ਕਿਸੇ ਸਮੇਂ ਉਹ ਕਠੋਰ ਪਹਾੜ ਜਾਪਦੀ ਹੈ ਤੇ ਕਿਸੇ ਸਮੇਂ ਇਹ ਪਹਾੜ ਬਰਫ਼ ਵਾਂਗੂ ਪਿਘਲ ਨਦੀ ਦੀ ਤਰ੍ਹਾਂ ਵਹਿਣ ਲੱਗ ਜਾਂਦਾ ਹੈ। ਪਿਆਰ, ਨਫ਼ਰਤ, ਗੁੱਸੇ, ਵਿਛੋੜੇ ਤੋਂ ਇਲਾਵਾ ਔਰਤ ਦੇ ਇਕ ਹੋਰ ਭਾਵ ਵਹਿਮ ਜਾਂ ਸ਼ੱਕ ਦਾ ਜ਼ਿਕਰ ਵੀ ਕਈ ਲੋਕ ਗੀਤਾਂ 'ਚ ਵੇਖਣ ਨੂੰ ਮਿਲਦਾ ਹੈ। ਔਰਤ ਦੇ ਸ਼ੱਕ ਦੀ ਇਹ ਖ਼ਾਸੀਅਤ ਹੈ ਕਿ ਇਸ ਨੂੰ ਰੱਬ ਵੀ ਦੂਰ ਨਹੀਂ ਕਰ ਸਕਦਾ। ਔਰਤ ਮਨ ਦਾ ਸ਼ੱਕੀ ਹੋਣਾ ਸੁਭਾਵਿਕ ਹੈ ਕਿਉਂਕਿ ਇਹ ਵੀ ਪਿਆਰ ਦਾ ਇਕ ਗੁੱਝਾ ਰੂਪ ਹੀ ਹੁੰਦਾ ਹੈ ਔਰਤ ਦੇ ਇਸ ਭਾਵ ਨਾਲ ਸੰਬੰਧਿਤ ਵੀ ਲੋਕ ਗੀਤ ਦੇਖੇ ਜਾ ਸਕਦੇ ਹਨ :

ਸੱਸੇ ਤੂੰ ਸਮਝਾ ਲੈ ਪੁੱਤ ਨੂੰ , ਘਰ ਬਿਗਾਨੇ ਜਾਂਦਾ<br>
ਘਰ ਦੀ ਸ਼ੱਕਰ ਬੂਰੇ ਵਰਗੀ , ਗੁੜ ਚੋਰੀ ਦਾ ਖਾਂਦਾ...

ਲੋਕ ਗੀਤਾਂ ਨੇ ਔਰਤ ਦੇ ਮਨੋਵਿਗਿਆਨਕ ਹਾਲ ਨੂੰ ਫਰੋਲ ਕੇ ਸਾਹਮਣੇ ਲੈ ਆਂਦਾ ਹੈ। ਲੋਕ ਗੀਤਾਂ ਨੇ ਜ਼ਿੰਦਗੀ ਦਾ ਕੋਈ ਵੀ ਵਿਸ਼ਾ ਨਹੀਂ ਛੱਡਿਆ ਸਗੋਂ ਬਰੀਕੀ ਨਾਲ ਛੋਹਿਆ ਹੈ। ਇਹੋ ਕਾਰਨ ਹੈ ਕਿ ਇਹ ਅੱਜ ਵੀ ਕਈ ਲੋਕਾਂ ਨੂੰ ਯਾਦ ਹਨ। ਜਿਨ੍ਹਾਂ ਨਾਲ ਲੋਕਾਂ ਦੀ ਕਿਤੇ ਨਾ ਕਿਤੇ ਸਾਂਝ ਅੱਜ ਤਕ ਵੀ ਕਾਇਮ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਜਦੋਂ ਲੜਕੀ ਦੀ ਵਿਦਾਈ ਸਮੇਂ 'ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ' ਲੋਕ ਗੀਤ ਦੀ ਧੁੰਨ ਵੱਜਦੀ ਹੈ ਤਾਂ ਲਗਪਗ ਸਾਰੀਆਂ ਔਰਤਾਂ ਦੀਆਂ ਭਾਵਨਾਵਾਂ ਅੱਖਾਂ 'ਚੋਂ ਝਲਕਦੀਆਂ ਹਨ। ਇਸ ਤਰ੍ਹਾਂ ਅੱਜ ਵੀ ਔਰਤਾਂ ਦੇ ਮਨੋਭਾਵ ਦੀ ਵਿਆਖਿਆ ਲੋਕ ਗੀਤ ਕਰਦੇ ਹਨ।

• **ਅੰਮ੍ਰਿਤਪਾਲ ਸਿੰਘ ਸੰਧੂ**<br>
**ਮੋਬਾਈਲ** : 94649-29718

***ਸੁੰਦਰ ਦਿਖਣਾ ਸਭ ਦਾ ਹੱਕ ਹੈ ਪਰ ਖ਼ੂਬਸੂਰਤੀ ਨੂੰ ਵਧਾਉਣ ਤੇ ਖ਼ੁਦ ਨੂੰ ਸੁੰਦਰ ਦਿਖ ਦੇਣ ਦੇ ਚੱਕਰ 'ਚ ਕਈ ਵਾਰ ਅਸੀਂ ਗ਼ਲਤੀਆਂ ਕਰ ਲੈਂਦੇ ਹਾਂ, ਜਿਸ ਕਾਰਨ ਚਿਹਰੇ 'ਤੇ ਦਾਗ਼ ਪੈ ਜਾਂਦੇ ਹਨ।***

# ਅਜੋਕੀ ਨੌਜਵਾਨ ਪੀੜ੍ਹੀ ਅਤੇ ਫੈਸ਼ਨ

**ਆਂਚਲ ਬੇਦੀ**



ਅਜੋਕੀ ਨੌਜਵਾਨ ਪੀੜ੍ਹੀ ਵਿਚ ਫੈਸ਼ਨ ਦਾ ਦੌਰ ਚੱਲ ਰਿਹਾ ਹੈ। ਹਰ ਕੋਈ ਨਵੇਂ-ਨਵੇਂ ਫੈਸ਼ਨ ਨੂੰ ਅਪਨਾ ਰਿਹਾ ਹੈ। ਨੌਜਵਾਨ ਹਮੇਸ਼ਾ ਇਸ ਦਵੰਧ 'ਚ ਰਹਿੰਦੇ ਹਨ ਕਿ ਉਹ ਕਿਹੜੇ ਰੰਗ ਦੀ ਡਰੈੱਸ ਪਾਉਣ। ਕੁੜੀਆਂ ਫੈਸ਼ਨ ਅਨੁਸਾਰ ਡਰੈੱਸ ਪਾਉਂਦੀਆਂ ਹਨ। ਫੈਸ਼ਨ ਦੀ ਦੁਨੀਆ 'ਚ ਰੰਗਾਂ ਦੀ ਅਹਿਮ ਭੂਮਿਕਾ ਹੈ। ਕਿਉਂਕਿ ਚੰਗੇ ਰੰਗਾਂ ਕਾਰਨ ਹੀ ਡਰੈੱਸ ਵਧੀਆ ਲੱਗਦੀ ਹੈ। ਸਭ ਤੋਂ ਵਧੀਆ ਡਰੈੱਸ ਉਹ ਹੁੰਦੀ ਹੈ ਜੋ ਦੇਖਣ ਨੂੰ ਦਿਲਕਸ਼ ਲਗਦੀ ਹੋਵੇ। ਕੁੜੀਆਂ ਨੂੰ ਲੱਗਦਾ ਹੈ ਕਿ ਫੈਸ਼ਨ ਨਾਲ ਉਨ੍ਹਾਂ ਦੀ ਸੁੰਦਰਤਾ ਵਧ ਜਾਂਦੀ ਹੈ। ਫੈਸ਼ਨ ਨੇ ਕੁੜੀਆਂ ਉੱਪਰ ਸਭ ਤੋਂ ਵਧ ਪ੍ਰਭਾਵ ਪਾਇਆ ਹੈ। ਤੁਹਾਡੀ ਡਰੈਸਿੰਗ ਸੈਂਸ ਤੋਂ ਹੀ ਲੋਕ ਤੁਹਾਡੀ ਪਸੰਦ ਬਾਰੇ ਜਾਣਦੇ ਹਨ। ਕੁਝ ਕੁੜੀਆਂ ਪਾਰਟੀ-ਵੀਅਰ ਡਰੈੱਸ ਨੂੰ ਬਹੁਤ ਖ਼ੂਬਸੂਰਤ ਤੇ ਸਟਾਇਲਿਸ਼ ਲੁਕ 'ਚ ਪਸੰਦ ਕਰਦੀਆਂ ਹਨ।

ਕੁੜੀਆਂ ਨੂੰ ਹੈਂਡ ਬੈਗਜ਼ ਦਾ ਵੀ ਬਹੁਤ ਸ਼ੌਕ ਹੁੰਦਾ ਹੈ। ਪਰਸ ਰੱਖਣਾ ਫੈਸ਼ਨ ਦਾ ਜ਼ਰੂਰੀ ਅੰਗ ਬਣ ਗਿਆ ਹੈ। ਖ਼ੂਬਸੂਰਤ ਪਰਸ ਤੁਹਾਡੀ ਲੁਕ ਨੂੰ ਹੋਰ ਆਕਰਸ਼ਿਤ ਬਣਾਉਂਦਾ ਹੈ। ਕੁੜੀਆਂ ਆਪਣੇ ਸੂਟਾਂ ਦੇ ਹਰ ਰੰਗ ਨਾਲ ਮੇਲ ਖਾਂਦੇ ਪਰਸ ਰੱਖਣੇ ਪਸੰਦ ਕਰਦੀਆਂ ਹਨ। ਕੁੜੀਆਂ ਨੂੰ ਨਵੇਂ-ਨਵੇਂ ਡਿਜ਼ਾਈਨਾਂ ਦੀਆਂ ਜੁੱਤੀਆਂ ਖ਼ਰੀਦਣਾ ਵੀ ਬੇਹੱਦ ਪਸੰਦ ਕਰਦੀਆਂ ਹਨ। ਪਰਸ ਵਾਂਗ ਹੀ ਕੁੜੀਆਂ ਆਪਣੇ ਸੂਟਾਂ ਦੇ ਹਰ ਰੰਗ ਨਾਲ ਮਿਲਦੇ-ਜੁਲਦੇ ਰੰਗਾਂ ਵਾਲੀਆਂ ਜੁੱਤੀਆ ਪਹਿਨਣ ਨੂੰ ਵੀ ਪਹਿਲ ਦਿੰਦੀਆਂ ਹਨ। ਇਸ ਤੋਂ ਇਲਾਵਾ ਹਾਈ-ਹੀਲ ਬੂਟ ਪਾਉਣੇ ਵੀ ਅੱਜ ਕੱਲ੍ਹ ਦੀਆਂ ਕੁੜੀਆਂ ਦੀ ਪਹਿਲੀ ਪਸੰਦ 'ਚ ਸ਼ੁਮਾਰ ਹੈ। ਕੁੜੀਆਂ ਵਿਚ ਅੱਜ ਕੱਲ੍ਹ ਮਹਿੰਦੀ ਦਾ ਕਰੇਜ਼ ਵੀ ਬਹੁਤ ਵਧ ਰਿਹਾ ਹੈ। ਨਵੇਂ-ਨਵੇਂ ਸਟਾਈਲ ਦੀ ਮਹਿੰਦੀ ਲਗਾਉਣਾ ਉਨ੍ਹਾਂ ਨੂੰ ਵਧੀਆ ਲਗਦਾ ਹੈ। ਅਰੇਬੀਅਨ ਮਹਿੰਦੀ ਦਾ ਅੱਜ ਕੱਲ੍ਹ ਕਾਫੀ ਰੁਝਾਨ ਹੈ।

ਕੁੜੀਆਂ ਆਪਣੀਆਂ ਅੱਖਾਂ ਨੂੰ ਸੁੰਦਰ ਬਣਾਉਣ ਲਈ ਰੰਗੀਨ ਲੈਨਜ਼ ਦਾ ਪ੍ਰਯੋਗ ਕਰਦੀਆਂ ਹਨ ਤਾਂ ਕਿ ਅੱਖਾਂ ਦੂਜੇ ਵਿਅਕਤੀ ਨੂੰ ਆਕਰਸ਼ਿਤ ਕਰਨ। ਅੱਜ ਦਾ ਫੈਸ਼ਨ ਨੌਜਵਾਨ ਪੀੜ੍ਹੀ ਨੂੰ ਆਪਣੇ ਵੱਲ ਖਿੱਚ ਰਿਹਾ ਹੈ, ਜਿਸ ਕਾਰਨ ਨੌਜਵਾਨ ਪੀੜ੍ਹੀ ਫੈਸ਼ਨ ਦੇ ਪਿੱਛੇ ਦੀਵਾਨੀ ਹੋਈ ਪਈ ਹੈ। ਫੈਸ਼ਨ ਨੇ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ। ਹਰ ਕੁੜੀ, ਮੁੰਡਾ ਫੈਸ਼ਨ ਕਰ ਕੇ ਆਪਣੇ ਆਪ ਨੂੰ ਸੁੰਦਰ ਦਿੱਖ ਦੇਣੀ ਚਾਹੁੰਦਾ ਹੈ ਅਤੇ ਇਹ ਅੱਜ ਦੇ ਸਮੇਂ ਦੀ ਮੁੱਖ ਜ਼ਰੂਰਤ ਬਣ ਚੁੱਕਾ ਹੈ।

ਡਰੈੱਸ ਦੇ ਨਾਲ ਕੁੜੀਆਂ ਕਈ ਤਰ੍ਹਾਂ ਦੇ ਹੇਅਰ-ਸਟਾਈਲ ਵੀ ਬਣਾਉਂਦੀਆਂ ਹਨ ਤਾਂ ਕਿ ਉਹ ਹੋਰ ਸੁੰਦਰ ਦਿਖਾਈ ਦੇ ਸਕਣ। ਕੁੜੀਆਂ ਨੂੰ ਹੇਅਰ-ਸਟਾਈਲ ਦਾ ਬਹੁਤ ਸ਼ੌਕ ਹੁੰਦਾ ਹੈ। ਉਹ ਹਰ ਰੋਜ਼ ਆਪਣਾ ਹੇਅਰ-ਸਟਾਈਲ ਬਦਲਦੀਆਂ ਹਨ। ਡਰੈੱਸ ਤੇ ਮੇਕਅਪ ਤੋਂ ਇਲਾਵਾ ਕੁੜੀਆਂ ਗਹਿਣੇ ਪਾਉਣ ਦੀਆਂ ਵੀ ਬਹੁਤ ਸ਼ੌਕੀਨ ਹੁੰਦੀਆਂ ਹਨ। ਪੁਰਾਤਨ ਗ੍ਰੰਥਾਂ ਵਿਚ ਤਾਂ ਔਰਤਾਂ ਦੇ 'ਸੋਲ਼ਾਂ ਸ਼ਿੰਗਾਰ' ਦਾ ਵੀ ਜ਼ਿਕਰ ਮਿਲਦਾ ਹੈ। ਸੋਲਾਂ ਕਿਸਮ ਦੇ ਸ਼ਿੰਗਾਰਾਂ ਵਿਚ ਸਿਰ ਤੋਂ ਪੈਰਾਂ ਤਕ ਸਰੀਰ ਦੇ ਸੋਲਾਂ ਅੰਗਾਂ ਨੂੰ ਵੱਖ-ਵੱਖ ਗਹਿਣਿਆਂ ਅਤੇ ਸੁੰਦਰਤਾ ਦੇ ਹੋਰਨਾਂ ਵਸੀਲਿਆਂ ਨਾਲ ਸ਼ਿੰਗਾਰਿਆ ਜਾਂਦਾ ਹੈ, ਜਿਵੇਂ ਵਾਲਾਂ ਵਿਚ ਪਰਾਂਦਾ, ਕੰਨਾਂ ਵਿਚ ਝੁਮਕੇ ਜਾਂ ਬੁੰਦੇ, ਗਲੇ ਵਿਚ ਮਾਲਾ ਜਾਂ ਰਾਣੀ ਹਾਰ, ਹੱਥਾਂ ਦੀਆਂ ਉਂਗਲਾਂ 'ਚ ਮੁੰਦਰੀਆਂ-ਛੱਲੇ ਅਤੇ ਪੈਰਾਂ ਦੀਆਂ ਉਂਗਲਾਂ ਵਿਚ ਬਿਛੂਏ ਆਦਿ ਪਾ ਕੇ ਉਹ ਸ਼ਿੰਗਾਰ ਨੂੰ ਮੁਕੰਮਲ ਬਣਾਉਂਦੀਆਂ ਹਨ।

ਅੱਜ ਕਲ੍ਹ ਦੀਆਂ ਕੁੜੀਆਂ ਬਹੁਤ ਹੀ ਸਟਾਈਲਿਸ਼ ਗਹਿਣਿਆਂ ਦਾ ਪ੍ਰਯੋਗ ਕਰਦੀਆਂ ਹਨ। ਕੁੜੀਆਂ ਅੱਜ ਕੱਲ੍ਹ ਨਵੇਂ-ਨਵੇਂ ਡਿਜ਼ਾਈਨ ਦੇ ਸੂਟ ਪਾਉਂਦੀਆਂ ਹਨ। ਸੂਟ ਪਾਉਣ ਦੇ ਨਾਲ-ਨਾਲ ਜੀਨ ਤੇ ਟੌਪ ਵੀ ਪਾਉਂਦੀਆਂ ਹਨ। ਸਮੇਂ ਦੇ ਨਾਲ-ਨਾਲ ਲੋਕਾਂ ਨੇ ਆਪਣਾ ਪਹਿਰਾਵਾ ਵੀ ਬਦਲ ਲਿਆ ਹੈ, ਕਿਉਂਕਿ ਸਮੇਂ ਨਾਲ ਫੈਸ਼ਨ ਬਦਲਦਾ ਰਹਿੰਦਾ ਹੈ। ਅੱਜ ਦੇ ਸਮੇਂ ਵਿਚ ਫੈਸ਼ਨ ਬਹੁਤ ਜ਼ਰੂਰੀ ਹੋ ਗਿਆ ਹੈ। ਫੈਸ਼ਨ ਦਾ ਜ਼ਿਅਦਾ ਪ੍ਰਭਾਵ ਨੌਜਵਾਨ ਪੀੜ੍ਹੀ 'ਤੇ ਪੈ ਰਿਹਾ ਹੈ। ਫੈਸ਼ਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ 'ਚ ਟੈਟੂ ਬਣਵਾਉਣ ਦਾ ਕਰੇਜ਼ ਵੀ ਵਧਿਆ ਹੈ। ਬੈਕਲੈੱਸ ਟੌਪ ਪਾਉਣ ਵਾਲੀਆਂ ਕੁੜੀਆਂ ਆਪਣੀ ਪਿੱਠ 'ਤੇ ਵੀ ਟੈਟੂ ਬਣਵਾਉਂਦੀਆਂ ਹਨ। ਇਹ ਟੈਟੂ ਸਰੀਰ ਦੇ ਹੋਰਨਾਂ ਹਿੱਸਿਆਂ 'ਤੇ ਵੀ ਬਣਵਾਏ ਜਾਂਦੇ ਹਨ।

ਸੁੰਦਰ ਦਿਖਣਾ ਸਭ ਦਾ ਹੱਕ ਹੈ ਪਰ ਖ਼ੂਬਸੂਰਤੀ ਨੂੰ ਵਧਾਉਣ ਅਤੇ ਆਪਣੇ ਆਪ ਨੂੰ ਸਟਾਇਲਿਸ਼ ਲੁੱਕ ਦੇਣ ਦੇ ਚੱਕਰ 'ਚ ਕਈ ਵਾਰ ਅਸੀ ਇਸ ਤਰ੍ਹਾਂ ਦੀਆਂ ਗ਼ਲਤੀਆਂ ਕਰ ਲੈਂਦੇ ਹਾਂ ਜਿਨ੍ਹਾਂ ਕਾਰਨ ਸਾਡੇ ਚਿਹਰੇ ਉੱਪਰ ਦਾਗ਼ ਰਹਿ ਜਾਂਦੇ ਹਨ। ਇਸ ਤਰ੍ਹਾਂ ਦੀ ਗ਼ਲਤੀ ਕਿਸੇ ਕੋਲੋਂ ਵੀ ਹੋ ਸਕਦੀ ਹੈ। ਇਸ ਲਈ ਸਾਨੂੰ ਅਹਿਮ ਗੱਲਾਂ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਤਾਂ ਕਿ ਖ਼ੂਬਸੂਰਤੀ ਨੂੰ ਦਾਗ਼ ਨਾ ਲੱਗੇ।

## ਕਲਰਡ ਲੈਂਜ਼

*ਨੌਜਵਾਨ ਪੀੜ੍ਹੀ 'ਚ ਕਲਰਡ ਲੈਂਜ਼ ਦਾ ਬਹੁਤ ਜ਼ਿਆਦਾ ਕਰੇਜ਼ ਹੈ। ਆਪਣੇ ਆਪ ਨੂੰ ਸਟਾਈਲਿਸ਼ ਲੁੱਕ ਦੇਣ ਲਈ ਕਲਰਫੁੱਲ ਲੈਂਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਲੜਕੀਆਂ ਆਪਣੀ ਅੱਖਾਂ ਨੂੰ ਸਟਾਈਲਿਸ਼ ਲੁਕ ਦੇਣ ਲਈ ਆਪਣੀਆਂ ਅੱਖਾਂ ਦੀ ਸੁਰੱਖਿਆ ਦਾ ਧਿਆਨ ਨਹੀ ਰੱਖਦੀਆ। ਅੱਖਾਂ ਸਰੀਰ ਦਾ ਸਭ ਤੋ ਕੋਮਲ ਅੰਗ ਹਨ, ਕਲਰਡ ਲੈਂਜ਼ ਲਗਾਉਣ ਨਾਲ ਅੱਖਾਂ ਖ਼ਰਾਬ ਹੋ ਸਕਦੀਆਂ ਹਨ। ਇਨ੍ਹਾਂ ਕਾਰਨ ਅੱਖਾਂ ਦੀ ਰੋਸ਼ਨੀ ਘੱਟ ਸਕਦੀ ਹੈ। ਇਸ ਲਈ ਕਲਰਡ ਲੈਂਜ਼ ਨੂੰ ਬਹੁਤ ਘੱਟ ਸਮੇਂ ਲਈ ਪ੍ਰਯੋਗ ਕਰਨਾ ਚਾਹੀਦਾ ਹੈ। ਲੈਂਜ਼ ਪਾ ਕੇ ਕਦੇ ਵੀ ਸੌਣਾ ਨਹੀਂ ਚਾਹੀਦਾ।*

## ਟੈਟੂ

ਟੈਟੂ ਅੱਜ ਕੱਲ੍ਹ ਪਰਸਨਲ ਸਟੇਟੱਸ ਸਿੰਬਲ ਬਣ ਚੁੱਕਾ ਹੈ। ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ 'ਚ ਟੈਟੂ ਬਣਵਾਉਣ ਦਾ ਰੁਝਾਨ ਬਹੁਤ ਵਧ ਗਿਆ ਹੈ। ਟੈਟੂ ਨੂੰ ਜੇ ਸਹੀ ਢੰਗ ਨਾਲ ਨਾ ਬਣਵਾਇਆ ਜਾਵੇ ਤਾਂ ਇਹ ਗੰਭੀਰ ਇਨਫੈਕਸ਼ਨ ਦਾ ਕਾਰਨ ਬਣ ਸਕਦਾ ਹੈ ਤੇ ਕਈ ਵਾਰ ਇਹ ਇਨਫੈਕਸ਼ਨ ਗੰਭੀਰ ਰੋਗ ਦਾ ਰੂਪ ਵੀ ਧਾਰਨ ਕਰ ਸਕਦਾ ਹੈ। ਟੈਟੂ ਹਮੇਸ਼ਾ ਪ੍ਰੋਫੈਸ਼ਨਲ ਆਰਟਿਸਟ ਤੋਂ ਹੀ ਬਣਵਾਉਣਾ ਚਾਹੀਦਾ ਹੈ ।

## ਬਾਡੀ ਪੀਅਰਸਿੰਗ

ਨੌਜਵਾਨਾਂ 'ਚ ਅੱਜ ਕੱਲ੍ਹ ਬਾਡੀ ਪੀਅਰਸਿੰਗ ਦਾ ਨਵਾਂ ਫੈਸ਼ਨ ਚੱਲਿਆ ਹੈ। ਨੌਜਵਾਨ ਲੜਕੀਆਂ ਆਪਣੇ ਆਪ ਨੂੰ ਵਧੀਆ ਦਿੱਖ ਦੇਣ ਲਈ ਬਾਡੀ ਪੀਅਰਸਿੰਗ ਕਰਵਾਉਂਦੀਆਂ ਹਨ। ਲੜਕੇ ਵੀ ਆਪਣੇ ਆਪ ਨੂੰ ਰਾਕ-ਸਟਾਰਜ਼ ਵਰਗੀ ਦਿੱਖ ਦੇਣ ਲਈ ਪੀਅਰਸਿੰਗ ਕਰਵਾਉਂਦੇ ਹਨ। ਅੱਜ ਕੱਲ੍ਹ ਦੇ ਨੌਜਵਾਨ ਜੀਭ, ਕੰਨ ਆਦਿ 'ਚ ਛੇਕ ਕਰਵਾ ਕੇ ਵਾਲੀਆਂ ਅਤੇ ਛੋਟੇ-ਛੋਟੇ ਕਿੱਲ ਪਵਾਉਂਦੇ ਹਨ ਪਰੰਤੂ ਲੜਕੀਆਂ ਅਪਣੇ ਆਈ-ਬਰੋਅ 'ਚ ਛੇਕ ਕਰਵਾ ਕੇ ਛੋਟੇ-ਛੋਟੇ ਟਾਪਸ ਪਾਉਂਦੀਆਂ ਹਨ।

## ਹੈਵੀ-ਮੇਕਅਪ

ਸੁੰਦਰ ਦਿਖਣਾ ਹਰ ਕਿਸੀ ਦਾ ਪਲੱਸ ਪੁਆਇੰਟ ਹੁੰਦਾ ਹੈ। ਲੜਕੀਆਂ ਸੁੰਦਰ ਵਿਖਾਈ ਦੇਣ ਲਈ ਆਪਣੀ ਡਰੈੱਸ ਦੇ ਅਨੁਸਾਰ ਆਪਣੇ ਚਿਹਰੇ ਤੇ ਮੇਕਅਪ ਕਰਦੀਆਂ ਹਨ। ਕਈ ਲੜਕੀਆਂ ਬਹੁਤ ਸਾਰਾ ਮੇਕਅਪ ਕਰ ਕੇ ਆਪਣੇ ਚਿਹਰੇ ਦੀ ਕੁਦਰਤੀ ਸੁੰਦਰਤਾ ਨੂੰ ਨਸ਼ਟ ਕਰ ਲੈਂਦੀਆ ਹਨ। ਬਰਾਈਟ ਮੇਕਅਪ ਦੀ ਜਗ੍ਹਾ ਲਾਈਟ ਮੇਕਅਪ ਕਰਨਾ ਚਾਹੀਦਾ ਹੈ। ਦਿਨ ਦੇ ਸਮੇਂ ਹਲਕਾ ਮੇਕਅਪ ਕਰਨਾ ਚਾਹੀਦਾ ਹੈ। ਬਹੁਤ ਜ਼ਾਅਦਾ ਮੇਕਅਪ ਕਰਨ ਨਾਲ ਚਿਹਰੇ ਤੇ ਕਿੱਲ ਤੇ ਛਾਈਆਂ ਬਣ ਸਕਦੇ ਹਨ।

## ਮੇਕਅਪ ਸ਼ੇਅਰਿੰਗ

ਲੜਕੀਆਂ ਹਮੇਸ਼ਾ ਅਪਣਾ ਮੇਕਅਪ ਆਪਣੀਆਂ ਸਹੇਲੀਆਂ ਨਾਲ ਸ਼ੇਅਰ ਕਰਦੀਆਂ ਹਨ। ਕਿਹਾ ਜਾਂਦਾ ਹੈ ਕਿ ਦੋਸਤਾਂ ਨਾਲ ਕੋਈ ਚੀਜ਼ ਸ਼ੇਅਰ ਕਰਨੀ ਚੰਗੀ ਆਦਤ ਹੈ ਪਰ ਕਦੀ-ਕਦੀ ਇਹ ਆਦਤ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਤੁਹਾਨੂੰ ਅਪਣਾ ਆਈ ਲਾਈਨਰ, ਮਸਕਾਰਾ, ਲਪਿਸਟਿਕ, ਫੇਸ ਕਰੀਮ ਆਦਿ ਦੂਸਰਿਆਂ ਨਾਲ ਸ਼ੇਅਰ ਨਹੀਂ ਕਰਨੇ ਚਾਹੀਦੇ। ਕਿਸੇ ਦੀ ਕੰਘੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਦੇ ਨਾਲ ਵਾਲ ਝੜਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਆਈ ਲਾਈਨਰ, ਕੱਜਲ, ਮਸਕਾਰਾ ਆਦਿ ਸ਼ੇਅਰ ਕਰਨ ਨਾਲ ਅੱਖਾਂ ਸਬੰਧੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਮੇਕਅਪ ਕਰਨ ਤੋ ਪਹਿਲਾ ਆਪਣੇ ਹੱਥਾਂ ਨੂੰ ਜ਼ਰੂਰ ਧੋ ਲੈਣਾ ਚਾਹੀਦਾ ਹੈ ਤਾਂ ਕਿ ਕੀਟਾਣੂੰ ਨਾ ਫੈਲ ਸਕਣ।



**ਲੋਕ ਕਲਾਵਾਂ**

# ਬੂਟੀਆਂ ਵਾਲਾ ਝੋਲਾ

**ਬਿੰਦਰ ਸਿੰਘ ਖੁੱਡੀ ਕਲਾਂ**

ਪਰਿਵਰਤਨ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹੈ। ਸਮਾਂ ਬੀਤਣ ਦੇ ਨਾਲ ਇਨਸਾਨ ਦੇ ਰਹਿਣ-ਸਹਿਣ, ਬੋਲਣ-ਚੱਲਣ, ਖਾਣ-ਪੀਣ ਅਤੇ ਪਹਿਰਾਵੇ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਪਰਿਵਰਤਨ ਨੂੰ ਰੋਕਣਾ ਮੁਸ਼ਕਿਲ ਹੀ ਨਹੀਂ ਨਾ ਮੁਮਕਿਨ ਹੈ। ਅਸਲ ਵਿਚ ਇਹ ਪਰਿਵਰਤਨ ਇਨਸਾਨੀ ਜ਼ਿੰਦਗੀ ਦੀ ਤਰੱਕੀ ਵਿੱਚੋਂ ਉਪਜਦਾ ਹੈ। ਸੋ ਸਮੇਂ ਦੇ ਨਾਲ ਤਰੱਕੀ ਕਰ ਰਿਹਾ ਇਨਸਾਨ ਬਹੁਤ ਕੁਝ ਨਵਾਂ ਗ੍ਰਹਿਣ ਕਰਦਾ ਜਾਂਦਾ ਹੈ ਅਤੇ ਪੁਰਾਣੇ ਨੂੰ ਵਿਰਾਸਤ ਵਜੋਂ ਸੰਭਾਲੀ ਜਾਂਦਾ ਹੈ। ਇਸ ਤਰ੍ਹਾਂ ਦੇ ਪਰਿਵਰਤਨ ਦੀ ਧੂੜ ਵਿਚ ਇਨਸਾਨੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਵਸਤਾਂ ਦੇ ਨਾਲ-ਨਾਲ ਕਦਰਾਂ ਕੀਮਤਾਂ ਵੀ ਗੁਆਚ ਜਾਂਦੀਆਂ ਹਨ। ਪਰਿਵਰਤਨ ਦੀ ਧੂੜ ਵਿਚ ਗੁੰਮ ਹੋਈਆਂ ਤਮਾਮ ਵਸਤਾਂ ਵਿੱਚੋਂ ਇਕ ਹੈ ਬੂਟੀਆਂ ਵਾਲਾ ਝੋਲਾ।

ਇਸ ਬੂਟੀਆਂ ਵਾਲੇ ਝੋਲੇ ਨੂੰ ਸੁਆਣੀਆਂ ਬੜੀ ਸ਼ਿੱਦਤ ਨਾਲ ਆਪਣੇ ਹੱਥੀਂ ਤਿਆਰ ਕਰਦੀਆਂ ਸਨ। ਸੋਹਣੇ-ਸੋਹਣੇ ਰੰਗਾਂ ਵਿਚ ਕੇਸਮੈਂਟ ਦਾ ਕੱਪੜਾ ਲੈ ਕੇ ਪਹਿਲਾਂ ਉਸ ਦੇ ਝੋਲੇ ਸਿਉਣੇ ਅਤੇ ਫਿਰ ਉਸ ਝੋਲੇ ਦੇ ਰੰਗ ਨਾਲ ਫੱਬਦਾ ਧਾਗਾ ਲੈ ਕੇ ਕਢਾਈ ਕਰਨੀ। ਕਢਾਈ ਕਰਦੇ ਸਮੇਂ ਇਸ ਝੋਲੇ 'ਤੇ ਘੁੱਗੀਆਂ, ਮੋਰ ਅਤੇ ਫੁੱਲ-ਬੂਟੀਆਂ ਬਣਾ ਕੇ ਇਸ ਨੂੰ ਇਕ ਵੱਖਰਾ ਰੂਪ ਦਿੱਤਾ ਜਾਂਦਾ ਸੀ। ਇਸ ਝੋਲੇ ਨੂੰ ਫੜਨ ਲਈ ਜੋ ਤਣੀਆਂ ਲਾਈਆਂ ਜਾਂਦੀਆਂ ਉਸ ਉੱਤੇ ਵੀ ਸੁਆਣੀਆਂ ਧਾਗੇ ਨਾਲ ਫੁੰਮਣ ਆਦਿ ਲਾ ਕੇ ਇਸ ਨੂੰ ਹੋਰ ਦਿਲ ਖਿੱਚਵਾਂ ਬਣਾ ਦਿੰਦੀਆਂ ਸਨ। ਇਸ ਬੂਟੀਆਂ ਵਾਲੇ ਝੋਲੇ ਨੂੰ ਧੀ ਦੇ ਦਾਜ ਵਿਚ ਦਿੱਤੀ ਜਾਣ ਵਾਲੀ ਸੌਗਾਤ ਦਾ ਵੀ ਮਾਣ ਹਾਸਲ ਰਿਹਾ ਹੈ। ਲੜਕੀ ਦੀਆਂ ਤਾਈਆਂ, ਚਾਚੀਆਂ, ਭੂਆ ਅਤੇ ਮਾਸੀਆਂ ਵਧ ਤੋਂ ਵਧ ਕਲਾਕਾਰੀ ਕਰ ਕੇ ਇਹ ਝੋਲੇ ਦਾਜ ਵਿਚ ਪਾਉਣ ਲਈ ਲਿਆਉਂਦੀਆਂ ਤਾਂ ਜੋ ਉਨ੍ਹਾਂ ਦੇ ਹੁਨਰ ਦਾ ਚਰਚਾ ਧੀ ਦੇ ਸਹੁਰਿਆਂ ਤਕ ਵੀ ਪਹੁੰਚੇ।

ਕੁੜੀ ਵੱਲੋਂ ਚਾਈਂ ਚਾਈਂ ਦਾਜ ਵਾਲੇ ਕੱਪੜਿਆਂ ਨਾਲ ਲਿਆਂਦੇ ਇਸ ਬੂਟੀਆਂ ਵਾਲੇ ਝੋਲੇ ਵਿਚ ਪਾ ਕੇ ਹੀ ਲੈ ਕੇ ਜਾਂਦਾ ਹੁੰਦਾ ਸੀ। ਇਸ ਝੋਲੇ ਨੂੰ ਉੱਪਰੋਂ ਬੰਦ ਕਰਨ ਲਈ ਕੋਈ ਬਟਨ ਜਾਂ ਹੁੱਕ ਵਗ਼ੈਰਾ ਨਹੀਂ ਸੀ ਲੱਗੀ ਹੁੰਦੀ ਅਤੇ ਇਸ ਨੂੰ ਬੰਦ ਕਰਨ ਲਈ ਲੋਕ ਉੱਪਰੋਂ ਗੱਠ ਮਾਰ ਲੈਂਦੇ ਸਨ। ਹੱਥ ਵਿਚ ਬੂਟੀਆਂ ਵਾਲਾ ਝੋਲਾ ਫੜ ਕੇ ਸਹੁਰਿਆਂ ਤੋਂ ਘਰਵਾਲੀ ਨੂੰ ਲੈ ਕੇ ਪਰਤਦੇ ਚੋਬਰ ਦੀ ਟੌਹਰ ਵੇਖਣ ਵਾਲੀ ਹੁੰਦੀ ਸੀ। ਇਕ ਹੱਥ ਵਿਚ ਡਾਂਗ ਅਤੇ ਦੂਜੇ ਹੱਥ ਵਿਚ ਬੂਟੀਆਂ ਵਾਲਾ ਝੋਲਾ ਅਤੇ ਨਾਲ ਪਰੀਆਂ ਤੋਂ ਸੋਹਣੀ ਘਰਵਾਲੀ ਲੈ ਕੇ ਜਦੋਂ ਚੋਬਰ ਲੰਘਦਾ ਸੀ ਤਾਂ ਪਿੰਡ ਦੀਆਂ ਕੁੜੀਆਂ, ਬੁੜੀਆਂ ਖੜ੍ਹ-ਖੜ੍ਹ ਵੇਖਦੀਆਂ ਸਨ। ਇਸ ਬੂਟੀਆਂ ਵਾਲੇ ਝੋਲੇ ਉੱਪਰ ਕੀਤੀ ਬੂਟੀਆਂ ਦੀ ਕਢਾਈ ਆਪਣੇ ਆਪ ਵਿਚ ਕਲਾਕਾਰੀ ਦਾ ਉੱਤਮ ਨਮੂਨਾ ਹੁੰਦੀ ਸੀ। ਅੱਜ ਕੱਲ੍ਹ ਦੀਆਂ ਕੁੜੀਆਂ ਨੂੰ ਇਸ ਤਰ੍ਹਾਂ ਦੀ ਕਢਾਈ ਦਾ ਊੜਾ ਆੜਾ ਵੀ ਨਹੀਂ ਆਉਂਦਾ। ਇਸ ਕਢਾਈ ਵਿੱਚੋਂ ਪੰਜਾਬੀ ਜਨ ਜੀਵਨ ਦੀ ਝਲਕ ਮਿਲਦੀ ਹੁੰਦੀ ਸੀ। ਮੋਰ-ਮੋਰਨੀਆਂ ਤੋਂ ਇਲਾਵਾ ਖੂਹ ਤੋਂ ਪਾਣੀ ਭਰਦੀਆਂ ਕੁੜੀਆਂ ਇਸ ਕਢਾਈ ਵਿਚ ਪ੍ਰਮੁੱਖ ਹੁੰਦੀਆਂ ਸਨ।

ਆਧੁਨਿਕ ਕਿਸਮ ਦੇ ਬੈਗਾਂ ਦੇ ਮੁਕਾਬਲੇ ਇਹ ਦੇਸੀ ਝੋਲਾ ਵਾਤਾਵਰਨ ਦਾ ਮਿੱਤਰ ਹੁੰਦਾ ਸੀ। ਅੱਜ ਕੱਲ੍ਹ ਵਾਤਾਵਰਨ ਵਿਗਿਆਨੀ ਅਤੇ ਵਾਤਾਵਰਨ ਪ੍ਰੇਮੀ ਪੌਲੀਥੀਨ ਅਤੇ ਰੈਕਸੀਨ ਆਦਿ ਦੇ ਬੈਗਾਂ ਦੀ ਵਰਤੋਂ ਨੂੰ ਘੱਟ ਕਰ ਕੇ ਕੱਪੜੇ ਦੇ ਬੈਗ ਵਰਤਣ ਦੀ ਅਪੀਲ ਕਰ ਰਹੇ ਹਨ। ਪਰ ਆਧੁਨਿਕ ਹੋਇਆ ਇਨਸਾਨ ਵਾਤਾਵਰਨ ਵਿਗੜਨ ਜ਼ਰੀਏ ਪੈਦਾ ਹੋਣ ਵਾਲੀਆਂ ਬਿਮਾਰੀਆਂ ਤਾਂ ਕਬੂਲ ਕਰ ਸਕਦਾ ਹੈ ਪਰ ਕੱਪੜੇ ਦਾ ਝੋਲਾ ਚੁੱਕ ਕੇ ਆਪਣੀ ਸ਼ਾਨ ਨੂੰ ਖਰਾਬ ਨਹੀਂ ਕਰ ਸਕਦਾ। ਕੱਪੜੇ ਦਾ ਝੋਲਾ ਵਰਤਣ ਵਾਲਾ ਇਨਸਾਨ ਅੱਜ ਕੱਲ੍ਹ ਦੀ ਵਿਖਾਵੇ ਭਰਪੂਰ ਦੁਨੀਆਂ ਨੂੰ ਫਿੱਟ ਨਹੀਂ ਬੈਠਦਾ। ਹੋਰ ਤਾਂ ਹੋਰ ਅੱਜ ਕੱਲ੍ਹ ਬੱਚੇ ਵੀ ਸਕੂਲ ਲਈ ਕੱਪੜੇ ਦੇ ਝੋਲੇ ਦੀ ਵਰਤੋਂ ਕਰਨ ਨੂੰ ਤਿਆਰ ਨਹੀਂ। ਪੂਰੀ ਤਰ੍ਹਾਂ ਆਪਣੀ ਸਰਦਾਰੀ ਗੁਆ ਚੁੱਕਿਆ ਬੂਟੀਆਂ ਵਾਲਾ ਝੋਲਾ ਹੁਣ ਨਾ ਕੁੜੀਆਂ ਦੇ ਦਾਜ ਦਾ ਹਿੱਸਾ ਨਹੀਂ ਰਿਹਾ ਹੈ ਅਤੇ ਨਾ ਹੀ ਆਮ ਜਨ ਜੀਵਨ ਦਾ।

ਸੋ ਬੂਟੀਆਂ ਵਾਲਾ ਝੋਲਾ ਅਮੀਰ ਸੱਭਿਆਚਾਰ ਦੀ ਮੁੱਠੀ ਵਿੱਚੋਂ ਰੇਤ ਦੀ ਤਰ੍ਹਾਂ ਕਿਰ ਗਈ ਵੰਨਗੀ ਦਾ ਨਾਂ ਬਣ ਕੇ ਰਹਿ ਗਿਆ ਹੈ। ਇਹ ਉਹ ਕਰਮਾਂ ਵਾਲਾ ਝੋਲਾ ਸੀ, ਜਿਸ ਵਿਚ ਕਦੇ ਧੀ ਦੇ ਵਿਆਹ ਵਿਚ ਪਾਉਣ ਵਾਲੇ ਗਹਿਣੇ ਵੀ ਸੁਨਿਆਰੇ ਦੀ ਹੱਟੀ ਤੋਂ ਇਸ ਵਿਚ ਪਾ ਕੇ ਲਿਆਂਦੇ ਜਾਂਦੇ ਸਨ।

**ਮੋਬਾਈਲ** : 98786-05965

# ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਅਤੇ ਚਿੰਤਨ

- ਡਾ. ਹਰਜਿੰਦਰ ਸਿੰਘ ਦਿਲਗੀਰ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜ਼ੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜ਼ਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ। ਉਨ੍ਹਾਂ ਨੇ ਲੋਕਾਂ ਦੀ ਸਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਹਰ ਵੇਲੇ ਰੱਬ ਦਾ ਸ਼ੁਕਰ ਕਰਨਾ, ਉਸਨੂੰ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜੱਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਰੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਊਣੀ ਚਾਹੀਦੀ ਹੈ।




ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿੰਰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ। ਉਸਦੀ ਕਿਰਪਾ, ਮਿਹਰ, ਬਖਸ਼ਿਸ਼, ਉਸਦਾ ਪ੍ਰਸਾਦ ਹਰ ਇੱਕ ਵਾਸਤੇ ਇੱਕੋ ਜਿਹਾ ਹੈ। ਇਵੇਂ ਹੀ ਉਸਦਾ ਇਨਸਾਫ ਹਰ ਇੱਕ ਵਾਸਤੇ ਇੱਕੋ ਜਿਹਾ ਹੈ। ਪਰ ਜਿੰਨਾ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫਰਤ ਵੰਡਦੇ ਹਨ ਉਹ ਰੱਬ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਂਝ ਅਜਿਹੇ ਸ਼ਖਸ ਵੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ? ***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਗ੍ਰਿਹਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ।

ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁੱਖੀ ਸਨ ਜਿੰਨਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋ ਹੀ ਮੌਜੂਦ ਹੈ।

# ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

ਜਸਮੀਨ ਕੌਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥

ਭਾਈ ਗੁਰਦਾਸ ਜੀ ਅਨੁਸਾਰ :

ਬਾਬਾ ਦੇਖੈ ਧਿਆਨ ਧਰਿ ਜਲਤੀ
ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁੰ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਗੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ।

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ ॥

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਨ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਆਪ ਦਾ ਪਾਵਨ ਫ਼ਰਮਾਨ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਇਸੇ ਤਰ੍ਹਾਂ ਆਪ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ :

ਨੀਚਾ ਅੰਦਰਿ ਨੀਚ
ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ, ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਸੰਨਿਆਸੀ ਘਰ-ਬਾਰ ਤਿਆਗ ਕੇ, ਵਿਹਲੇ ਰਹਿ ਕੇ, ਭਿਖਿਆ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਸਨ। ਸੋ ਇਕ ਤਰ੍ਹਾਂ ਇਨ੍ਹਾਂ ਵਿਹਲੜ ਲੋਕਾਂ ਦੀ ਕਰਮਹੀਣਤਾ ਨੇ ਹੀ ਇਸ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ। ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਿਹਸਥ ਨੂੰ ਪ੍ਰਮੁੱਖਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਸਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਕਰਨ ਨੂੰ ਨਿੰਦਿਆ ਅਤੇ ਗ੍ਰਿਹਸਥ ਵਿਚ ਰਹਿ ਕੇ, ਸੇਵਾ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ।

ਉਨ੍ਹਾਂ ਦੇ ਦਰਸਾਏ ਉਪਰੋਕਤ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੀ ਮਨੁੱਖ-ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਜਨਤਾ ਦਾ ਸਹੀ ਮਾਰਗ-ਦਰਸ਼ਨ ਕਰਕੇ, ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜਿਹੜੇ ਅਜੋਕੇ ਯੁੱਗ ਵਿਚ ਵੀ ਸਦੀਵੀ ਸੇਧ ਦੇਣ ਵਾਲੇ ਹਨ। ਆਓ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਉੱਤੇ ਗੁਰੂ ਸਾਹਿਬ ਦੀ ਸਰਬਸਾਂਝੀ ਸਿੱਖਿਆ ਨੂੰ ਮਨ-ਬਚਨ ਅਤੇ ਕਰਮ ਕਰਕੇ ਧਾਰਨ ਕਰਦੇ ਹੋਏ ਇਹ ਲੋਕ ਸੁਖੀਆ ਅਤੇ ਪਰਲੋਕ ਸੁਹੇਲਾ ਬਣਾਈਏ।

# ਗੁਰੂ ਨਾਨਕ ਦੇਵ ਜੀ ਇਕ ਮਹਾਨ ਯੁਗ ਪੁਰਸ਼

ਪ੍ਰਾਚੀਨ ਸਮਿਆਂ ਤੋਂ ਲੈ ਕੇ ਹੁਣ ਤਕ ਭਾਰਤ ਰਿਸ਼ੀਆਂ ਤੇ ਸੰਤਾਂ ਦਾ ਘਰ ਰਿਹਾ ਹੈ। ਜਿਹੜੇ ਸਮੇਂ -ਸਮੇਂ ਭੁਲੜ ਮਨੁੱਖਤਾ ਨੂੰ ਚਾਨਣ ਵਿਖਾਉਂਦੇ ਰਹੇ ਹਨ। ਇਸ ਸੰਬੰਧ ਵਿਚ ਸਾਨੂੰ ਆਪਣੇ ਪਿਛੋਕੜ ਤੇ ਝਾਤੀ ਮਾਰਨ ਦੀ ਲੋੜ ਹੈ। ਅਸੀਂ ਉੱਚਿਤ ਰੂਪ ਵਿਚ ਆਪਣੀਆਂ ਪਰੰਪਰਾਵਾਂ ਤੇ ਆਪਣੇ ਆਦਰਸ਼ਾਂ ਦੀ ਕਦਰ ਕਰਦੇ ਹਾਂ। ਕਿਉਂਕਿ ਉਹ ਸਾਡੀ ਮੂਲ ਸਭਿਆਚਾਰਕ ਏਕਤਾ ਵਿਚ ਭਾਰੀ ਹਿੱਸਾ ਪਾਉਂਦੇ ਹਨ ਤੇ ਸਾਨੂੰ ਜੀਵਨ ਦੀਆਂ ਅਧਿਆਤਿਮਕ ਤੇ ਨੈਤਿਕ ਕਦਰਾਂ ਨੂੰ ਸਮਝਣ ਵਿਚ ਸਹਾਇਤਾ ਦਿੰਦੇ ਹਨ। ਸਾਡੀ ਰਾਸ਼ਟਰੀ ਜੀਵਨ ਵਿਚ ਧਰਮ ਦੀ ਭਾਰੀ ਮਹੱਤਤਾ ਹੈ। ਨਾਲੇ ਇਹ ਗੱਲ ਵੀ ਖਾਸ ਤੌਰ ਤੇ ਯਾਦ ਰੱਖਣ ਵਾਲੀ ਹੈ ਕਿ ਭਾਰਤ ਬਹੁਤ ਸਾਰੇ ਧਰਮਾਂ ਦਾ ਘਰ ਰਿਹਾ ਹੈ ਤੇ ਏਥੇ ਵੱਖ ਵੱਖ ਧਰਮਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। ਨਾਲ ਹੀ ਸਾਨੂੰ ਤਸਵੀਰ ਦਾ ਦੂਜਾ ਪਾਸਾ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਧਰਮਾਂ, ਰੀਤੀਆ ਤੇ ਪੱਕੀਆਂ ਪੀਡੀਆਂ ਪਿਰਤਾਂ ਉੱਤੇ ਆਧਾਰਿਤ ਜਾਤ ਪਾਤ ਦੀਆਂ ਵੰਡੀਆਂ ਨੇ ਕਈ ਵਾਰ ਲੋਕਾਂ ਦੇ ਦਿਲ ਢਾਹੇ ਹਨ ਤੇ ਸਮਾਜ ਨੂੰ ਛੋਟੇ ਛੋਟੇ ਬਨਾਉਟੀ ਹਲਕਿਆਂ ਦਰ ਹਲਕਿਆਂ ਵਿਚ ਵੰਡ ਕੇ ਰੱਖ ਦਿਤਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕਈ ਸਮੇਂ ਅਜਿਹੇ ਆਏ ਹਨ ਜਦੋਂ ਲੋਕਾਂ ਦੀ ਦ੍ਰਿਸ਼ਟੀ ਸਉੜੀ ਹੋ ਗਈ ਤੇ ਵਹਿਮਾਂ ਨੇ ਉਨ੍ਹਾਂ ਦੀ ਨਿਰਣੇ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ। ਲੋਕ ਨਾਬਰਾਬਰੀਆਂ ਤੇ ਅਯੋਗਤਾਵਾਂ ਦੇ ਸ਼ਿਕਾਰ ਹੋ ਗਏ। ਸਮਾਜ ਗਿਰਾਵਟ ਵਿਚ ਆ ਗਿਆ ਤੇ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਵਲੋਂ ਲੁਟ ਖਸੁਟ ਹੋਣ ਲਗੀ। ਅੰਦਰਲੀ ਖਹਿਬੜ ਤੇ ਖਿਚੋਤਾਣ ਨੇ ਸਾਡੀ ਉੱਨਤੀ ਦੀ ਰਾਹ ਵਿਚ ਰੁਕਾਵਟ ਪਾ ਦਿਤੀ। ਜਦੋਂ ਵੀ ਅਜਿਹਾ ਸਮਾਂ ਆਇਆ ਓਦੋਂ ਵਿਦੇਸ਼ੀਆਂ ਲਈ ਮੌਕਾ ਸੀ ਕਿ ਉਹ ਸਾਡੇ ਤੇ ਹਮਲਾ ਕਰਨ ਤੇ ਸਾਡੀ ਆਜ਼ਾਦੀ ਖੋਹ ਲੈਣ। ਇਹ ਦੁਖਾਂਤ ਕਹਾਣੀ ਭਾਰਤ ਵਿਚ ਵਾਰ ਵਾਰ ਦੁਹਰਾਈ ਗਈ। ਨਿਰਾਸ਼ਤਾ ਦੇ ਵਾਤਾਵਰਣ ਵਿਚ ਇਕ ਆਸ ਦੀ ਕਿਰਨ ਇਹ ਰਹੀ ਹੈ ਕਿ ਸਮੇਂ ਸਮੇਂ ਮਹਾਨ ਸੰਤ ਤੇ ਸੁਧਾਰਕ ਪ੍ਰਗਟ ਹੁੰਦੇ ਰਹੇ। ਉਨ੍ਹਾਂ ਸਮੁੱਚੇ ਦੇਸ਼ ਦੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਇਆ ਤੇ ਲੋਕਾਂ ਨੂੰ ਨਿਕੰਮੇ ਰਸਮਾਂ ਰਿਵਾਜਾਂ ਵਲੋਂ ਮੋੜਿਆ। ਉਨ੍ਹਾਂ ਆਮ ਜਨਤਾ ਵਿਚ ਭਾਰੀ ਜਾਗ੍ਰਿਤੀ ਲਿਆਂਦੀ, ਉਨ੍ਹਾਂ ਨੂੰ ਧਰਮ ਦੇ ਨਾਂ ਤੇ ਹੋ ਰਹੀਆਂ ਕੁਰੀਤੀਆਂ ਤੋਂ ਹਟਾਇਆ ਤੇ ਵਿਸ਼ਵ ਪ੍ਰੇਮ ਤੇ ਮਾਨਵ ਵਾਦ ਦਾ ਸੁਨੇਹਾ ਦੇ ਕੇ ਉਨ੍ਹਾਂ ਵਿਚ ਏਕਤਾ ਲਿਆਂਦੀ। ਇਹ ਇਕ ਖਾਸ ਧਿਆਨ ਯੋਗ ਗੱਲ ਹੈ ਕਿ ਸਾਡੇ ਸਾਰੇ ਰਿਸ਼ੀ ਮੁਨੀ ਤੇ ਮਹਾਤਮਾ ਨਾਲ ਹੀ ਧਾਰਮਕ ਤੇ ਸਮਾਜਕ ਸੁਧਾਰਕ ਵੀ ਸਨ। ਇਸ ਤਰ੍ਹਾਂ ਨਿਰਾਸਤਾ ਦੇ ਹਨੇਰੇ ਵਿਚ ਭਟਕ ਰਹੇ ਲੋਕਾਂ ਨੂੰ ਚਾਨਣ ਵਿਖਾਉਣ ਵਾਲੇ ਮਹਾਂ ਪੁਰਸ਼ਾਂ ਵਿਚ ਗੌਤਮ ਬੁੱਧ, ਰਾਮਾਨੰਦ, ਸੰਤ ਕਬੀਰ, ਗੁਰੂ ਨਾਨਕ ਸ਼ਾਮਲ ਹਨ। ਭਾਰਤ ਵਿਚ ਧਾਰਮਕ ਨੇਤਾਵਾਂ ਤੇ ਸਮਾਜਕ ਸੁਧਾਰਕਾਂ ਦੀ ਇਕ ਅਟੁੱਟ ਲੜੀ ਦੇ ਇਹ ਸਾਰੇ ਚਮਕਦਾਰ ਮੋਤੀ ਹਨ।

ਇਹ ਸਾਲ ਸਿੱਖ ਧਰਮ ਦੇ ਬਾਨੀ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸੈਂਤੀ ਸਾਲਾ ਪ੍ਰਕਾਸ਼ ਉਤਸਵ ਦਾ ਸਾਲ ਹੈ। ਉਹ ਕੇਵਲ ਇਕ ਧਰਮ ਦੇ ਬਾਨੀ ਹੀ ਨਹੀਂ ਸਨ ਸਗੋਂ ਇਕ ਜਗਤ ਗੁਰੂ ਸਨ, ਦਾਰਸ਼ਨਿਕ ਸਨ ਤੇ ਸਭ ਤੋਂ ਵੱਧ ਇਕ ਮਹਾਨ ਸਮਾਜ ਸੁਧਾਰਕ ਸਨ। ਜਿਸ ਯੁੱਗ ਵਿਚ ਗੁਰੂ ਨਾਨਕ ਦਾ ਪ੍ਰਕਾਸ਼ ਹੋਇਆ ਓਦੋਂ ਭਾਰਤੀ ਸਮਾਜ ਭਾਰੀ ਪਤਨ ਦੀ ਹਾਲਤ ਵਿਚ ਸੀ, ਉਸ ਉਤੇ ਜਾਤ ਪਾਤ ਦਾ ਤਕੜਾ ਜੱਫਾ ਸੀ ਤੇ ਉਹ ਆਪਣੇ ਆਪ ਨੂੰ ਆਪੇ ਖਤਮ ਕਰ ਰਿਹਾ ਸੀ। ਇਸ ਤੋਂ ਇਲਾਵਾ ਉਸ ਸਮੇਂ ਦੀ ਰਾਜਸੀ ਹਾਲਤ ਹੋਰ ਵੀ ਚਿੰਤਾਜਨਕ ਤੇ ਨਿਰਾਸ ਕਰਨ ਵਾਲੀ ਸੀ। ਦੇਸ਼ ਦੇ ਵੱਡੇ ਹਿੱਸਿਆਂ ਤੇ ਵਿਦੇਸ਼ੀ ਹਮਲਾਆਵਰਾਂ ਦਾ ਰਾਜ ਸੀ ਜਿਹੜੇ ਆਪਣੇ ਲਾਭਾਂ ਲਈ ਲੋਕਾਂ ਨੂੰ ਲੁੱਟ ਰਹੇ ਸਨ। ਲੋਕਾਂ ਵਿਚ ਫੁਟ ਸੀ ਤੇ ਉਹ ਸਮਾਜਕ ਤੇ ਰਾਜਸੀ ਅਤਿਆਚਾਰਾਂ ਹੇਠ ਕਰਾਹ ਰਹੇ ਸਨ। ਗੁਰੂ ਨਾਨਕ ਨੇ ਇਸ ਹਨੇਰੇ ਨੂੰ ਦੂਰ ਕਰਨ ਦਾ ਯਤਨ ਕੀਤਾ ਤੇ ਮਨੁਖਤਾ ਨੂੰ ਆਸ ਤੇ ਵਿਸ਼ਵਾਸ ਦਾ ਸੁਨੇਹਾ ਦਿਤਾ।

ਗੁਰੂ ਨਾਨਕ ਦੀ ਸ਼ਖ਼ਸੀਅਤ ਬਹੁ ਪੱਖੀ ਸੀ ਰਹਿਸਵਾਦੀ, ਸੰਤ, ਕਵੀ ਤੇ ਸੁਧਾਰਕ। ਏਥੇ ਅਸੀਂ ਇਕ ਸਮਾਜ ਸੁਧਾਰਕ ਤੇ ਯੁਗ ਪੁਰਸ਼ ਦੇ ਰੂਪ ਵਿਚ ਉਨ੍ਹਾਂ ਦੇ ਕੰਮ ਤੇ ਹੀ ਵਿਚਾਰ ਕਰ ਰਹੇ ਹਾਂ। ਉਨ੍ਹਾਂ ਦੂਰ ਦੂਰ ਤਕ ਸਫਰ ਕੀਤਾ ਤੇ ਆਪਣਾ ਇਹ ਸੁਨੇਹਾ ਹਰ ਥਾਂ ਪਹੁੰਚਾਇਆ ਕਿ ਰੱਬ ਇਕ ਹੈ। ਸਾਰੇ ਮਨੁੱਖ ਆਪੋ ਵਿਚ ਭਰਾ ਹਨ ਤੇ ਸਭ ਨੂੰ ਆਪੋ ਵਿਚ ਪ੍ਰੇਮ ਤੇ ਸਹਿਣ ਸ਼ੀਲਤਾ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਮਨੁੱਖ ਨੂੰ ਦੁਨੀਆਂ ਵਿਚ ਭਰਪੂਰ ਜੀਵਨ ਜੀਊਣਾ ਚਾਹੀਦਾ ਹੈ ਪਰ ਆਪਣੇ ਆਪ ਨੂੰ ਸੰਸਾਰ ਦੀ ਮੋਹ ਮਾਇਆ ਤੋਂ ਓਸੇ ਤਰ੍ਹਾਂ ਨਿਰਲੇਪ ਰੱਖਣਾ ਚਾਹੀਦਾ ਹੈ ਜਿਸ ਤਰ੍ਹਾਂ ਕੰਵਲ ਦਾ ਫੁੱਲ ਆਪਣੇ ਆਪ ਨੂੰ ਰੱਖਦਾ ਹੈ। ਗੁਰੂ ਨਾਨਕ ਨਾਮ ਜਪਣ ਤੇ ਵਾਹਿਗੁਰੂ ਦੀ ਇਛਿਆ ਅਨੁਸਾਰ ਚੱਲਣ ਦੇ ਨਾਲ ਨਾਲ ਨੇਕ ਵਿਹਾਰ ਰੱਖਣ ਤੇ ਵੀ ਜ਼ੋਰ ਦਿੰਦੇ ਸਨ। ਉਹ ਸਮਝਦੇ ਹਨ ਕਿ ਸਾਰੇ ਮਨੁੱਖ ਇਕ ਈਸ਼ਵਰ ਦੇ ਬੱਚੇ ਹਨ ਤੇ ਇਸ ਲਈ ਆਪੋ ਵਿਚ ਭਰਾਵਾਂ ਵਾਂਗ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਇਹ ਇਕ ਪੱਕੀ ਨੀਂਹ ਸੀ ਜਿਹੜੀ ਗੁਰੂ ਨਾਨਕ ਨੇ ਰਖੀ। ਗੁਰੂ ਨਾਨਕ ਨਾ ਕੱਟੜ ਪੰਥੀ ਸਨ ਤੇ ਨਾ ਹੀ ਜਨੂੰਨੀ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਰੇ ਧਰਮ ਬੁਨਿਆਦੀ ਤੌਰ ਤੇ ਸੱਚੇ ਹਨ। ਉਨ੍ਹਾਂ ਕਿਸੇ ਨੂੰ ਵੀ ਆਪਣਾ ਧਰਮ ਛੱਡਣ ਲਈ ਨਹੀਂ ਕਿਹਾ। ਗੁਰੂ ਮਹਾਰਾਜ ਦੀਆਂ ਨਜ਼ਰਾਂ ਵਿਚ ਕੋਈ ਹਿੰਦੂ, ਮੁਸਲਮਾਨ ਨਹੀਂ ਸੀ ਸਭ ਕੇਵਲ ਮਨੁੱਖ ਸਨ। ਉਹ ਕਿਸੇ ਊਚ ਨੀਚ ਨੂੰ ਨਹੀਂ ਸਨ ਮੰਨਦੇ ਸਗੋਂ ਸਭ ਨੂੰ ਬਰਾਬਰ ਸਮਝਦੇ ਸਨ। ਉਨ੍ਹਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਹੋਈ ਸੀ ਤੇ ਉਹ ਨਿਮਰਤਾ ਨੂੰ ਨੇਕੀ ਤਾ ਤੱਤ ਸਮਝਦੇ ਸਨ ।ਜਾਤ ਪਾਤ ਤੇ ਛੂਤ ਛਾਤ ਦੀਆਂ ਲਾਹਨਤਾਂ ਤੋਂ ਸਾਡਾ ਸਮਾਜ ਅੱਜ ਵੀ ਪੀੜਤ ਹੈ। **ਸ. ਊਜਲ ਸਿੰਘ**

# ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

ਅਵਤਾਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥***
***ਹਉ ਭਾਲਿ ਵਿਕੁੰਨੀ ਹੋਈ ॥***
***ਆਧੇਰੈ ਰਾਹੁ ਨ ਕੋਈ ॥***

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

***ਖੁਰਾਸਾਨ ਖਸਮਾਨਾ ਕੀਆ***
***ਹਿੰਦੁਸਤਾਨੁ ਡਰਾਇਆ ॥***
***ਆਪੈ ਦੋਸੁ ਨ ਦੇਈ ਕਰਤਾ***
***ਜਮੁ ਕਰਿ ਮੁਗਲੁ ਚੜਾਇਆ ॥***
***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ ॥***

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਨ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ।



ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ।

ਇਸੇ ਤਰ੍ਹਾਂ ਆਪ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ।

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ, ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਸੰਨਿਆਸੀ ਘਰ-ਬਾਰ ਤਿਆਗ ਕੇ, ਵਿਹਲੇ ਰਹਿ ਕੇ, ਭਿਖਿਆ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਸਨ। ਸੋ ਇਕ ਤਰ੍ਹਾਂ ਇਨ੍ਹਾਂ ਵਿਹਲੜ ਲੋਕਾਂ ਦੀ ਕਰਮਹੀਣਤਾ ਨੇ ਹੀ ਇਸ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ। ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਿਹਸਥ ਨੂੰ ਪ੍ਰਮੁੱਖਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਸਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਕਰਨ ਨੂੰ ਨਿੰਦਿਆ ਅਤੇ ਗ੍ਰਿਹਸਥ ਵਿਚ ਰਹਿ ਕੇ, ਸੇਵਾ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ :

***ਨਾਨਕ ਸਤਿਗੁਰਿ ਭੇਟਿਐ***
***ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ ਪੈਨੰਦਿਆ***
***ਖਾਵੰਦਿਆ ਵਿਚੇ ਹੋਵੈ ਮੁਕਤਿ ॥***

ਗੁਰੂ ਜੀ ਅਨੁਸਾਰ ਪਵਿੱਤਰ ਕਮਾਈ ਉਹੀ ਹੈ, ਜਿਹੜੀ ਤਨਦੇਹੀ ਨਾਲ ਮਿਹਨਤ ਕਰਕੇ ਕੀਤੀ ਗਈ ਹੋਵੇ। ਉਨ੍ਹਾਂ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦਿਆਂ ਫ਼ੁਰਮਾਇਆ :

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥***

ਉਨ੍ਹਾਂ ਦੇ ਦਰਸਾਏ ਉਪਰੋਕਤ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੀ ਮਨੁੱਖ-ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਜਨਤਾ ਦਾ ਸਹੀ ਮਾਰਗ-ਦਰਸ਼ਨ ਕਰਕੇ, ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜਿਹੜੇ ਅਜੋਕੇ ਯੁੱਗ ਵਿਚ ਵੀ ਸਦੀਵੀ ਸੇਧ ਦੇਣ ਵਾਲੇ ਹਨ।

# ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਇਆ

- ਡਾ. ਅਮਨਦੀਪ ਕੌਰ ਬਰਾੜ

ਗੁਰੂ ਨਾਨਕ ਦੇਵ ਜੀ ਨੇ ਜੋ ਸੰਦੇਸ਼ ਲੋਕਾਂ ਨੂੰ ਤਾਰਨ ਲਈ ਦਿੱਤਾ ਉਹ ਮਾਨਵ ਧਰਮ ਦਾ ਹੈ, ਜਿਸ ਦਾ ਆਧਾਰ ਮਾਨਵ ਪ੍ਰੇਮ ਅਤੇ ਸਹਿਹੋਂਦ ਹੈ। ਗੁਰੂ ਸਾਹਿਬ ਦੇ ਪਿਆਰ ਦੇ ਪੈਗ਼ਾਮ ਨੇ ਪੰਜਾਬ ਵਿਚ ਸਹਿਨਸ਼ੀਲਤਾ ਅਤੇ ਸ਼ਾਂਤੀ ਦਾ ਵਾਤਾਵਰਣ ਪੈਦਾ ਕੀਤਾ।

ਗੁਰੂ ਨਾਨਕ ਦੇਵ ਜੀ ਦਾ ਸਮਾਂ (1469-1539) ਭਾਰਤੀ ਇਤਿਹਾਸ ਵਿਚ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਅਧੋਗਤੀ ਦੀ ਹਾਲਤ ਵਿਚ ਸੀ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੂੰ ਸਮਕਾਲੀ ਇਤਿਹਾਸਕ ਵਾਸਤਵਿਕਤਾ ਦਾ ਪੂਰਾ ਅਹਿਸਾਸ ਸੀ। ਗੁਰੂ ਨਾਨਕ ਬਾਣੀ ਇਸ ਤੱਤ ਦਾ ਪ੍ਰਮਾਣ ਹੈ ਕਿ ਗੁਰੂ ਸਾਹਿਬ ਆਪਣੇ ਸਮੇਂ ਦੇ ਬੇਚੈਨੀ, ਬਦਅਮਨੀ, ਭ੍ਰਿਸ਼ਟਾਚਾਰ, ਜ਼ੁਲਮ ਅਤੇ ਤਣਾਓ ਦੇ ਮਾਹੌਲ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਅਤੇ ਉਨ੍ਹਾਂ ਨੂੰ ਦੁਖੀ ਮਾਨਵਤਾ ਦੇ ਕਲਿਆਣ ਦੀ ਡੂੰਘੀ ਚਿੰਤਾ ਸੀ ਇਸੇ ਚਿੰਤਨ ਵਿਚੋਂ ਉਨ੍ਹਾਂ ਦੇ ਮਾਨਵ ਧਰਮ ਦੇ ਸੰਕਲਪ ਦਾ ਨਿਕਾਸ ਹੁੰਦਾ ਹੈ। ਗੁਰੂ ਸਾਹਿਬ ਦੇ ਸਮੇਂ ਹਿੰਦੂ ਸਮਾਜ, ਵੈਦਿਕ ਮਾਨਵ ਧਰਮ ਸ਼ਾਸਤਰ ਦੀਆਂ ਲੀਹਾਂ ਤੇ ਚੱਲ ਰਿਹਾ ਸੀ। ਜਿਸ ਵਿਚ ਮਨੁੱਖੀ ਆਚਰਨ ਦੇ ਨਿਯਮ, ਜਾਤਪਾਤ ਅਤੇ ਵਰਣ ਵਿਵਸਥਾ ਦੀਆਂ ਸੀਮਾਵਾਂ ਤੇ ਮੁਹਥਾਜ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਮਾਨ ਹਿਤਕਾਰੀ ਰਹੱਸਵਾਦ ਨੂੰ ਬਾਣੀ ਰਾਹੀਂ ਪ੍ਰਗਟ ਕਰਕੇ ਲੋਕਾਂ ਨੂੰ ਦੁੱਖਾਂ ਦੇ ਘੇਰੇ ਚੋਂ ਕੱਢਣ ਦਾ ਯਤਨ ਕੀਤਾ ਅਤੇ ਆਤਮਿਕ ਸ਼ਕਤੀ ਦੀ ਪ੍ਰੇਰਨਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਮਨੋਬਲ ਨੂੰ ਮਜ਼ਬੂਤ ਕੀਤਾ। ਬਾਣੀ ਰਾਹੀਂ ਗੁਰੂ ਸਾਹਿਬ ਨੇ ਭਾਰਤੀ ਸਭਿਆਚਾਰ ਦੇ ਖੇਤਰ ਵਿਚ ਇਕ ਨਵੀਂ ਨਿਵੇਕਲੀ ਵਿਚਾਰਧਾਰਾ ਦੀ ਨੀਂਹ ਰੱਖੀ। ਅਸਲ ਵਿਚ ਗੁਰੂ ਨਾਨਕ ਬਾਣੀ ਮਾਨਵੀ ਏਕਤਾ ਦਾ ਸੁਨੇਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਿਸ ਬੁਨਿਆਦ ਤੇ ਆਪਣੇ 'ਮਾਨਵ ਧਰਮ' ਦੇ ਸੰਕਲਪ ਦੀ ਉਸਾਰੀ ਕੀਤੀ ਉਸ ਵਿਚ ਕਰਤਾ ਪੁਰਖ ਪ੍ਰਮਾਤਮਾ ਦਾ ਸ੍ਰੇਸ਼ਠ ਸਥਾਨ ਹੈ। ਉਸ ਦੀ ਰਚੀ ਸ੍ਰਿਸ਼ਟੀ ਦੀ ਸਚਾਈ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਸਮੁੱਚੇ ਚਿੰਤਨ ਦਾ ਧੁਰਾ ਪ੍ਰੇਮ ਹੈ-ਪ੍ਰਭੂ ਪ੍ਰੇਮ ਅਤੇ ਮਾਨਵ ਪ੍ਰੇਮ ਗੁਰੂ ਨਾਨਕ ਦੇਵ ਜੀ ਨੇ ਮਾਨਵ ਧਰਮ ਦੇ ਵਿਧਾਨ ਵਿਚ ਇਕ ਪ੍ਰਮਾਤਮਾ ਦੇ ਸਿਧਾਂਤ ਨੂੰ ਮਨੁੱਖੀ ਭਾਈਚਾਰੇ ਦੇ ਸਿਧਾਂਤ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ, ਜਿਥੇ ਮਨੁੱਖ ਸਭ ਸਮਾਨ ਹਨ। ਧਰਮ ਦੇ ਰਸਤੇ ਤੇ ਚੱਲਣ ਦਾ ਹਰੇਕ ਨੂੰ ਹੱਕ ਹੈ। ਪ੍ਰਮਾਤਮਾ ਤਕ ਪਹੁੰਚਣ ਲਈ ਕਿਸੇ ਵਿਚੋਲੇ ਜਾਂ ਕਰਮਕਾਂਡ ਦੀ ਲੋੜ ਨਹੀਂ। ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਅਧਿਆਤਮਿਕ ਉਨਤੀ ਦੇ ਮਾਰਗ ਦਾ ਸੰਦੇਸ਼ ਮਾਨਵਤਾ ਲਈ ਹੈ ਉਥੇ ਕਿਸੇ ਨਸਲੀ, ਖੇਤਰੀ, ਜਾਤੀ, ਰਾਸ਼ਟਰੀ, ਭਾਸ਼ਾਈ ਅਤੇ ਕਿਸੇ ਵਿਸ਼ੇਸ਼ ਸਭਿਆਚਾਰਕ ਪੱਧਰ ਤੇ ਊਚ ਨੀਚ ਹੱਦਬੰਦੀ ਨਹੀਂ। ਸੱਚਾ ਨਾਮ ਹੀ ਅਸਲੀ ਭਗਤੀ ਹੈ। ਇਸ ਮਾਰਗ ਤੇ ਚੱਲਣ ਦੀ ਲੋੜ ਹੈ। ਹਉਮੈ ਨੂੰ ਤਿਆਗ ਕੇ ਆਪੇ ਦੀ ਪਹਿਚਾਣ ਦੀ ਹੁਕਮ ਵਿਚ ਰਹਿਣ ਦੀ ਨਾਮ ਸਿਮਰਨ ਦੀ, ਗੁਰੂ ਦੀ ਅਗਵਾਈ ਦੀ, ਗੁਰਮੁਖ ਬਣਨ ਦੀ ਅਤੇ ਸਚਿਆਰ ਦੇ ਜੀਵਨ ਤੇ ਚੱਲ ਕੇ ਪ੍ਰਮਾਤਮਾ ਨਾਲ ਜੁੜਨ ਦੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੰਧ ਨੂੰ ਅਮਲੀ ਜਾਮਾ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਸੇ ਮਨੋਰਥ ਲਈ ਉਨ੍ਹਾਂ ਲੋਕਾਂ ਦੀ ਬੋਲੀ ਵਿਚ ਭਾਵਨਾਤਮਕ ਸੰਚਾਰ ਵਿਧੀ ਰਾਹੀਂ ਆਪਣੇ ਉਦੇਸ਼ ਜਨ ਸਾਧਾਰਨ ਤਕ ਪਹੁੰਚਾਉਣ ਲਈ ਦੇਸ਼, ਵਿਦੇਸ਼ ਵਿਚ ਉਦਾਸੀਆਂ ਕੀਤੀਆਂ ਅਤੇ ਲੋੜ ਮੁਤਾਬਿਕ ਸੰਸਥਾਵਾਂ (ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਆਦਿ) ਦੀ ਸਥਾਪਨਾ ਕੀਤੀ। ਆਪਣੇ ਪੰਥ ਦੇ ਪੈਰੋਕਾਰਾਂ ਦੀ ਅਗਵਾਈ ਲਈ ਤੇ ਪੰਥ ਦੇ ਸੰਗਠਨ ਨੂੰ ਮਜ਼ਬੂਤ ਤੇ ਸਦੀਵੀ ਬਣਾਉਣ ਲਈ ਉਨ੍ਹਾਂ ਨੇ ਗੁਰੂ ਦੀ ਸੰਸਥਾ ਵੀ ਕਾਇਮ ਕੀਤੀ। ਫਲਸਰੂਪ ਸਿੱਖ ਮਤ ਦਾ ਜਿਹੜਾ ਨਮੂਨਾ ਸਾਡੇ ਸਾਹਮਣੇ ਆਇਆ ਉਸ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਾਨਵ ਧਰਮ ਦੇ ਨਿਯਮ ਬੜੇ ਪ੍ਰਗਤੀਸ਼ੀਲ ਅਤੇ ਲਾਹੇਵੰਦ ਸਨ।

ਗੁਰੂ ਨਾਨਕ ਬਾਣੀ ਅਨੁਸਾਰ ਪ੍ਰਮਾਤਮਾ ਨੇ ਮਨੁੱਖ ਨੂੰ ਸਾਰੀਆਂ ਜੂਨੀਆਂ ਤੋਂ ਸ੍ਰੇਸ਼ਠ ਬਣਾਇਆ ਹੈ। ਮਨੁੱਖ ਚਿੰਤਨਸ਼ੀਲ ਪ੍ਰਾਣੀ ਵਜੋਂ ਪੈਦਾ ਕੀਤਾ ਹੈ। ਫਲਸਰੂਪ ਉਸ ਪਾਸੋਂ ਆਸ ਰਖੀ ਜਾਂਦੀ ਹੈ ਕਿ ਉਹ ਬੁੱਧ-ਬਿਬੇਕ ਦੇ ਆਸਰੇ ਤੇ ਚਲੇ। ਬੁੱਧ-ਬਿਬੇਕ ਇਹ ਮੱਤ ਦਿੰਦੀ ਹੈ ਕਿ ਜਿਹੜਾ ਵਰਤਾਰਾ ਤੁਸੀਂ ਦੂਜਿਆਂ ਪਾਸੋਂ ਆਪਣੇ ਹੱਕ ਵਿਚ ਹੋਇਆ ਵੇਖਣਾ ਚਾਹੁੰਦੇ ਹੋ ਉਹ ਜਿਹਾ ਹੀ ਤੁਸੀਂ ਆਪ ਦੂਜਿਆਂ ਨਾਲ ਕਰੋ। ਜੇ ਤੁਸੀਂ ਆਪ ਦੂਜਿਆਂ ਤੋਂ ਪਿਆਰ, ਸਤਿਕਾਰ ਅਤੇ ਸੇਵਾ ਚਾਹੁੰਦੇ ਹੋ ਤਾਂ ਤੁਹਾਨੂੰ ਆਪ ਵੀ ਦੂਜਿਆਂ ਪ੍ਰਤੀ ਇਹੋ ਜਿਹਾ ਵਤੀਰਾ ਅਪਨਾਉਣਾ ਪਵੇਗਾ। ਗੁਰੂ ਨਾਨਕ ਦੇਵ ਜੀ ਨੇ ਧਰਮ ਲਈ ਬੁੱਧਬਿਬੇਕ ਨੂੰ ਧੁਰਾ ਬਣਾ ਕੇ ਮਨੁੱਖ ਨੂੰ ਬਿਬੇਕ ਆਸਰੇ ਚੱਲਣ ਦੀ ਸਿੱਖਿਆ ਵੀ ਦਿੱਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਧਰਮ ਨੂੰ ਪ੍ਰਭੂ ਪ੍ਰੇਮ ਅਤੇ ਮਾਨਵ ਪ੍ਰੇਮ ਰਾਹੀਂ ਨੈਤਿਕ ਜੀਵਨ ਵਿਚ ਸੰਜੋਣ ਦਾ ਸਫਲ ਯਤਨ ਕੀਤਾ ਹੈ। ਗੁਰੂ ਨਾਨਕ ਬਾਣੀ ਦੇ ਸਾਰੇ ਸੰਕਲਪ ਅਤੇ ਸਿਧਾਂਤ ਜਿਨ੍ਹਾਂ ਦਾ ਸਬੰਧ ਵਿਅਕਤੀ ਅਤੇ ਸਮਾਜ ਨਾਲ ਹੈ, ਮਾਨਵ ਧਰਮ ਦੇ ਘੇਰੇ ਵਿਚ ਆਉਂਦੇ ਹਨ ਜਿਵੇਂ ਗ੍ਰਹਿਸਥ, ਵਿਅਕਤੀਗਤ ਸੁਤੰਤਰਤਾ, ਪੱਤ, ਹੱਕ ਅਤੇ ਸਤਿਕਾਰ ਦਾ ਧਿਆਨ ਰਖਣਾ, ਸਮਾਜਿਕ ਸਮਾਨਤਾ, ਸਮਾਜਿਕ ਨਿਆਂ ਦਾ ਸੁਰੱਖਿਆ ਕਰਨੀ। ਸਚਿਆਰ ਦੀ ਰਹਿਣੀ ਬਿਤਾਉਣੀ, ਵਿਕਾਰਾਂ ਤੇ ਕਾਬੂ ਪਾਉਣਾ, ਨਾਰੀ ਦੇ ਨਿਰਾਦਰ ਦੀ ਨਿਖੇਧੀ ਕਰਨੀ, ਅਰਥਹੀਨ ਸਮਾਜਿਕ ਮਨਾਹੀਆਂ, ਅੰਧ ਵਿਸ਼ਵਾਸ਼, ਕਰਮ ਕਾਂਡ, ਫਾਲਤੂ ਸੰਸਕਾਰ ਤੇ ਰਹੁ ਰੀਤਾਂ, ਰੂੜ੍ਹੀਵਾਦ ਅਤੇ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਗਿਆ ਹੈ। ਝੂਠ ਤੇ ਫਰੇਬ ਦਾ ਤਿਆਗ, ਸਾਧ ਸੰਗਤ ਵਿਚ ਸ਼ਾਮਿਲ ਹੋਣਾ, ਨਿੱਜੀ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣੀਆਂ, ਭਾਈਚਾਰੇ ਦੀ ਭਾਵਨਾ, ਸੇਵਾ, ਪ੍ਰੇਮ, ਦਇਆ, ਦਾਨ, ਸੰਤੋਖ ਤੇ ਹੋਰ ਗੁਣ ਅਪਨਾਉਣ ਦਾ ਉਪਦੇਸ਼ ਦਿਤਾ ਗਿਆ ਹੈ। ਲੋਕ ਭਲਾਈ ਦਾ ਕਿਰਦਾਰ, ਲੋਕ ਸੰਪਰਕ ਲਈ ਵਿਚਾਰ ਵਟਾਂਦਰਾ, ਅੰਤਰ ਧਰਮ ਸੰਵਾਦ, ਗੋਸ਼ਟੀਆਂ, ਉਦਾਸੀਆਂ, ਧਾਰਮਿਕ ਉਪਦੇਸ਼ਾਂ ਲਈ ਸਥਾਨਿਕ ਭਾਸ਼ਾ ਦੀ ਵਰਤੋਂ ਅਤੇ ਕੀਰਤਨ ਆਦਿ ਪੱਖਾਂ ਨੂੰ ਵਿਸ਼ੇਸ਼ ਤੌਰ ਤੇ ਤਰਜੀਹ ਦਿਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਪ੍ਰੰਪਰਾਵਾਂ ਦੇ ਸੰਸਾਰ ਪ੍ਰਤੀ ਨਕਾਰਾਤਮਕ ਰਵੱਈਏ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਸਮਾਜ ਨਾਲੋਂ ਟੁੱਟ ਕੇ ਸੰਨਿਆਸ ਧਾਰਨ ਕਰਕੇ ਧਰਮ ਕਮਾਉਣ ਦੀ ਸਿਫਾਰਿਸ਼ ਨਹੀਂ ਕੀਤੀ ਮਗਰੋਂ ਸੰਸਾਰ ਵਿਚ ਰਹਿ ਕੇ ਗ੍ਰਹਿਸਤੀ ਜੀਵਨ ਅਪਨਾਉਣ ਲਈ ਕਿਹਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ - ਜੀਵਨ ਦੇ ਦੋਵੇਂ ਪੱਖ ਹਲਤ ਤੇ ਪਲਤ ਇਸ ਦੁਨੀਆਂ ਵਿਚ ਰਹਿ ਕੇ ਧਰਮ ਦਾ ਆਸਰਾ ਫੜ ਕੇ ਸਵਾਰੇ ਜਾ ਸਕਦੇ ਹਨ। ਸੰਸਾਰਿਕ ਅਤੇ ਅਧਿਆਤਮਿਕ ਪੱਖ ਦੇ ਭੇਦ ਨੂੰ ਨਿਰਾਰਥਕ ਦਸ ਕੇ ਗੁਰੂ ਸਾਹਿਬ ਦੇ ਸੱਚ ਤੇ ਸਦੀਵੀ ਧਰਮ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿਤਾ ਹੈ।

*ਏਕੋ ਧਰਮੁ ਦ੍ਰਿੜੈ ਸਚੁ ਕੋਈ ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1188)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਫਿਕਰਾਪ੍ਰਸਤ, ਨਫ਼ਰਤ ਅਤੇ ਧਾਰਮਿਕ ਵੰਡੀਆਂ ਪਾਉਣ ਵਾਲੇ ਤੱਤਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸੱਚੇ ਧਰਮ ਨੂੰ ਸਮਝਣ ਲਈ ਲੋਕਾਂ ਨੂੰ ਇਕ ਦੂਸਰੇ ਦੇ ਧਰਮ ਨੂੰ ਸਮਝਣ ਦੇ ਸਹਾਰਨ ਲਈ ਸਹਿਣਸ਼ੀਲਤਾ ਦੀ ਪ੍ਰੇਰਨਾ ਦਿੱਤੀ ਹੈ। ਆਪਣੇ ਉਪਦੇਸ਼ ਰਾਹੀਂ ਉਨ੍ਹਾਂ ਦ੍ਰਿੜ੍ਹ ਕਰਵਾਇਆ ਕਿ ਅਸਲ ਵਿਚ ਸਾਰੇ ਧਰਮ ਇਕੋ ਹਨ, ਅਨੇਕਾਂ ਨਹੀਂ। ਜਿਹੜਾ ਧਰਮਾਂ ਵਿਚਕਾਰ ਵਿਤਕਰਾ ਕਰੇਗਾ ਉਹ ਪਾਪ ਦਾ ਭਾਗੀ ਬਣੇਗਾ। ਗੁਰੂ ਜੀ ਦਾ ਫ਼ੁਰਮਾਨ :

*ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥*
*ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥*
(ਸ੍ਰੀ ਗੁਰੂ ਗ੍ਰਥ ਸਾਹਿਬ, ਪੰਨਾ 142)

ਗੁਰੂ ਨਾਨਕ ਬਾਣੀ ਵਿਚ ਮਨੁੱਖੀ ਇਤਿਹਾਸ ਦੇ ਵਿਕਾਸ ਵਿਚ ਦੈਵੀ ਦਖਲ ਨੂੰ ਸਵੀਕਾਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਕ੍ਰਾਂਤੀਕਾਰੀ ਚਿੰਤਨ ਰਾਹੀਂ ਸਮਾਜਿਕ ਪਰਿਵਰਤਨ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਦਾ ਟੀਚਾ ਇਕ ਇਹੋ ਜਿਹੇ ਸਮਾਜਿਕ ਸੰਗਠਨ ਦੀ ਸਥਾਪਨਾ ਕਰਨਾ ਹੈ। ਜਿਥੇ ਮਨੁੱਖ ਸੁਤੰਤਰ ਹੋਵੇ, ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ ਅਤੇ ਸਭ ਨੂੰ ਇਜ਼ਤ ਨਾਲ ਜਿਉਣ ਦਾ ਅਵਸਰ ਦਿੱਤਾ ਜਾਵੇ। ਗੁਰੂ ਨਾਨਕ ਦੇਵ ਜੀ ਪਹਿਲੇ ਭਾਰਤੀ ਚਿੰਤਕ ਹਨ ਜਿਨ੍ਹਾਂ ਨੇ ਸਵੈਮਾਨ ਦੀ ਭਾਵਨਾ ਦੀ ਅਹਿਮੀਅਤ ਨੂੰ ਆਪਣੇ ਰਚਨਾ ਵਿਚ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਪੱਤ ਸ਼ਬਦ ਕਈ ਸੰਦਰਭਾਂ ਵਿਚ ਅਨੇਕਾਂ ਵਾਰ ਵਰਤਿਆ ਗਿਆ ਹੈ। ਗੁਲਾਮੀ ਦੇ ਜੀਵਨ ਦੀ ਨਿਖੇਧੀ ਕਰਦਿਆਂ ਗੁਰੂ ਸਾਹਿਬ ਫ਼ੁਰਮਾਉਂਦੇ ਹਨ :

*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥*

ਗੁਰੂ ਨਾਨਕ ਬਾਣੀ ਵਿਚ ਮਾਨਵੀ ਹੱਕਾਂ ਦਾ ਸੰਕਲਪ ਬੜਾ ਸਪਸ਼ਟ ਹੈ। ਜਿਥੇ ਆਪ ਨੇ ਹੱਕਾਂ ਬਾਰੇ ਸੋਝੀ ਅਤੇ ਗਿਆਨ ਦੀ ਲੋੜ ਵੱਲ ਸੰਕੇਤ ਕੀਤਾ ਉਥੇ ਨਾਲ ਹੀ ਦੂਸਰੇ ਦੇ ਹੱਕ ਮਾਰਨ ਦੀ ਸਖਤ ਮਨਾਹੀ ਕੀਤੀ ਗਈ ਹੈ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141)

ਮਾਨਵ ਧਰਮ ਨੂੰ ਹੋਰ ਦ੍ਰਿੜ੍ਹ ਕਰਾਉਣ ਤੇ ਅਰਥਪੂਰਨ ਬਣਾਉਣ ਲਈ ਗੁਰੂ ਸਾਹਿਬ ਨੇ ਪ੍ਰੇਮ ਤੇ ਗੁਣ ਨੂੰ ਗ੍ਰਹਿਣ ਕਰਨਾ ਜ਼ਰੂਰੀ ਦੱਸਿਆ ਹੈ। ਪ੍ਰੇਮ, ਮਨੁੱਖੀ ਜੀਵਨ ਦੇ ਅਧਿਆਤਮਕ ਤੇ ਸਦਾਚਾਰਕ ਖੇਤਰ ਦੇ ਸੰਪੂਰਨ ਦਾਇਰੇ ਵਿਚ ਰਸਾਇਣ ਵਾਂਗ ਸਭ ਤਰ੍ਹਾਂ ਦੀਆਂ ਕਮਜ਼ੋਰੀਆਂ ਤੇ ਔਗੁਣਾਂ ਨੂੰ ਰੋਕਣ ਦੀ ਸਮਰਥਾ ਰਖਦਾ ਹੈ।

## ਸੰਪਾਦਕੀ

# ਮਹਿਲਾ ਸ਼ਕਤੀਕਰਨ ਅਤੇ ਮੁ.ਫਤ ਬੱਸ ਸ.ਫਰ

ਪੰਜਾਬ ਵਿਚ ਹਰ ਮਹੀਨੇ ਸਵਾ ਕਰੋੜ ਔਰਤਾਂ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਾ ਲਾਭ ਲੈ ਰਹੀਆਂ ਹਨ ਸੂਬੇ ਅੰਦਰ ਔਰਤਾਂ ਨੂੰ ਸਮਾਜਿਕ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਆਤਮ-ਨਿਰਭਰ ਬਣਾਉਣ ਦੇ ਮੰਤਵ ਨਾਲ ਪੰਜਾਬ ਸਰਕਾਰ ਨੇ ਬਹੁਤ ਹੀ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਮੁਫ਼ਤ ਬੱਸ ਸਫ਼ਰ ਯੋਜਨਾ ਪੰਜਾਬ ਦੀਆਂ ਮਹਿਲਾਵਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵੱਡੀ ਤਬਦੀਲੀ ਦਾ ਆਧਾਰ ਬਣ ਗਈ ਹੈ। ਇਹ ਵਿਲੱਖਣ ਸਹੂਲਤ ਨਾ ਸਿਰਫ਼ ਆਵਾਜਾਈ ਨੂੰ ਸੌਖਾ ਬਣਾ ਰਹੀ ਹੈ ਸਗੋਂ ਧੀਆਂ ਦੀ ਉੱਚ ਸਿੱਖਿਆ, ਰੁਜ਼ਗਾਰ ਅਤੇ ਹੁਨਰ ਵਿਕਾਸ ਦੇ ਰਾਹ ਵਿੱਚ ਆਉਣ ਵਾਲੀਆਂ ਆਰਥਿਕ ਰੁਕਾਵਟਾਂ ਨੂੰ ਵੀ ਜੜ੍ਹੋਂ ਖ਼ਤਮ ਕਰ ਰਹੀ ਹੈ। ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਦੀਆਂ ਕੰਮਕਾਜੀ ਮਹਿਲਾਵਾਂ, ਕਾਲਜਾਂ ਜਾਂ ਸਕੂਲਾਂ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਅਤੇ ਘਰੇਲੂ ਔਰਤਾਂ ਇਸ ਸਕੀਮ ਦਾ ਭਰਪੂਰ ਲਾਹਾ ਲੈ ਰਹੀਆਂ ਹਨ। ਹੁਣ ਰੋਜ਼ਾਨਾ ਸਫ਼ਰ ਦੇ ਕਿਰਾਏ ਦੇ ਫ਼ਿਕਰ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਔਰਤਾਂ ਆਪਣੇ ਦਫ਼ਤਰਾਂ, ਫੈਕਟਰੀਆਂ, ਵਿਦਿਅਕ ਅਦਾਰਿਆਂ ਅਤੇ ਸਿਖਲਾਈ ਕੇਂਦਰਾਂ ਤੱਕ ਬਿਨਾਂ ਕਿਸੇ ਮਾਨਸਿਕ ਜਾਂ ਆਰਥਿਕ ਪਰੇਸ਼ਾਨੀ ਦੇ ਆਉਂਦੀਆਂ-ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਅੰਕੜਿਆਂ ਦੀ ਗੱਲ ਕਰੀਏ ਤਾਂ ਵਿੱਤੀ ਸਾਲ 2022-23 ਤੋਂ 2025-26 ਤੱਕ ਸਰਕਾਰ ਵੱਲੋਂ ਇਸ ਮਹੱਤਵਪੂਰਨ ਯੋਜਨਾ ਤਹਿਤ ਲਗਪਗ 2042 ਕਰੋੜ ਰੁਪਏ ਦਾ ਵੱਡਾ ਨਿਵੇਸ਼ ਕੀਤਾ ਜਾ ਚੁੱਕਾ ਹੈ। ਇਸ ਵਿੱਤੀ ਸਫ਼ਰ ਦੌਰਾਨ ਸਰਕਾਰ ਵੱਲੋਂ ਇਸ ਯੋਜਨਾ ਨੂੰ ਨਿਰਵਿਘਨ ਅਤੇ ਸੁਚਾਰੂ ਰੂਪ ਵਿੱਚ ਚਲਾਉਣ ਲਈ ਖ਼ਜ਼ਾਨੇ 'ਚੋਂ ਭਾਰੀ ਵਿੱਤੀ ਨਿਵੇਸ਼ ਕੀਤਾ ਗਿਆ ਹੈ। ਪੰਜਾਬ ਦੀਆਂ ਸਰਕਾਰੀ ਬੱਸਾਂ ਵਿੱਚ ਦਿੱਤੀ ਜਾ ਰਹੀ ਇਸ ਲੋਕ-ਪੱਖੀ ਸੇਵਾ ਦਾ ਦਾਇਰਾ ਅਤੇ ਪ੍ਰਭਾਵ ਬਹੁਤ ਵਿਸ਼ਾਲ ਹੈ। ਪ੍ਰਾਪਤ ਅੰਕੜਿਆਂ ਮੁਤਾਬਿਕ ਸੂਬੇ ਭਰ ਵਿੱਚ ਹਰ ਮਹੀਨੇ ਕਰੀਬ 1 ਕਰੋੜ 20 ਲੱਖ ਔਰਤਾਂ ਇਸ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਾ ਲਾਭ ਲੈ ਰਹੀਆਂ ਹਨ, ਜੋ ਕਿ ਇਸ ਯੋਜਨਾ ਦੀ ਹਰਮਨਪਿਆਰਤਾ ਦਾ ਸਭ ਤੋਂ ਵੱਡਾ ਸਬੂਤ ਹੈ। ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਇਹ ਮਹਿਜ਼ ਆਵਾਜਾਈ ਦੀ ਮੁਫ਼ਤ ਸਹੂਲਤ ਨਹੀਂ ਹੈ ਸਗੋਂ ਔਰਤਾਂ ਦੇ ਮਨ ਵਿੱਚ ਆਤਮ-ਵਿਸ਼ਵਾਸ, ਸਵੈ-ਮਾਣ ਅਤੇ ਆਜ਼ਾਦੀ ਦੀ ਨਵੀਂ ਭਾਵਨਾ ਪੈਦਾ ਕਰਨ ਦਾ ਇੱਕ ਸ਼ਕਤੀਸ਼ਾਲੀ ਜ਼ਰੀਆ ਹੈ। ਜਦੋਂ ਸੂਬੇ ਦੀਆਂ ਧੀਆਂ, ਭੈਣਾਂ ਅਤੇ ਮਾਵਾਂ ਖ਼ੁਦਮੁਖਤਿਆਰ ਹੁੰਦੀਆਂ ਹਨ ਤਾਂ ਸਮਾਜ ਆਪਣੇ ਆਪ ਵਿਕਾਸ ਦੇ ਰਾਹ ਉੱਤੇ ਅੱਗੇ ਵਧਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਗੱਲ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਔਰਤਾਂ ਦਾ ਸਸ਼ਕਤੀਕਰਨ ਹੀ ਪ੍ਰਗਤੀਸ਼ੀਲ ਅਤੇ ਸਿਹਤਮੰਦ ਸਮਾਜ ਦੀ ਅਸਲੀ ਬੁਨਿਆਦ ਹੁੰਦਾ ਹੈ। ਆਉਣ ਵਾਲੇ ਸਮੇਂ ਵਿੱਚ ਵੀ ਪੰਜਾਬ ਦੀਆਂ ਔਰਤਾਂ ਦੀ ਭਲਾਈ ਅਤੇ ਤਰੱਕੀ ਨੂੰ ਸਮਰਪਿਤ ਅਜਿਹੇ ਪ੍ਰਭਾਵਸ਼ਾਲੀ ਉਪਰਾਲੇ ਪੂਰੀ ਵਚਨਬੱਧਤਾ ਨਾਲ ਨਿਰੰਤਰ ਜਾਰੀ ਰਹਿਣਗੇ।

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਤੇ ਮਹਾਨ ਫ਼ਲਸਫੇ ਨੂੰ ਦਰਸਾਉਂਦੇ ਦ੍ਰਿਸ਼ ਪੇਸ਼




**ਜਲੰਧਰ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਵੀਰਵਾਰ ਸ਼ਾਮ ਨੂੰ ਪਿੰਡ ਰੰਧਾਵਾ ਮਸੰਦਾ ਵਿਖੇ ਸ਼ਾਨਦਾਰ ਡ੍ਰੋਨ ਸ਼ੋਅ ਕਰਵਾਇਆ ਗਿਆ। ਇਸ ਦੌਰਾਨ ਰਾਤ ਨੂੰ ਆਸਮਾਨ ਵਿੱਚ ਇਕੱਠੇ ਉੱਡਦੇ 500 ਡ੍ਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਅਤੇ ਮਹਾਨ ਫ਼ਲਸਫੇ ਨੂੰ ਦਰਸਾਉਂਦੇ ਦ੍ਰਿਸ਼ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤ ਨੂੰ ਮੰਤਰਮੁਗਧ ਕਰ ਦਿੱਤਾ।

ਇਸ ਮੌਕੇ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਧਰਮਪਤਨੀ ਹਰਪ੍ਰੀਤ ਕੌਰ ਸਮੇਤ ਸ਼ਿਰਕਤ ਕੀਤੀ। ਇਸ ਮੌਕੇ ਭੈਣ ਸੰਤੋਸ਼ ਜੀ, ਸੰਤ ਬਾਬਾ ਨਿਰਮਲ ਦਾਸ ਜੀ ਵੀ ਸ਼ਾਮਲ ਹੋਏ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਭਾਈਚਾਰੇ, ਮਿਹਨਤ, ਸੱਚੇ ਆਚਰਣ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ ਨਾਲ ਜੋੜਨ ਲਈ ਇਹ ਵਿਲੱਖਣ ਉਪਰਾਲਾ ਕੀਤਾ ਗਿਆ ਹੈ।

ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੀ ਸ਼ਰਧਾ ਤੇ ਵੱਡੇ ਪੱਧਰ 'ਤੇ ਮਨਾਉਣ ਲਈ ਵੱਖ-ਵੱਖ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮਕਸਦ ਗੁਰੂ ਜੀ ਦੇ ਮਹਾਨ ਵਿਚਾਰਾਂ ਅਤੇ ਮਨੁੱਖਤਾ ਦੀ ਭਲਾਈ ਦਿੱਤੇ ਸੰਦੇਸ਼ਾਂ ਨੂੰ ਹਰ ਵਰਗ ਦੇ ਲੋਕਾਂ ਖਾਸ ਕਰ ਨਵੀਂ ਪੀੜ੍ਹੀ ਤੱਕ ਆਧੁਨਿਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਦੀਵੀ ਸਿੱਖਿਆਵਾਂ ਅਤੇ ਇਲਾਹੀ ਸੰਦੇਸ਼ ਪ੍ਰਤੀ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਪੰਜਾਬ ਸਰਕਾਰ ਵੱਲੋਂ ਡੇਰਾ ਸੱਚਖੰਡ ਬੱਲਾਂ ਨੇੜੇ 10.4 ਏਕੜ ਰਕਬੇ ਵਿੱਚ 'ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ' ਦੀ ਸਥਾਪਨਾ ਕੀਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਸੂਬੇ ਭਰ ਵਿੱਚ 92 ਡ੍ਰੋਨ ਸ਼ੋਅ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਡਿਜੀਟਲ ਤਕਨੀਕ ਰਾਹੀਂ ਗੁਰੂ ਜੀ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ ਨੂੰ ਰਾਤ ਸਮੇਂ ਆਸਮਾਨ ਵਿੱਚ ਜੀਵੰਤ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੌਕੇ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਵੀ ਦਿੱਤਾ।

ਇਸ ਤੋਂ ਪਹਿਲਾਂ ਭਾਈ ਜਸਬੀਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵੱਲੋਂ ਸ਼ਬਦ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ ਗਿਆ।

ਇਸ ਮੌਕੇ ਇਸ ਮੌਕੇ ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਗੁਰਪਾਲ ਸਿੰਘ, ਐਸ.ਡੀ.ਐਮ. ਜਲੰਧਰ-2 ਸ਼ਾਇਰੀ ਮਲਹੋਤਰਾ, ਬੀ.ਡੀ.ਪੀ.ਓ. ਸੇਵਾ ਸਿੰਘ ਅਤੇ ਹੋਰ ਸ਼ਖਸੀਅਤਾਂ ਵੀ ਮੌਜੂਦ ਸਨ।

## ਬਲਾਕ ਵਲਟੋਹਾ ਤੇ ਨਾਗੋਕੇ ਵਿਖੇ ਵੱਖ-ਵੱਖ ਖੇਡਾਂ ਦੇ ਹੋਏ ਗਹਿਗੱਚ ਮੁਕਾਬਲੇ



**ਤਰਨਤਾਰਨ, 15 ਸਤੰਬਰ -ਪ੍ਰੈਸ ਕੀ ਤਾਕਤ ਬਿਊਰ**

ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਦੀ ਰਹਿਨੁਮਾਈ ਹੇਠ ਚੱਲ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ 2026' ਤਹਿਤ ਅੱਜ ਬਲਾਕ ਵਲਟੋਹਾ ਤੇ ਨਾਗੋਕੇ ਵਿਖੇ ਬਲਾਕ ਪੱਧਰੀ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਪੂਰੇ ਜੋਸ਼ ਨਾਲ ਹਿੱਸਾ ਲੈਂਦਿਆਂ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ।

ਇਹ ਜਾਣਕਾਰੀ ਦਿੰਦਿਆਂ ਜਿਲਾ ਖੇਡ ਅਫਸਰ ਸਤਵੰਤ ਕੌਰ ਨੇ ਦੱਸਿਆ ਕਿ ਇਸ ਦੌਰਾਨ ਵੱਖ-ਵੱਖ ਖੇਡਾਂ ਦੇ ਗਹਿਗੱਚ ਮੁਕਾਬਲੇ ਹੋਏ। ਉਨ੍ਹਾਂ ਦੱਸਿਆ ਕਿ ਖੋ-ਖੋ ਅੰਡਰ 14 ਵਿੱਚ ਸੰਤ ਕਰਤਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੀਮਾ ਖੁਰਦ ਨੇ ਪਹਿਲਾ ਅਤੇ ਸੇਂਟ ਸੋਲਜਰ ਸਕੂਲ ਪੂਨੀਆ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਅੰਡਰ 21 ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਸਲ ਉਤਾੜ ਨੂੰ ਪਹਿਲਾ ਅਤੇ ਸੇਂਟ ਸੋਲਜਰ ਸਕੂਲ ਪੂਨੀਆ ਨੂੰ ਦੂਜਾ ਸਥਾਨ ਮਿਲਿਆ। ਇਸ ਤੋਂ ਇਲਾਵਾ ਕਬੱਡੀ ਨੈਸ਼ਨਲ ਸਟਾਈਲ ਅੰਡਰ 14 ਵਿੱਚ ਸੰਤ ਕਰਤਾਰ ਸਿੰਘ ਸੀਨੀਅਰ ਸੈਕੰਡਰੀ ਸਕੂਲ ਚੀਮਾ ਖੁਰਦ ਨੇ ਪਹਿਲਾ ਅਤੇ ਸ੍ਰੀ ਬਾਲਾ ਜੀ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ 17 ਵਿੱਚ ਸ੍ਰੀ ਬਾਲਾ ਜੀ ਸੀਨੀਅਰ ਸੈਕੰਡਰੀ ਸਕੂਲ ਖੇਮਕਰਨ ਨੇ ਪਹਿਲਾ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਆਸਲ ਉਤਾੜ ਨੇ ਦੂਸਰਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਫੁੱਟਬਾਲ ਅੰਡਰ 14 ਵਿੱਚ ਪਹਿਲਾ ਸਥਾਨ ਖੇਮਕਰਨ ਅਤੇ ਦੂਸਰਾ ਸਥਾਨ ਡਿੱਬੀਪੁਰ ਨੇ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਖੁਸ਼ੀ ਦੀ ਗੱਲ ਇਹ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਖੇਡਾਂ ਵੱਲ ਪ੍ਰੇਰਿਤ ਹੋ ਰਹੀ ਹੈ।

## ਕਲਸੀ ਕੇਜੇ ਹਸਪਤਾਲ ਬਟਾਲਾ ਦੀ ਦੂਸਰੀ ਵਰੇਗੰਢ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ, ਵਾਹਿਗੁਰੂ ਦਾ ਆਸ਼ੀਰਵਾਦ ਲਿਆ

**ਬਟਾਲਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਲਸੀ ਕੇਜੇ ਹਸਪਤਾਲ ਬਟਾਲਾ ਵਿਖੇ ਅੱਜ ਹਸਪਤਾਲ ਦੀ ਸ਼ੁਰੂਆਤ ਹੋਇਆ ਦੋ ਸਾਲ ਪੂਰੇ ਹੋਣ ਤੇ ਵਾਹਿਗੁਰੂ ਜੀ ਦਾ ਸ਼ੁਕਰਾਨੇ ਕਰਨ ਲਈ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ।

ਉਪਰੰਤ ਮੈਡਮ ਰਾਜਵੀਰ ਕੌਰ ਕਲਸੀ ਸੁਪਤਨੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਬਟਾਲਾ ਸਰਦਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਸਮੂਹ ਸਟਾਫ ਮੈਂਬਰ ਕਲਸੀ ਕੇਜੇ ਹਸਪਤਾਲ ਵੱਲੋਂ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।



ਇਸ ਮੌਕੇ ਗੱਲਬਾਤ ਕਰਦਿਆਂ ਡਾਕਟਰ ਕਮਲਜੀਤ ਸਿੰਘ ਕੇਜੇ, ਨਵ-ਨਿਯੁਕਤ ਪੇਡਾ ਦੇ ਸੀਨੀਅਰ ਵਾਇਸ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਅਤੇ ਸਰਜੀਕਲ ਸਪੈਸ਼ਲਿਸਟ ਕਲਸੀ ਕੇਜੇ ਹਸਪਤਾਲ ਬਟਾਲਾ ਨੇ ਦੱਸਿਆ ਕਿ ਹਸਪਤਾਲ ਅਤੇ ਪਰਿਵਾਰ ਦੇ ਚੜਦੀ ਕਲਾਂ ਲਈ ਅਰਦਾਸ ਕੀਤੀ ਗਈ, ਜੋ ਆਵੇ ਸੋ ਰਾਜੀ ਜਾਵੇ।

ਉਨ੍ਹਾਂ ਕਿਹਾ ਕਿ ਕੇ ਜੇ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਪਿਛਲੇ ਦੋ ਸਾਲਾਂ ਤੋਂ ਬਟਾਲਾ ਸਮੇਤ ਨੇੜਲਿਆਂ ਇਲਾਕਿਆਂ ਤੋਂ ਮਰੀਜ਼ ਆਪਣਾ ਇਲਾਜ ਕਰਵਾਇਆ ਰਹੇ ਹਨ।

## ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹੇ ਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਕੀਤੇ ਜਾਰੀ

**ਹੁਸ਼ਿਆਰਪੁਰ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਵਿੱਚ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ।



ਜਾਰੀ ਹੁਕਮਾਂ ਵਿਚ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ/ ਸ਼ਾਦੀਆਂ, ਮੈਰਿਜ ਪੈਲਸਾਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਨਹੀਂ ਚੱਲੇਗਾ ਅਤੇ ਹਥਿਆਰਾਂ ਦੀ ਜਨਤਕ/ ਸੋਸ਼ਲ ਮੀਡੀਆ ਰਾਹੀਂ ਪ੍ਰਦਰਸ਼ਨੀ 'ਤੇ ਪੂਰਨ ਪਾਬੰਦੀ ਹੋਵੇਗੀ ਅਤੇ ਨਾਲ ਹੀ ਹਥਿਆਰ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ ਨੂੰ ਵਜਾਉਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਇਨ੍ਹਾਂ ਹੁਕਮਾਂ ਦੀ ਉਲੰਘਣਾ ਦੀ ਸੂਰਤ ਵਿਚ ਬਣਦੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਮੈਰਿਜ ਪੈਲਸਾਂ ਦੇ ਮਾਲਕ ਇਹ ਯਕੀਨੀ ਬਣਾਉਣਗੇ ਕਿ ਕੋਈ ਵੀ ਵਿਅਕਤੀ ਮੈਰਿਜ ਪੈਲਸਾਂ ਵਿਚ ਫੰਕਸ਼ਨ ਸਮੇਂ ਹਥਿਆਰ ਦੀ ਵਰਤੋਂ ਨਹੀਂ ਕਰੇਗਾ।

ਇਸੇ ਤਰ੍ਹਾਂ ਜ਼ਿਲ੍ਹੇ ਦੇ ਸਮੂਹ ਪਿੰਡਾਂ ਦੇ ਸਰਪੰਚਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਰਾਤ ਸਮੇਂ ਪਿੰਡਾਂ ਵਿਚ ਠੀਕਰੀ ਪਹਿਰਾ ਲਾਇਆ ਜਾਵੇ ਤਾਂ ਜੋ ਸ਼ਰਾਰਤੀ ਅਨਸਰਾਂ ਵਲੋਂ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

ਇਸ ਤੋਂ ਇਲਾਵਾ ਜ਼ਿਲ੍ਹੇ ਦੀ ਹਦੂਦ ਅੰਦਰ ਗੈਰ-ਕਾਨੂੰਨੀ ਹੁੱਕਾ ਬਾਰ ਚਲਾਉਣ 'ਤੇ ਵੀ ਪਾਬੰਦੀ ਰਹੇਗੀ ਕਿਉਂਕਿ ਅਜਿਹੇ ਹੁੱਕਾ ਬਾਰ ਅੰਦਰ ਤੰਬਾਕੂ, ਸਿਗਰੇਟ ਅਤੇ ਮਨੁੱਖੀ ਸਰੀਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੈਮੀਕਲਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ, ਜੋ ਮਨੁੱਖੀ ਸਿਹਤ ਲਈ ਕਾਫੀ ਘਾਤਕ ਸਿੱਧ ਹੁੰਦਾ ਹੈ ਅਤੇ ਸਮਾਜ ਵਿਚ ਵੀ ਮਾੜਾ ਅਸਰ ਪੈਂਦਾ ਹੈ।

ਇਕ ਹੋਰ ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੀਮਨ ਦਾ ਅਣ-ਅਧਿਕਾਰਤ ਤੌਰ 'ਤੇ ਭੰਡਾਰਨ ਕਰਨ, ਟਰਾਂਸਪੋਰਟੇਸ਼ਨ ਕਰਨ, ਵਰਤਣ ਜਾਂ ਵੇਚਣ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਪਸ਼ੂ ਪਾਲਣ ਵਿਭਾਗ ਦੀਆਂ ਸਮੂਹ ਵੈਟਰਨਰੀ ਸੰਸਥਾਵਾਂ ਸਮੇਤ ਪਸ਼ੂ ਹਸਪਤਾਲ/ਡਿਸਪੈਂਸਰੀਆਂ ਅਤੇ ਪੋਲੀਕਲੀਨਿਕ, ਪਸ਼ੂ ਪਾਲਣ ਵਿਭਾਗ ਪੰਜਾਬ, ਮਿਲਕਫੈਡ ਅਤੇ ਕਾਲਜ ਆਫ਼ ਵੈਟਰਨਰੀ ਸਾਇੰਸ, ਗਡਵਾਸੂ ਲੁਧਿਆਣਾ ਦੇ ਆਰਟੀਫੀਸ਼ਲ ਇਨਸੈਮੀਨੇਸ਼ਨ ਸੈਂਟਰ, ਕੋਈ ਹੋਰ ਆਰਟੀਫੀਸ਼ਲ ਇਨਸੈਮੀਨੇਸ਼ਨ ਸੈਂਟਰ ਜੋ ਕਿ ਪਸ਼ੂ ਪਾਲਣ ਵਿਭਾਗ, ਪੰਜਾਬ ਵੱਲੋਂ ਪ੍ਰੋਸੈਸ ਅਤੇ ਸਪਲਾਈ ਜਾਂ ਇੰਪੋਰਟ ਕੀਤੇ ਗਏ ਬੋਵਾਇਨ ਸੀਮਨ ਨੂੰ ਵਰਤ ਰਹੇ ਹਨ, ਪ੍ਰੋਗਰੈਸਿਵ ਡੇਅਰੀ ਫਾਰਮਜ਼ ਐਸੋਸੀਏਸ਼ਨ, ਪੰਜਾਬ ਦੇ ਮੈਂਬਰ, ਜਿਨ੍ਹਾਂ ਨੇ ਕੇਵਲ ਆਪਣੇ ਪਸ਼ੂਆਂ ਦੀ ਵਰਤੋਂ ਲਈ ਬੋਵਾਇਨ ਸੀਮਨ ਇੰਪੋਰਟ ਕੀਤਾ ਹੋਵੇ 'ਤੇ ਲਾਗੂ ਨਹੀਂ ਹੋਵੇਗੀ।

ਇਕ ਹੋਰ ਹੁਕਮ ਜਾਰੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਬਿਨ੍ਹਾਂ ਐਸ.ਡੀ.ਐਮਜ਼ ਦੀ ਪ੍ਰਵਾਨਗੀ ਤੋਂ ਕਿਸੇ ਕਿਸਮ ਦਾ ਜਲੂਸ ਕੱਢਣ, ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੀ ਇਕੱਤਰਤਾ, ਨਾਅਰੇਬਾਜੀ, ਲਾਠੀਆਂ, ਗੈਰ ਲਾਈਸੰਸੀ ਅਸਲਾ, ਤੇਜਧਾਰ ਚਾਕੂਆਂ ਆਦਿ ਨੂੰ ਲੈ ਕੇ ਚੱਲਣ 'ਤੇ ਪਾਬੰਦੀ ਲਗਾਈ ਗਈ ਹੈ।

ਇਹ ਹੁਕਮ ਸਰਕਾਰੀ ਸਮਾਗਮਾਂ, ਕਾਨਫਰੰਸਾਂ, ਮੀਟਿੰਗਾਂ ਆਦਿ 'ਤੇ ਲਾਗੂ ਨਹੀਂ ਹੋਵੇਗਾ। ਕੋਈ ਵੀ ਸਿਆਸੀ ਪਾਰਟੀ ਵਲੋਂ ਰੈਲੀ/ਜਲਸਾ ਕਰਨ ਤੋਂ ਪਹਿਲਾਂ ਸਬੰਧੀ ਐਸ.ਡੀ.ਐਮ. ਤੋਂ ਲਿਖਤੀ ਮਨਜੂਰੀ ਲੈਣੀ ਜ਼ਰੂਰੀ ਹੋਵੇਗੀ। ਇਹ ਸਾਰੇ ਹੁਕਮ 7 ਨਵੰਬਰ, 2026 ਤੱਕ ਲਾਗੂ ਰਹਿਣਗੇ।

## ਵਧੀਕ ਜਿਲ੍ਹਾ ਮੈਜਿਸਟਰੇਟ, ਬਟਾਲਾ ਵਿੱਚ14 ਸਤੰਬਰ ਤੋਂ 18 ਸਤੰਬਰ 2026 ਤੱਕ ਉੱਚੀ ਅਵਾਜ਼ ਵਿੱਚ ਸਪੀਕਰ ਅਤੇ ਬੁੱਲਟ ਮੋਟਰਸਾਈਕਲਾਂ ਤੇ ਪਟਾਕੇ ਚਲਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ

**ਬਟਾਲਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਗੁਰਸਿਮਰਨ ਸਿੰਘ ਢਿੱਲੋਂ,ਵਧੀਕ ਜਿਲ੍ਹਾ ਮੈਜਿਸਟਰੇਟ,ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਜਿਲ੍ਹਾ ਗੁਰਦਾਸਪੁਰ ਦੀ ਸਬ ਡਵੀਜਨ ਬਟਾਲਾ ਵਿੱਚ ਮਿਤੀ 14 ਸਤੰਬਰ 2026 ਤੋਂ ਮਿਤੀ 18 ਸਤੰਬਰ 2026 ਤੱਕ ਕੋਈ ਵੀ ਵਿਅਕਤੀ ਟਰੈਕਟਰਾਂ ਅਤੇ ਹੋਰ ਵਾਹਨਾਂ ਤੇ ਹੁੱਲੜਬਾਜ਼ੀ, ਉੱਚੀ ਅਵਾਜ਼ ਵਿੱਚ ਸਪੀਕਰ ਅਤੇ ਬੁੱਲਟ ਮੋਟਰਸਾਈਕਲਾਂ ਤੇ ਪਟਾਕੇ ਚਲਾਉਣ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।



+ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਸਬ ਡਵੀਜ਼ਨ ਬਟਾਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਮਿਤੀ 18 ਸਤੰਬਰ 2026 ਨੂੰ ਮਨਾਇਆ ਜਾ ਰਿਹਾ ਹੈ। ਇਸ ਧਾਰਮਿਕ ਮੇਲੇ ਵਿੱਚ ਕੁਝ ਸ਼ਰਾਰਤੀ ਅਨਸਰ, ਟਰੈਕਟਰਾਂ ਅਤੇ ਹੋਰ ਵਾਹਨਾਂ ਉਪਰ ਹੁੱਲੜਬਾਜ਼ੀ ਕਰਦੇ ਹਨ, ਉੱਚੀ ਅਵਾਜ਼ ਵਿਚ ਵੱਡੇ ਸਪੀਕਰ ਲਾਗਉਂਦੇ ਹਨ, ਬੁੱਲਟ ਮੋਟਰ ਸਾਈਕਲਾਂ ਦੇ ਪਟਾਕੇ ਮਰਵਾਉਦੇ ਹਨ, ਜਿਸ ਨਾਲ ਪਬਲਿਕ ਨੂੰ ਖਾਸ ਕਰਕੇ ਬਜੁਰਗਾਂ ਅਤੇ ਛੋਟੇ ਬੱਚਿਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਅਜਿਹੇ ਧਾਰਮਿਕ ਮੇਲੇ ਵਿਚ ਸ਼ਰਾਰਤੀ ਅਨਸਰਾਂ ਵਲੋ ਟਰੈਕਟਰਾਂ ਅਤੇ ਹੋਰ ਵਾਹਨਾਂ ਤੇ ਹੁੱਲੜਬਾਜੀ ਕਰਨ, ਉੱਚੀ ਅਵਾਜ਼ ਵਿੱਚ ਵੱਡੇ ਸਪੀਕਰ ਲਗਾਉਣ, ਬਲੁੱਟ ਮੋਟਰ ਸਾਈਕਲਾਂ ਦੇ ਪਟਾਕੇ ਮਰਵਾਉਣ ਤੇ ਰੋਕ ਲਗਾਈ ਜਾਣੀ ਅਤਿ ਜਰੂਰੀ ਹੈ।

ਇਹ ਹੁਕਮ ਮਿਤੀ 14 ਸਤੰਬਰ ਤੋਂ ਲੈ ਕੇ ਮਿਤੀ 18 ਸਤੰਬਰ 2026 ਤੱਕ ਲਾਗੂ ਰਹੇਗਾ।

## ਸ਼ਰਧਾਲੂ ਕਰ ਰਹੇ ਮਾਨ ਸਰਕਾਰ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ : ਵਿਧਾਇਕ ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੀਤੇ ਦਿਨੀ ਹਲਕਾ ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਅਤੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਵੱਲੋਂ ਵਿਧਾਇਕ ਦੇ ਦਫ਼ਤਰ ਤੋ ਸ੍ਰੀ ਸਾਲਾਸਰ ਧਾਮ ਤੇ ਖਾਟੂ ਸ਼ਿਆਮ ਜੀ, ਵਰਿੰਦਾਵਨ ਤੇ ਮਥੁਰਾ ਤੀਰਥ ਸਥਾਨਾ ਲਈ ਬੱਸਾਂ ਰਵਾਨਾ ਕੀਤੀਆਂ ਗਈਆਂ।



ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਸ਼ੁਰੂ ਹੋਣ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਯਾਤਰਾ ਦਾ ਅਨੇਕਾ ਲੋਕਾਂ ਨੇ ਲਾਹਾ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬੱਸਾਂ ਰਾਹੀਂ ਸ਼ਰਧਾਲੂਆਂ ਲਈ ਤੀਰਥ ਸਥਾਨਾਂ ਦੇ ਦਰਸ਼ਨਾਂ ਤੋਂ ਇਲਾਵਾ ਰਹਿਣ-ਸਹਿਣ, ਖਾਣ -ਪੀਣ ਦਾ ਵਧੀਆ ਤੇ ਮੁਫਤ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਹੈ।

ਇਸ ਉਪਰੰਤ ਬੋਲਦਿਆਂ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਕਿਹਾ ਕਿ ਬਜੁਰਗ ਅਵਸਥਾ ਵਿਚ ਸ਼ਰਧਾਲੂ ਤੀਰਥ ਸਥਾਨਾਂ ਵਿਖੇ ਜਾਣ ਤੋਂ ਵਾਂਝੇ ਰਹਿ ਜਾਂਦੇ ਸਨ ਤੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਮੁੱਖ ਉਦੇਸ਼ ਵੱਡੀ ਉਮਰ ਦੇ ਲੋਕਾਂ ਅਤੇ ਧਾਰਮਿਕ ਸ਼ਰਧਾਲੂਆਂ ਨੂੰ ਆਸਾਨ, ਸੁਰੱਖਿਅਤ ਅਤੇ ਮੁਫ਼ਤ ਤੀਰਥ ਦਰਸ਼ਨ ਕਰਵਾਉਣਾ ਹੈ। ਉਨਾਂ ਦੱਸਿਆ ਕਿ ਸ਼ਰਧਾਲੂਆਂ ਵੱਲੋਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ। ਇਸ ਮੌਕੇ ਬਲਾਕ ਪ੍ਰਧਾਨ ਯੋਗੇਸ਼ ਸ਼ਰਮਾ, ਕੌਂਸਲਰ ਸੁਨੀਲ ਮੈਨੀ, ਬਲਾਕ ਪ੍ਰਧਾਨ ਕਿਰਨ, ਟਰੇਡ ਕਮਿਸ਼ਨ ਦੇ ਚੇਅਰਮੈਨ ਲਵੀਸ਼ ਚਾਵਲਾ ਅਤੇ ਆਮ ਆਦਮੀ ਪਾਰਟੀ ਦੇ ਆਗੂ ਮੌਜੂਦ ਸਨ ।

## ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਤਿਆਰੀਆਂ ਮੁਕੰਮਲ ਕਰਨ ਦੇ ਦਿੱਤੇ ਦਿਸ਼ਾ ਨਿਰਦੇਸ਼

**ਗੁਰਦਾਸਪੁਰ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦਾਸਪੁਰ ਜ਼ਿਲ੍ਹੇ ਵਿੱਚ 5 ਡਰੋਨ ਸ਼ੋਅ ਕਰਵਾਏ ਜਾਣਗੇ।




ਇਹ ਜਾਣਕਾਰੀ ਸ਼੍ਰੀ ਆਦਿਤਿਆ ਉੱਪਲ, ਡਿਪਟੀ ਕਮਿਸ਼ਨਰ ਵੱਲੋਂ ਕਾਨਫਰੈਂਸ ਹਾਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੌਰਾਨ ਦਿਤੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਗੁਰਦਾਸਪੁਰ ਵਿਖੇ 5 ਡਰੋਨ ਸ਼ੋਅ ਕਰਵਾਏ ਜਾਣਗੇ। ਉਨਾਂ ਦੱਸਿਆ ਕਿ 28 ਸਤੰਬਰ ਨੂੰ ਗੁਰਦਾਸਪੁਰ ਵਿਖੇ, 29 ਸਤੰਬਰ ਨੂੰ ਦੀਨਾਨਗਰ ਵਿਖੇ, 30 ਸਤੰਬਰ ਨੂੰ ਕਾਦੀਆਂ ਵਿਖੇ, 1 ਅਕਤੂਬਰ ਨੂੰ ਬਟਾਲਾ ਅਤੇ 2 ਅਕਤੂਬਰ ਨੂੰ ਸ਼੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਡਰੋਨ ਸ਼ੋਅ ਕਰਵਾਇਆ ਜਾਵੇਗਾ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ, ਪਾਵਰਕਾਮ, ਫਾਇਰ ਬ੍ਰਿਗੇਡ, ਸਿਹਤ, ਪੀ.ਡਬਲਿਊ.ਡੀ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਮੰਡੀ ਬੋਰਡ, ਮਾਰਕਿਟ ਕਮੇਟੀਆਂ ਸਮੇਤ ਵੱਖ-ਵੱਖ ਵਿਭਾਗਾਂ ਨੂੰ ਡਰੋਨ ਸ਼ੋਅ ਸਬੰਧੀ ਤਿਆਰੀਆਂ ਸਮੇਂ ਸਿਰ ਮੁਕੰਮਲ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਡਰੋਨ ਸ਼ੋਅ ਵਿਚ ਸ਼ਾਨਦਾਰ ਦ੍ਰਿਸ਼ਾ ਦੇ ਜਰੀਏ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ ਨੂੰ ਪੇਸ਼ ਕੀਤਾ ਜਾਵੇਗਾ। ਡਰੋਨ ਸ਼ੋਅ ਸ਼ਾਮ ਦੇ ਸਮੇਂ ਕਰਵਾਏ ਜਾਣਗੇ।

ਇਸ ਮੌਕੇ ਗੁਰਪ੍ਰੀਤ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ ), ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ), ਅਸ਼ੋਕ ਕੁਮਾਰ ਐੱਸ.ਡੀ.ਐਮ ਗੁਰਦਾਸਪੁਰ, ਸਾਰੰਗਪ੍ਰੀਤ ਸਿੰਘ ਔਜਲਾ ਐੱਸ.ਡੀ.ਐਮ ਬਟਾਲਾ, ਗਗਨਦੀਪ ਸਿੰਘ ਐੱਸ.ਡੀ.ਐਮ ਦੀਨਾਨਗਰ, ਪ੍ਰੋਫੈਸਰ ਰਾਜ ਕੁਮਾਰ ਸ਼ਰਮਾ ਸਕੱਤਰ ਜ਼ਿਲ੍ਹਾ ਹੈਰੀਟੇਜ ਸੁਸਾਇਟੀ, ਡੀ.ਡੀ.ਪੀ.ਓ ਹਰਪ੍ਰੀਤ ਸਿੰਘ, ਤੇਜਿੰਦਰਪਾਲ ਸਿੰਘ ਡੀ.ਐੱਸ.ਪੀ ਬਟਾਲਾ, ਡਾ. ਮਹੇਸ਼ ਪ੍ਰਭਾਕਰ ਸਿਵਲ ਸਰਜਨ, ਪਰਮਿੰਦਰ ਸਿੰਘ ਸੈਣੀ ਪ੍ਰੋਗਰਾਮ ਅਫਸਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਬਲਵਿੰਦਰ ਸਿੰਘ ਲਾਡੀ ਨੇ ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਬਟਾਲਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਲਾਡੀ ਵੱਲੋਂ ਯੋਗ ਉਮੀਦਵਾਰਾਂ ਨੂੰ ਪਾਰਦਰਸ਼ੀ ਢੰਗ ਨਾਲ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਉਣ ਦੀ ਮੁਹਿੰਮ ਤਹਿਤ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਆਂਗਣਵਾੜੀ ਵਰਕਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ। ਇਸ ਮੌਕੇ ਸੀ.ਡੀ.ਪੀ.ਓ ਵਰਿੰਦਰ ਸਿੰਘ ਵੀ ਮੌਜੂਦ ਸਨ।

ਬਲਵਿੰਦਰ ਸਿੰਘ ਲਾਡੀ ਨੇ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਇਮਾਨਦਾਰੀ, ਮਿਹਨਤ ਅਤੇ ਸਮਰਪਿਤ ਭਾਵਨਾ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ- ਰਹਿਤ ਢੰਗ ਨਾਲ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਰੁਜ਼ਗਾਰ ਦੇ ਹੋਰ ਮੌਕੇ ਉਪਲਬਧ ਕਰਵਾਉਣ ਲਈ ਭਰਤੀ ਪ੍ਰਕਿਰਿਆ ਲਗਾਤਾਰ ਜਾਰੀ ਰਹੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹਰ ਯੋਗ ਨੌਜਵਾਨ ਨੂੰ ਉਸ ਦੀ ਮਿਹਨਤ ਅਤੇ ਯੋਗਤਾ ਦੇ ਆਧਾਰ 'ਤੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ਼ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਅਤੇ ਮਜ਼ਬੂਤ ਹੋਵੇਗਾ, ਸਗੋਂ ਪੰਜਾਬ ਦੇ ਵਿਕਾਸ ਨੂੰ ਵੀ ਨਵੀਂ ਗਤੀ ਮਿਲੇਗੀ। ਉਨ੍ਹਾਂ ਇਹ ਵੀ ਕਿਹਾ ਕਿ ਆਂਗਣਵਾੜੀ ਕੇਂਦਰ ਬੱਚਿਆਂ, ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ, ਪੋਸ਼ਣ ਅਤੇ ਸ਼ੁਰੂਆਤੀ ਸਿੱਖਿਆ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਨਵ-ਨਿਯੁਕਤ ਵਰਕਰ ਆਪਣੀਆਂ ਸੇਵਾਵਾਂ ਪੂਰੀ ਤਨਦੇਹੀ ਨਾਲ ਨਿਭਾਉਣ।

## 2 ਹਫਤਿਆਂ ਦਾ ਮੁ.ਫਤ ਡੇਅਰੀ ਸਿਖਲਾਈ ਕੋਰਸ ਸ਼ੁਰੂ

**ਬਠਿੰਡਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਵਰਿਆਮ ਸਿੰਘ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 2 ਹਫਤਿਆਂ ਦੀ ਮੁਫਤ ਡੇਅਰੀ ਸਿਖਲਾਈ ਦੇਣ ਲਈ ਦੂਜਾ ਬੈਚ ਅੱਜ ਤੋਂ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਲਗਾਇਆ ਗਿਆ ਹੈ।

ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਸ਼੍ਰੀ ਦੀਪਕ ਵਰਮਾ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਸਿਖਿਆਰਥੀਆਂ ਦੀ ਟ੍ਰੇਨਿੰਗ ਡੇਅਰੀ ਸਿਖਲਾਈ ਸੈਂਟਰ, ਸਰਦੂਲਗੜ੍ਹ, ਜਿਲ੍ਹਾ ਮਾਨਸਾ ਵਿਖੇ ਕਰਵਾਈ ਜਾਵੇਗੀ। ਇਸ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਵਰਿਆਮ ਸਿੰਘ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 2 ਹਫਤਿਆਂ ਦੀ ਮੁਫਤ ਡੇਅਰੀ ਸਿਖਲਾਈ ਦੇਣ ਲਈਸਕੀਮ ਤਹਿਤ ਸਿਖਲਾਈ ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੀ ਜਾਵੇਗੀ,

ਜੋ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣਗੇ, ਜਿਨ੍ਹਾਂ ਦੀ ਉਮਰ 18 ਤੋਂ 55 ਸਾਲ ਦੇ ਦਰਮਿਆਨ ਹੋਵੇਗੀ ਅਤੇ ਉਹ ਘੱਟੋ-ਘੱਟ ਪੰਜਵੀਂ ਪਾਸ ਹੋਣਗੇ।

ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਇਹ ਸਿਖਲਾਈ ਮੁਫ਼ਤ ਦਿਵਾਈ ਜਾਵੇਗੀ ਅਤੇ ਸਿਖਲਾਈ ਉਪਰੰਤ ਪ੍ਰਤੀ ਸਿਖਿਆਰਥੀ 3500 ਰੁਪਏ ਵਜੀਫਾ ਵੀ ਦਿੱਤਾ ਜਾਵੇਗਾ। ਉਨ੍ਹਾਂ ਅਨੁਸੂਚਿਤ ਜਾਤੀ ਨਾਲ ਸਬੰਧਿਤ ਨੌਜਵਾਨਾਂ ਨੂੰ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਸਿਖਿਆਰਥੀਆਂ ਦੀ ਟ੍ਰੇਨਿੰਗ ਡੇਅਰੀ ਸਿਖਲਾਈ ਸੈਂਟਰ, ਸਰਦੂਲਗੜ੍ਹ, ਜਿਲ੍ਹਾ ਮਾਨਸਾ ਵਿਖੇ 14 ਸਤੰਬਰ ਤੋਂ ਕਰਵਾਈ ਜਾਵੇਗੀ।

ਇਸ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ-ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਵਰਿਆਮ ਸਿੰਘ ਦੀ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ ਪੰਜਾਬਅਪੀਲ ਕੀਤੀ ਕਿ ਉਹ ਇਸ ਸਿਖਲਾਈ ਕੋਰਸ ਦਾ ਪੂਰਾ ਲਾਹਾ ਲੈਣ।

## ਪਰਾਲੀ ਦੀ ਸਾਂਭ-ਸੰਭਾਲ ਲਈ ਫਾਜ਼ਿਲਕਾ ਚ ਕਰਵਾਈ ਜਾਵੇਗੀ ਮਲਟੀਕਲਰ ਸਲੋਗਨ ਵਾਲ ਪੇਂਟਿੰਗ

**ਫਾਜ਼ਿਲਕਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਫਾਜ਼ਿਲਕਾ ਵੱਲੋਂ ਸੀ.ਆਰ.ਐਮ ਸਕੀਮ ਸਾਲ 2026-27 ਅਧੀਨ ਝੋਨੇ/ ਬਾਸਮਤੀ ਦੀ ਪਰਾਲੀ ਦੀ ਸਾਂਭ-ਸੰਭਾਲ/ਅੱਗ ਨਾ ਲਗਾਉਣ ਸਬੰਧੀ ਕਿਸਾਨ ਨੂੰ ਪ੍ਰੇਰਿਤ ਕਰਨ ਲਈ ਜਿਲ੍ਹੇ ਦੇ ਸਾਰੇ ਪਿੰਡਾਂ ਵਿਚ ਢੁੱਕਵੀਆਂ ਥਾਵਾਂ ਤੇ ਤਕਰੀਬਨ 150 ਮਲਟੀਕਲਰ ਸਲੋਗਨ ਵਾਲ ਪੇਂਟਿੰਗ ਕਰਵਾਈ ਜਾਣੀ ਹੈ। ਮਲਟੀਕਲਰ ਸਲੋਗਨ ਲਈ ਵਾਲ ਪੇਂਟਿੰਗ ਦਾ ਸਾਈਜ਼ 30 ਸਕੇਅਰ ਫੁੱਟ ਤੋਂ ਵੱਧ ਹੋਵੇ।

ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ ਕੁਲਵੰਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਚਾਹਵਾਨ ਵਾਲ ਪੇਂਟਰਜ਼ ਮਿਤੀ 14 ਸਤੰਬਰ 2026 ਤੱਕ ਲਿਫਾਫਾ ਬੰਦ ਕੁਟੇਸਨਾਂ ਮੁੱਖ ਖੇਤੀਬਾੜੀ ਅਫਸਰ ਦਫਤਰ ਫਾਜ਼ਿਲਕਾ ਵਿਖੇ ਭੇਜੀਆਂ ਜਾਣ ਤਾਂ ਜੋ ਤਾਂ ਜੋ ਘੱਟ ਰੇਟ ਵਾਲੀ ਫਰਮ ਨੂੰ ਇਸ ਸੰਬਧੀ ਸਪਲਾਈ ਆਰਡਰ ਦਿੱਤਾ ਜਾ ਸਕੇ । ਉਹਨਾਂ ਕਿਹਾ ਕਿ ਵਾਲ ਪੇਂਟਿੰਗ ਦੀ ਕੁਆਲਟੀ ਵਧੀਆਂ ਹੋਣੀ ਚਾਹੀਦੀ ਹੈ ਅਤੇ ਵਾਲ ਪੇਂਟਿੰਗ ਦੇ ਕੰਮ ਨੂੰ ਮਿਤੀ 30 ਸਤੰਬਰ 2026 ਤੱਕ ਮੁਕੰਮਲ ਕਰਨਾ ਜ਼ਰੂਰੀ ਹੋਵੇਗਾ। ਜਿਸ ਜਗ੍ਹਾ ਤੇ ਵਾਲ ਪੇਂਟਿੰਗ ਕੀਤੀ ਗਈ ਹੈ, ਉਸ ਦਾ ਰਿਕਾਰਡ ਰੱਖਿਆ ਜਾਵੇ ਅਤੇ ਉਸ ਦੀਆਂ ਲੋਕਸਨ ਵਾਲੀ ਫੋਟੋ ਬਿਲ ਨਾਲ ਭੇਜੀ ਜਾਵੇ।

ਉਨ੍ਹਾਂ ਅੱਗੇ ਦੱਸਿਆ ਕਿ ਪੇਂਟਿੰਗ ਲਈ ਸਲੋਗਨ ਅਤੇ ਉਹਨਾ ਦੇ ਰੰਗ ਆਦਿ ਦਾ ਵੇਰਵਾ ਅਨੁਲੱਗ-ਓ ਅਨੁਸਾਰ ਹੋਣਾ ਚਾਹੀਦਾ ਹੈ । ਹਰੇਕ ਵਾਲ ਪੇਂਟਿੰਗ ਤੇ ਇੱਕ ਅਲੱਗ ਕੋਡ ਲਿਖਣਾ ਜ਼ਰੂਰੀ ਹੋਵੇਗਾ, ਜਿਸ ਵਿਚ ਸਕੀਮ/ਜ਼ਿਲ੍ਹਾ/ਬਲਾਕ/ਪੇਂਟਿੰਗ ਦਾ ਨੰਬਰ ਲਿਖਿਆ ਹੋਵੇ ਜਿਵੇਂ ਕਿ ਫਾਜ਼ਿਲਕਾ ਜ਼ਿਲ੍ਹੇ ਦੇ ਅਬੋਹਰ ਬਲਾਕ ਦਾ ਕੋਡ 128/26-27/01 , ਇਸ ਤਰ੍ਹਾਂ ਵਾਲ ਪੇਂਟਿੰਗ ਲਈ ਢੁਕਵੀ ਥਾਂ ਚੁਣੀ ਜਾਵੇ

# ਈਜ਼ੀ ਰਜਿਸਟਰੀ ਦੇ 14 ਮਹੀਨੇ ਮੁਕੰਮਲ, ਪੰਜਾਬ ਵਿੱਚ ਜਾਇਦਾਦ ਰਜਿਸਟ੍ਰੇਸ਼ਨ ਸੇਵਾਵਾਂ 'ਚ ਆਇਆ ਵੱਡਾ ਬਦਲਾਅ

## ਸੂਬੇ ਨੇ ਲੰਬੀਆਂ ਕਤਾਰਾਂ ਤੇ ਏਜੰਟਾਂ ਦੀ ਥਾਂ ਆਨਲਾਈਨ ਸੇਵਾਵਾਂ, ਦਸਤਾਵੇਜ਼ਾਂ ਦੀ ਸਮਾਂਬੱਧ ਘੋਖ ਅਤੇ ਡਿਜੀਟਲ ਪਾਰਦਰਸ਼ਤਾ ਦੇ ਯੁੱਗ ਤੱਕ ਪੈਰ ਪਸਾਰੇ: ਹਰਦੀਪ ਸਿੰਘ ਮੁੰਡੀਆਂ

**ਚੰਡੀਗੜ੍ਹ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮਾਲ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਅੱਜ ਕਿਹਾ ਕਿ ਜਾਇਦਾਦ ਰਜਿਸਟ੍ਰੇਸ਼ਨ ਨੂੰ ਤੇਜ਼, ਸਰਲ, ਪਾਰਦਰਸ਼ੀ ਅਤੇ ਲੋਕ-ਪੱਖੀ ਬਣਾਉਣ ਸਬੰਧੀ ਸੂਬਾ ਸਰਕਾਰ ਦੇ ਯਤਨਾਂ ਵਿੱਚ ਈਜ਼ੀ ਰਜਿਸਟਰੀ ਇੱਕ ਅਹਿਮ ਮੀਲ ਪੱਥਰ ਸਾਬਤ ਹੋਈ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਈਜ਼ੀ ਰਜਿਸਟਰੀ ਦੀ ਜੁਲਾਈ 2025 ਵਿੱਚ ਮੋਹਾਲੀ ਤੋਂ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂਆਤ ਤੋਂ ਲੈ ਕੇ ਨਾਗਰਿਕਾਂ ਨੂੰ ਜਾਇਦਾਦ ਰਜਿਸਟ੍ਰੇਸ਼ਨ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਦੇ ਤਰੀਕੇ ਪੂਰੀ ਤਰ੍ਹਾਂ ਬਦਲ ਗਏ। ਇਸ ਪਹਿਲਕਦਮੀ ਨਾਲ ਰਜਿਸਟ੍ਰੇਸ਼ਨ ਪ੍ਰਕਿਰਿਆ, ਜੋ ਪਹਿਲਾਂ ਵੱਡੇ ਪੱਧਰ 'ਤੇ ਦਫ਼ਤਰੀ ਪ੍ਰਣਾਲੀ 'ਤੇ ਨਿਰਭਰ ਸੀ, ਇੱਕ ਆਨਲਾਈਨ ਅਤੇ ਸਮਾਂਬੱਧ ਮਾਡਲ ਵਿੱਚ ਤਬਦੀਲ ਕੀਤੀ ਗਈ ਜਿਸ ਨਾਲ ਵਾਰ-ਵਾਰ ਦਫ਼ਤਰਾਂ ਦੇ ਗੇੜੇ ਮਾਰਨ ਅਤੇ ਸਿੱਧੇ ਸੰਪਰਕ ਕਰਨ ਦੀ ਜ਼ਰੂਰਤ ਘੱਟ ਗਈ।

ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮਾਨ ਸਰਕਾਰ ਦਾ ਧਿਆਨ ਜਾਇਦਾਦ ਰਜਿਸਟ੍ਰੇਸ਼ਨ ਨੂੰ ਇੱਕ ਅਜਿਹੀ ਸੇਵਾ ਵਿੱਚ ਬਦਲਣ 'ਤੇ ਕੇਂਦਰਤ ਰਿਹਾ ਜਿਸ ਤੱਕ ਨਾਗਰਿਕ ਵਧੇਰੇ ਸੁਵਿਧਾਜਨਕ ਤਰੀਕੇ ਅਤੇ ਵਿਸ਼ਵਾਸ ਨਾਲ ਪਹੁੰਚ ਕਰ ਸਕਣ। ਉਨ੍ਹਾਂ ਕਿਹਾ, ਈਜ਼ੀ ਰਜਿਸਟਰੀ ਸਿਰਫ਼ ਇੱਕ ਡਿਜੀਟਲ ਪਲੇਟਫਾਰਮ ਨਹੀਂ, ਸਗੋਂ ਇਹ ਇੱਕ ਪ੍ਰਸ਼ਾਸਕ ਸੁਧਾਰ ਹੈ, ਜੋ ਨਾਗਰਿਕਾਂ ਦੀ ਸਹੂਲਤ, ਮਾਣ ਅਤੇ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਤਿਆਰ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਈਜ਼ੀ ਰਜਿਸਟਰੀ ਦਾ ਪ੍ਰਭਾਵ ਨਾਗਰਿਕਾਂ ਤੋਂ ਪ੍ਰਾਪਤ ਫੀਡਬੈਕ ਤੋਂ ਸਪੱਸ਼ਟ ਹੁੰਦਾ ਹੈ। ਜਿਹੜੇ ਜ਼ਿਲ੍ਹਿਆਂ ਅਤੇ ਪਿੰਡਾਂ ਵਿੱਚ ਇਹ ਪੋਰਟਲ ਕਾਰਜਸ਼ੀਲ ਹੈ, ਉੱਥੇ ਦੇ 6,623 ਟੋਕਨ-ਹੋਲਡਰ ਨਾਗਰਿਕਾਂ ਦੇ ਦੋ ਪੜਾਵਾਂ ਵਿੱਚ ਸਰਵੇਖਣ ਕਰਵਾਏ ਗਏ। ਸਰਵੇਖਣ 1.0 ਵਿੱਚ 1,737 ਲਾਭਪਾਤਰੀ ਅਤੇ ਸਰਵੇਖਣ 2.0 ਵਿੱਚ 4,886 ਲਾਭਪਾਤਰੀ ਸ਼ਾਮਲ ਹੋਏ।

ਉਨ੍ਹਾਂ ਦੱਸਿਆ ਕਿ ਦੋਵਾਂ ਸਰਵੇਖਣਾਂ ਦੇ ਨਤੀਜਿਆਂ ਵਿੱਚ ਇਸ ਨਵੀਂ ਪ੍ਰਣਾਲੀ ਪ੍ਰਤੀ ਲੋਕਾਂ ਦੀ ਸੰਤੁਸ਼ਟੀ ਜ਼ਾਹਰ ਹੋਈ। ਉਨ੍ਹਾਂ ਦੱਸਿਆ ਕਿ 93 ਫ਼ੀਸਦੀ ਲਾਭਪਾਤਰੀ ਨਵੀਂ ਰਜਿਸਟ੍ਰੇਸ਼ਨ ਪ੍ਰਕਿਰਿਆ ਤੋਂ ਸੰਤੁਸ਼ਟ ਪਾਏ ਗਏ। ਇਸੇ ਤਰ੍ਹਾਂ 93 ਫ਼ੀਸਦੀ ਲਾਭਪਾਤਰੀਆਂ ਨੇ ਕਿਹਾ ਕਿ ਉਨ੍ਹਾਂ ਦੀ ਰਜਿਸਟਰੀ ਨਿਰਧਾਰਤ ਮਿਤੀ 'ਤੇ ਮੁਕੰਮਲ ਹੋਈ। ਇਸ ਤੋਂ ਇਲਾਵਾ 90 ਫ਼ੀਸਦੀ ਲਾਭਪਾਤਰੀਆਂ ਨੂੰ ਪ੍ਰਕਿਰਿਆ ਦੇ ਕਿਸੇ ਵੀ ਪੜਾਅ 'ਤੇ ਕੋਈ ਸਮੱਸਿਆ ਨਹੀਂ ਆਈ ਜਦਕਿ 93 ਫ਼ੀਸਦੀ ਕੇਸ ਬਿਨਾਂ ਕਿਸੇ ਇਤਰਾਜ਼ ਦੇ ਮੁਢਲੀ-ਜਾਂਚ ਮੌਕੇ ਨਿਪਟਾਏ ਗਏ। ਇਸੇ ਤਰ੍ਹਾਂ 94 ਫ਼ੀਸਦੀ ਲਾਭਪਾਤਰੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕੋਈ ਵਾਧੂ ਭੁਗਤਾਨ ਕਰਨ ਲਈ ਕੋਈ ਦਬਾਅ ਨਹੀਂ ਪਾਇਆ ਗਿਆ।

ਲਾਭਪਾਤਰੀਆਂ ਦੀ ਫ਼ੀਡਬੈਕ ਅਨੁਸਾਰ ਜ਼ਿਆਦਾਤਰ ਬਿਨੈਕਾਰਾਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦੇ ਨਿਰਧਾਰਤ ਦਿਨ ਨੂੰ ਲਗਭਗ 35 ਮਿੰਟਾਂ ਵਿੱਚ ਮੁਕੰਮਲ ਹੋਈ। ਨਿਰਧਾਰਤ ਦਿਨ ਅਤੇ ਟੋਕਨ ਪ੍ਰਣਾਲੀ ਨਾਲ ਦਫ਼ਤਰਾਂ ਵਿੱਚ ਉਡੀਕ ਕਰਨ ਦੇ ਸਮੇਂ ਵਿੱਚ ਕਮੀ ਆਈ ਜਦੋਂ ਕਿ 48-ਘੰਟੇ ਵਿੱਚ ਦਸਤਾਵੇਜ਼ਾਂ ਦੀ ਜਾਂਚ ਨਾਲ ਵਾਰ-ਵਾਰ ਦਫ਼ਤਰ ਜਾਣ ਦੀ ਜ਼ਰੂਰਤ ਵੀ ਘਟੀ ਹੈ। ਸਥਿਤੀ ਸਬੰਧੀ ਵੱਟਸਐਪ ਅਪਡੇਟ ਨਾਲ ਅਰਜ਼ੀਆਂ ਨੂੰ ਟ੍ਰੈਕ ਕਰਨ ਲਈ ਏਜੰਟਾਂ 'ਤੇ ਨਿਰਭਰਤਾ ਹੋਰ ਘਟ ਗਈ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿੱਚ ਰਜਿਸਟਰਡ ਡੀਡ ਇੱਕ ਵਾਰ ਜਾਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸ. ਮੁੰਡੀਆਂ ਨੇ ਕਿਹਾ ਕਿ ਇਹ ਅੰਕੜੇ ਇਨ੍ਹਾਂ 14 ਮਹੀਨਿਆਂ ਦੌਰਾਨ ਈਜ਼ੀ ਰਜਿਸਟਰੀ ਰਾਹੀਂ ਲਿਆਂਦੇ ਗਏ ਬਦਲਾਅ ਨੂੰ ਦਰਸਾਉਂਦੇ ਹਨ। ਫ਼ੀਡਬੈਕ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਸੁਧਾਰਾਂ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਸਮਾਂਬੱਧਤਾ ਅਤੇ ਜਨਤਾ ਦੇ ਭਰੋਸੇ ਦੋਵਾਂ ਵਿੱਚ ਸੁਧਾਰ ਕੀਤਾ ਹੈ। ਸ. ਮੁੰਡੀਆਂ ਨੇ ਕਿਹਾ ਕਿ ਈਜ਼ੀ ਰਜਿਸਟਰੀ ਨੇ ਤਕਨਾਲੋਜੀ ਨੂੰ ਪ੍ਰਸ਼ਾਸਕੀ ਸੁਧਾਰਾਂ ਨਾਲ ਜੋੜ ਕੇ ਜਾਇਦਾਦ ਰਜਿਸਟ੍ਰੇਸ਼ਨ ਨਾਲ ਜੁੜੇ ਮੁੱਖ ਮੁੱਦਿਆਂ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ।

ਆਨਲਾਈਨ ਡੀਡ ਤਿਆਰ ਕਰਨ ਅਤੇ ਫੀਸ ਭੁਗਤਾਨ ਤੋਂ ਲੈ ਕੇ ਮੁਢਲੀ-ਜਾਂਚ, ਪਹਿਲਾਂ ਆਉ-ਪਹਿਲਾਂ ਜਾਉ (ਐਫ.ਆਈ.ਐਫ.ਓ) ਫਾਈਲ ਪ੍ਰੋਸੈਸਿੰਗ, ਡਿਜੀਟਲ ਫਰਦ ਜਨਰੇਸ਼ਨ, ਈ-ਕੇਵਾਈਸੀ ਵੈਰੀਫਿਕੇਸ਼ਨ, ਟੋਕਨ ਪ੍ਰਬੰਧਨ ਅਤੇ ਵੱਟਸਐਪ ਸੰਚਾਰ ਤੱਕ, ਈਜ਼ੀ ਰਜਿਸਟਰੀ ਨੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕ-ਪੱਖੀ ਪ੍ਰਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਜਨਤਕ ਸੇਵਾਵਾਂ ਸਮਾਂਬੱਧ ਢੰਗ, ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਪ੍ਰਦਾਨ ਕੀਤੀਆਂ ਜਾਣ। ਮਾਲ ਮੰਤਰੀ ਨੇ ਕਿਹਾ ਕਿ ਪੁਰਾਣੀ ਪ੍ਰਣਾਲੀ ਤਹਿਤ ਨਾਗਰਿਕਾਂ ਨੂੰ ਉਸ ਅਧਿਕਾਰ ਖੇਤਰ ਨਾਲ ਸਬੰਧਤ ਸਬ-ਰਜਿਸਟਰਾਰ ਦਫ਼ਤਰ ਤੱਕ ਪਹੁੰਚ



ਕਰਨ ਦੀ ਲੋੜ ਹੁੰਦੀ ਸੀ ਜਿਸ ਵਿੱਚ ਉਸ ਦੀ ਜਾਇਦਾਦ ਮੌਜੂਦ ਹੁੰਦੀ ਸੀ। ਈਜ਼ੀ ਰਜਿਸਟਰੀ ਨਾਲ ਜ਼ਿਲ੍ਹੇ ਦੇ ਅੰਦਰ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਰਜਿਸਟ੍ਰੇਸ਼ਨ ਦੀ ਆਗਿਆ ਦੇ ਕੇ ਇਸ ਰੁਕਾਵਟ ਨੂੰ ਦੂਰ ਕਰ ਦਿੱਤਾ ਗਿਆ ਹੈ।

ਸ. ਮੁੰਡੀਆਂ ਨੇ ਕਿਹਾ ਕਿ ਕਿਸੇ ਵੀ ਦਫ਼ਤਰ ਵਿੱਚ ਕੰਮ ਕਰਵਾਉਣ ਦੀ ਇਸ ਸੁਵਿਧਾ ਨਾਲ ਕਿਸੇ ਖਾਸ ਦਫ਼ਤਰ ਜਾਂ ਅਧਿਕਾਰੀ 'ਤੇ ਨਾਗਰਿਕਾਂ ਦੀ ਨਿਰਭਰਤਾ ਵਿੱਚ ਕਮੀ ਆਈ ਹੈ ਅਤੇ ਨਾਗਰਿਕਾਂ ਨੂੰ ਚੋਣ ਕਰਨ ਸਬੰਧੀ ਵਧੇਰੇ ਆਜ਼ਾਦੀ ਪ੍ਰਦਾਨ ਕੀਤੀ ਗਈ। ਇਸ ਸੁਧਾਰ ਨਾਲ ਪੱਖਪਾਤ ਅਤੇ ਬੇਲੋੜੇ ਪ੍ਰਭਾਵ ਦੀ ਸਥਿਤੀਆਂ ਨੂੰ ਖ਼ਤਮ ਕਰਨ ਵਿੱਚ ਵੀ ਮਦਦ ਮਿਲੀ ਹੈ।

***ਪਹਿਲਾਂ ਆਉ-ਪਹਿਲਾਂ ਜਾਉ (ਐਫ.ਆਈ.ਐਫ.ਓ) ਸਿਸਟਮ ਨਾਲ ਕ੍ਰਮਵਾਰ ਪ੍ਰਕਿਰਿਆ ਯਕੀਨੀ ਬਣੀ ਅਤੇ ਵਧੇਰੇ ਪਾਰਦਰਸ਼ਤਾ ਆਈ***

ਈਜ਼ੀ ਰਜਿਸਟਰੀ ਤਹਿਤ ਫਾਈਲਾਂ ਨੂੰ ਸੰਭਾਲਣ ਲਈ ਇੱਕ ਪਹਿਲਾਂ ਆਉ-ਪਹਿਲਾਂ ਜਾਉ (ਐਫ.ਆਈ.ਐਫ.ਓ) ਪ੍ਰਣਾਲੀ ਪੇਸ਼ ਕੀਤੀ ਗਈ ਹੈ। ਕਿਸੇ ਵੀ ਫਾਈਲਾਂ 'ਤੇ ਖਾਸ ਕਾਰਵਾਈ ਕਰਨ ਦੀ ਬਜਾਏ, ਅਰਜ਼ੀਆਂ 'ਤੇ ਉਸੇ ਕ੍ਰਮ ਵਿੱਚ ਕਾਰਵਾਈ ਕੀਤੀ ਜਾਂਦੀ ਹੈ ਜਿਸ ਕ੍ਰਮ ਵਿੱਚ ਉਹ ਪ੍ਰਾਪਤ ਹੁੰਦੀਆਂ ਹਨ। ਸ. ਮੁੰਡੀਆਂ ਨੇ ਕਿਹਾ ਕਿ ਇਸ ਸੁਧਾਰ ਨਾਲ ਪ੍ਰਕਿਰਿਆ ਵਿੱਚ ਸਮਾਂਬੱਧਤਾ ਅਤੇ ਨਿਰਪੱਖਤਾ ਆਈ ਹੈ ਅਤੇ ਨਾਗਰਿਕਾਂ ਨੂੰ ਇਹ ਜਾਣਨ ਲਈ ਕਿ ਉਨ੍ਹਾਂ ਦੀ ਫਾਈਲ 'ਤੇ ਕਦੋਂ ਕਾਰਵਾਈ ਕੀਤੀ ਜਾਵੇਗੀ, ਕਿਸੇ ਨਿੱਜੀ ਪ੍ਰਭਾਵ ਜਾਂ ਵਾਰ-ਵਾਰ ਦਫ਼ਤਰ ਜਾਣ ਦੀ ਜ਼ਰੂਰਤ ਨਹੀਂ ਰਹੀ।

ਈਜ਼ੀ ਰਜਿਸਟਰੀ ਤਹਿਤ ਇੱਕ ਢਾਂਚਾਗਤ ਅਤੇ ਸਮਾਂਬੱਧ ਇਤਰਾਜ਼ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ। ਬਿਨੈਕਾਰ ਦਾ ਕੇਸ ਰਜਿਸਟਰਾਰ ਦਫ਼ਤਰ ਪਹੁੰਚਣ ਤੋਂ ਪਹਿਲਾਂ ਹੀ ਇਸ ਨਾਲ ਸਬੰਧਤ ਇਤਰਾਜ਼ਾਂ ਦਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਨਿਰਧਾਰਿਤ ਸਮੇਂ ਦੀ ਵਿਜ਼ਟ ਦੌਰਾਨ ਨਾਗਰਿਕਾਂ ਦੇ ਸਮੇਂ ਦੀ ਬੱਚਤ ਹੁੰਦੀ ਹੈ।

ਰਜਿਸਟਰਾਰ ਦੁਆਰਾ ਇਤਰਾਜ਼ ਉਠਾਏ ਜਾਣ 'ਤੇ ਇਸ ਪ੍ਰਣਾਲੀ ਰਾਹੀਂ 48 ਘੰਟਿਆਂ ਦੌਰਾਨ ਜਾਣਕਾਰੀ ਦੇਣੀ ਲਾਜ਼ਮੀ ਹੈ। ਅਜਿਹੇ ਇਤਰਾਜ਼ਾਂ ਦੀ ਡਿਪਟੀ ਕਮਿਸ਼ਨਰ ਜਾਂ ਉਪ-ਮੰਡਲ ਮੈਜਿਸਟ੍ਰੇਟ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਤਰਾਜ਼ ਵਾਜਬ ਹਨ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇੱਕ ਸਪੱਸ਼ਟ ਜਾਂਚ ਸਮਾਂ-ਸੀਮਾ ਨਿਰਧਾਰਤ ਕਰਨ ਨਾਲ ਨਾਗਰਿਕਾਂ ਦੀ ਜਾਇਦਾਦ ਰਜਿਸਟ੍ਰੇਸ਼ਨ ਦੌਰਾਨ ਵਾਰ-ਵਾਰ ਹੋਣ ਵਾਲੀ ਖੱਜਲ-ਖੁਆਰੀ ਵਿੱਚ ਕਾਫ਼ੀ ਕਮੀ ਆਈ ਹੈ। 93 ਫ਼ੀਸਦੀ ਕੇਸਾਂ ਨੂੰ ਬਿਨਾਂ ਕਿਸੇ ਇਤਰਾਜ਼ ਦੇ ਪੜਤਾਲ ਤੋਂ ਪਹਿਲਾਂ ਹੀ ਨਿਪਟਾਇਆ ਗਿਆ ਹੈ।

ਈਜ਼ੀ ਰਜਿਸਟਰੀ ਨੇ ਸੇਲ ਡੀਡ ਤਿਆਰ ਕਰਨ ਦੇ ਤਰੀਕੇ ਨੂੰ ਵੀ ਬਦਲ ਦਿੱਤਾ ਹੈ। ਨਾਗਰਿਕ ਹੁਣ ਤਿੰਨ ਵਿਕਲਪਾਂ ਵਿੱਚੋਂ ਚੋਣ ਕਰ ਸਕਦੇ ਹਨ: ਡੂ ਇਟ ਯੂਅਰਸੈਲਫ ਆਨਲਾਈਨ ਡੀਡ ਡਰਾਫਟਿੰਗ, ਸਮਰਪਿਤ ਡੀਡ ਸਹਾਇਤਾ ਕਾਊਂਟਰਾਂ 'ਤੇ ਸਹਾਇਤਾ ਜਾਂ ਸੇਵਾ ਸਹਾਇਕਾਂ ਰਾਹੀਂ ਦਰ 'ਤੇ ਸੇਵਾਵਾਂ। ਇਸ ਨਾਲ ਨਿਯਮਤ ਡਰਾਫਟਿੰਗ ਜ਼ਰੂਰਤਾਂ ਲਈ ਨਿੱਜੀ ਡੀਡ-ਰਾਈਟਰਾਂ ਅਤੇ ਵਕੀਲਾਂ 'ਤੇ ਨਿਰਭਰਤਾ ਘਟੀ ਹੈ ਅਤੇ ਨਾਗਰਿਕਾਂ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ 'ਤੇ ਵਧੇਰੇ ਕੰਟਰੋਲ ਮਿਲਿਆ ਹੈ।

***ਇੱਕ ਟ੍ਰਾਂਜੈਕਸ਼ਨ, 25 ਬੈਂਕ ਅਤੇ ਤੁਰੰਤ ਫੀਸ ਗਣਨਾ***

ਉਨ੍ਹਾਂ ਕਿਹਾ ਕਿ ਨਵੀਂ ਪ੍ਰਣਾਲੀ ਨੇ ਸਟੈਂਪ ਡਿਊਟੀ ਅਤੇ ਰਜਿਸਟ੍ਰੇਸ਼ਨ ਫੀਸ ਦੇ ਭੁਗਤਾਨ ਨੂੰ ਸੁਚਾਰੂ ਬਣਾਇਆ ਹੈ। ਲਾਗੂ ਫੀਸਾਂ ਦੀ ਗਣਨਾ ਤੁਰੰਤ ਕੀਤੀ ਜਾਂਦੀ ਹੈ ਅਤੇ ਨਾਗਰਿਕ 25 ਬੈਂਕਾਂ ਦੀ ਇੱਕ ਏਕੀਕ੍ਰਿਤ ਪ੍ਰਣਾਲੀ ਦੀ ਵਰਤੋਂ ਕਰਕੇ ਇੱਕ ਸਿੰਗਲ ਟ੍ਰਾਂਜੈਕਸ਼ਨ ਰਾਹੀਂ ਆਨਲਾਈਨ ਭੁਗਤਾਨ ਕਰ ਸਕਦੇ ਹਨ। ਸ. ਮੁੰਡੀਆਂ ਨੇ ਦੱਸਿਆ ਕਿ ਇਸ ਪ੍ਰਣਾਲੀ ਨਾਲ ਬੈਂਕਾਂ ਦੇ ਵਾਰ-ਵਾਰ ਬੇਲੋੜੇ ਗੇੜੇ ਲਗਾਉਣ ਦੀ ਪ੍ਰਥਾ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਫੀਸਾਂ ਦੀ ਗਣਨਾ ਵਿੱਚ ਅਸਪੱਸ਼ਟਤਾ ਨੂੰ ਘਟਾਇਆ ਗਿਆ ਹੈ। ਪ੍ਰੀ-ਸਕਰੂਟਨੀ ਅਤੇ ਸਿੰਗਲ-ਵਿੰਡੋ ਪੇਮੈਂਟ ਨਾਲ ਰਿਫੰਡ ਸਬੰਧੀ ਬੇਨਤੀਆਂ ਘਟਾਉਣ ਵਿੱਚ ਵੀ ਮਦਦ ਮਿਲੀ ਹੈ।

ਈਜ਼ੀ ਰਜਿਸਟਰੀ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਦੇ ਵੱਖ-ਵੱਖ ਪੜਾਵਾਂ 'ਤੇ ਆਟੋਮੈਟਿਕ ਵੱਟਸਐਪ ਮੈਸੇਜ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ। ਹੁਣ ਬਿਨੈਕਾਰ ਏਜੰਟਾਂ 'ਤੇ ਨਿਰਭਰ ਰਹਿਣ ਜਾਂ ਸਰਕਾਰੀ ਦਫ਼ਤਰਾਂ ਦੇ ਗੇੜੇ ਮਾਰੇ ਬਿਨਾਂ ਆਪਣੇ ਕੇਸ ਦੀ ਪ੍ਰਗਤੀ ਦਾ ਪਤਾ ਕਰ ਸਕਦੇ ਹਨ। ਇਹ ਸਿਸਟਮ ਆਨਲਾਈਨ ਸ਼ਿਕਾਇਤਾਂ ਅਤੇ ਰਿਸ਼ਵਤ ਮੰਗਣ 'ਤੇ ਵੱਟਸਐਪ ਰਾਹੀਂ ਸਿੱਧੀ ਰਿਪੋਰਟਿੰਗ ਦੀ ਸਹੂਲਤ ਵੀ ਦਿੰਦਾ ਹੈ, ਜਿਸ ਵਿੱਚ ਅਜਿਹੀਆਂ ਸ਼ਿਕਾਇਤਾਂ ਸਿੱਧੀਆਂ ਡਿਪਟੀ ਕਮਿਸ਼ਨਰ ਤੱਕ ਪਹੁੰਚਦੀਆਂ ਹਨ। ਮਾਲ ਮੰਤਰੀ ਨੇ ਕਿਹਾ ਕਿ ਇਸ ਸਿੱਧੇ ਸੰਚਾਰ ਚੈਨਲ ਨੇ ਨਾਗਰਿਕਾਂ ਨੂੰ ਸੇਵਾ ਪ੍ਰਦਾਨ ਕਰਨ ਦੇ ਨਾਲ-ਨਾਲ ਜਵਾਬਦੇਹੀ ਨੂੰ ਵੀ ਮਜ਼ਬੂਤ ਕੀਤਾ ਹੈ। ਲਗਭਗ 94 ਫ਼ੀਸਦੀ ਬਿਨੈਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਵਾਧੂ ਪੈਸਾ ਦੇਣ ਲਈ ਮਜਬੂਰ ਨਹੀਂ ਕੀਤਾ ਗਿਆ।

ਈਜ਼ੀ ਰਜਿਸਟਰੀ ਤਹਿਤ ਇੱਕ ਵੱਡਾ ਤਕਨੀਕੀ ਸੁਧਾਰ ਜਮ੍ਹਾਂਬੰਦੀ ਪੋਰਟਲ ਦਾ ਈਜ਼ੀ ਰਜਿਸਟਰੀ ਪੋਰਟਲ ਨਾਲ ਏਕੀਕਰਣ ਹੈ। ਇਸ ਏਕੀਕਰਣ ਨਾਲ ਕਿਊ ਆਰ ਕੋਡ ਰਾਹੀਂ ਡਿਜੀਟਲ ਫਰਦ ਆਟੋਮੈਟਿਕਲੀ ਤਿਆਰ ਹੋ ਜਾਂਦੀ ਹੈ। ਬਿਨੈਕਾਰਾਂ ਨੂੰ ਹੁਣ ਫਰਦ ਮੈਨੂਅਲ ਅਪਲੋਡ ਕਰਨ ਦੀ ਲੋੜ ਨਹੀਂ ਹੈ। ਇਹ ਸਿਸਟਮ ਪ੍ਰਮਾਣਿਤ ਅਤੇ ਅਪਡੇਟ ਕੀਤੇ ਜ਼ਮੀਨੀ ਰਿਕਾਰਡ ਪ੍ਰਦਾਨ ਕਰਦਾ ਹੈ ਜਿਸ ਨਾਲ ਦਸਤਾਵੇਜ਼ਾਂ ਨਾਲ ਛੇੜਛਾੜ ਜਾਂ ਜਾਅਲੀ ਹੋਣ ਦੀ ਸੰਭਾਵਨਾ ਕਾਫ਼ੀ ਘਟ ਜਾਂਦੀ ਹੈ। ਇਸ ਪ੍ਰਣਾਲੀ ਨੇ ਬਿਨੈਕਾਰਾਂ ਲਈ ਪ੍ਰੋਸੈਸਿੰਗ ਸਮਾਂ ਅਤੇ ਬੇਲੋੜੇ ਗੇੜਿਆਂ ਨੂੰ ਵੀ ਘਟਾ ਦਿੱਤਾ ਹੈ।

'ਈਜ਼ੀ ਰਜਿਸਟਰੀ' ਨੇ ਸਬ-ਰਜਿਸਟਰਾਰ ਪੱਧਰ 'ਤੇ ਸਹਿਮਤੀ-ਆਧਾਰਿਤ ਇਲੈਕਟ੍ਰਾਨਿਕ ਕੇ.ਵਾਈ.ਸੀ. ਵੈਰੀਫਿਕੇਸ਼ਨ ਸ਼ੁਰੂ ਕੀਤੀ ਹੈ। ਸਬੰਧਤ ਧਿਰਾਂ ਦੀ ਸਹਿਮਤੀ ਨਾਲ ਉਨ੍ਹਾਂ ਦੀ ਪਛਾਣ ਇਲੈਕਟ੍ਰਾਨਿਕ ਤਰੀਕੇ ਨਾਲ ਤਸਦੀਕ ਕੀਤੀ ਜਾ ਸਕਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਧੋਖਾਧੜੀ ਜਾਂ ਕਿਸੇ ਹੋਰ ਦੇ ਨਾਂ 'ਤੇ ਹੋਣ ਵਾਲੀਆਂ ਰਜਿਸਟ੍ਰੇਸ਼ਨਾਂ ਦੇ ਵਿਰੁੱਧ ਇੱਕ ਵਾਧੂ ਸੁਰੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਯਕੀਨੀ ਬਣਾਉਂਦਾ ਹੈ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਸਹੀ ਹਨ।

***ਏਕੀਕ੍ਰਿਤ ਟੋਕਨ ਪ੍ਰਣਾਲੀ ਨੇ ਘਟਾਇਆ ਉਡੀਕ ਸਮਾਂ***

ਸ. ਮੁੰਡੀਆਂ ਨੇ ਕਿਹਾ ਕਿ ਏਕੀਕ੍ਰਿਤ ਟੋਕਨ ਮੈਨੇਜਮੈਂਟ ਸਿਸਟਮ ਉਨ੍ਹਾਂ ਨਾਗਰਿਕਾਂ ਨੂੰ ਪਹਿਲ ਦਿੰਦਾ ਹੈ, ਜਿਨ੍ਹਾਂ ਕੋਲ ਨਿਰਧਾਰਿਤ ਅਪਾਇੰਟਮੈਂਟ ਅਤੇ ਦਸਤਾਵੇਜ਼ ਪੂਰੇ ਹਨ। ਉਨ੍ਹਾਂ ਕਿਹਾ ਕਿ ਇਸ ਪ੍ਰਣਾਲੀ ਨੇ ਰਜਿਸਟ੍ਰੇਸ਼ਨ ਦਫ਼ਤਰਾਂ ਅੰਦਰ ਉਡੀਕ ਸਮਾਂ ਘਟਾਉਣ ਵਿੱਚ ਮਦਦ ਕੀਤੀ ਹੈ ਅਤੇ ਇਸ ਦੇ ਨਾਲ ਹੀ ਸ਼ਹਿਰੀ ਅਤੇ ਦਿਹਾਤੀ ਦੋਵਾਂ ਦਫ਼ਤਰਾਂ ਵਿੱਚ ਸੇਵਾਵਾਂ ਨੂੰ ਵਧੇਰੇ ਇਕਸਾਰ ਬਣਾਇਆ ਹੈ।

ਲਾਭਪਾਤਰੀਆਂ ਦੀ ਫੀਡਬੈਕ ਅਨੁਸਾਰ ਜ਼ਿਆਦਾਤਰ ਬਿਨੈਕਾਰਾਂ ਨੇ ਆਪਣੀ ਅਪਾਇੰਟਮੈਂਟ ਵਾਲੇ ਦਿਨ ਲਗਭਗ 35 ਮਿੰਟਾਂ ਵਿੱਚ ਆਪਣੀ ਰਜਿਸਟ੍ਰੇਸ਼ਨ ਪੂਰੀ ਕੀਤੀ ਹੈ। ਉਨ੍ਹਾਂ ਅੱਗੇ ਦੱਸਿਆ ਕਿ 93 ਫ਼ੀਸਦੀ ਲਾਭਪਾਰੀਆਂ ਨੇ ਦੱਸਿਆ ਕਿ ਉਨ੍ਹਾਂ ਦੀ ਰਜਿਸਟਰੀ ਨਿਰਧਾਰਿਤ ਅਪਾਇੰਟਮੈਂਟ 'ਤੇ ਮੁਕੰਮਲ ਹੋਈ।

ਡਿਜੀਟਲ ਸੁਧਾਰਾਂ ਦੇ ਨਾਲ-ਨਾਲ ਨਾਗਰਿਕਾਂ ਨੂੰ ਵਧੇਰੇ ਆਰਾਮਦਾਇਕ ਅਤੇ ਸਨਮਾਨਜਨਕ ਅਨੁਭਵ ਪ੍ਰਦਾਨ ਕਰਨ ਲਈ ਰਜਿਸਟ੍ਰੇਸ਼ਨ ਦਫ਼ਤਰਾਂ ਨੂੰ ਵੀ ਅਪਗ੍ਰੇਡ ਕੀਤਾ ਗਿਆ ਹੈ। ਵਿਆਪਕ ਪਰਿਵਰਤਨ ਤਹਿਤ ਆਧੁਨਿਕ ਵੇਟਿੰਗ ਏਰੀਆ, ਪੇਸ਼ੇਵਰ ਰਿਸੈਪਸ਼ਨ ਸਹੂਲਤਾਂ ਅਤੇ ਵਧੇਰੇ ਨਾਗਰਿਕ-ਪੱਖੀ ਦਫ਼ਤਰੀ ਮਾਹੌਲ ਤਿਆਰ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਪ੍ਰਕਿਰਿਆ ਨੂੰ ਡਿਜੀਟਾਈਜ਼ ਕਰਨ ਤੱਕ ਸੀਮਿਤ ਨਹੀਂ ਹੈ, ਸਗੋਂ ਸਰਕਾਰੀ ਦਫਤਰਾਂ ਵਿੱਚ ਆਉਣ ਵਾਲੇ ਨਾਗਰਿਕਾਂ ਦੇ ਸਮੁੱਚੇ ਅਨੁਭਵ ਨੂੰ ਬਿਹਤਰ ਬਣਾਉਣਾ ਹੈ। ਜੁਲਾਈ 2025 ਤੋਂ ਈਜ਼ੀ ਰਜਿਸਟਰੀ ਪ੍ਰਣਾਲੀ ਦੀ ਸ਼ੁਰੂਆਤ ਤੋਂ ਲੈ ਕੇ 8 ਸਤੰਬਰ, 2026 ਤੱਕ ਪੰਜਾਬ ਭਰ ਵਿੱਚ ਕੁੱਲ 9,87,425 ਦਸਤਾਵੇਜ਼ ਰਜਿਸਟਰਡ ਕੀਤੇ ਗਏ, ਜੋ ਸੂਬੇ ਭਰ ਦੇ ਨਾਗਰਿਕਾਂ ਦੁਆਰਾ ਇਸ ਨਵੀਂ ਰਜਿਸਟ੍ਰੇਸ਼ਨ ਪ੍ਰਣਾਲੀ ਨੂੰ ਵੱਡੇ ਪੱਧਰ 'ਤੇ ਅਪਣਾਏ ਜਾਣ ਨੂੰ ਦਰਸਾਉਂਦਾ ਹੈ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਈਜ਼ੀ ਰਜਿਸਟਰੀ ਦੁਆਰਾ ਲਿਆਂਦੀ ਗਈ ਤਬਦੀਲੀ ਜਾਇਦਾਦ ਦੀ ਰਜਿਸਟ੍ਰੇਸ਼ਨ ਤੋਂ ਅੱਗੇ ਵਧ ਕੇ ਨਾਗਰਿਕਾਂ ਦੀਆਂ ਲੋੜਾਂ ਅਨੁਸਾਰ ਜਨਤਕ ਸੇਵਾਵਾਂ ਨੂੰ ਮੁੜ ਡਿਜ਼ਾਈਨ ਕਰਨ ਲਈ ਇੱਕ ਢਾਂਚਾ ਪ੍ਰਦਾਨ ਕਰਦੀ ਹੈ। ਇਸ ਪਹਿਲਕਦਮੀ ਨੇ ਦਫ਼ਤਰੀ ਬੇਲੋੜੇ ਗੇੜਿਆਂ ਨੂੰ ਡਿਜੀਟਲ ਪ੍ਰਕਿਰਿਆਵਾਂ ਨਾਲ ਬਦਲ ਦਿੱਤਾ ਹੈ, ਜਦਕਿ ਡੀਡ ਸਹਾਇਤਾ ਕਾਊਂਟਰਾਂ ਅਤੇ ਸੇਵਾ ਸਹਾਇਕਾਂ ਰਾਹੀਂ ਲੋੜੀਂਦੀ ਮਨੁੱਖੀ ਸਹਾਇਤਾ ਨੂੰ ਬਰਕਰਾਰ ਰੱਖਿਆ ਹੈ। ਨਿਸ਼ਚਿਤ ਸਮਾਂ ਸੀਮਾਵਾਂ, ਡਿਜੀਟਲ ਰਿਕਾਰਡ, ਸਿੱਧਾ ਸੰਚਾਰ ਅਤੇ ਸ਼ਿਕਾਇਤ ਨਿਵਾਰਨ ਪ੍ਰਣਾਲੀ ਨਾਲ ਈਜ਼ੀ ਰਜਿਸਟਰੀ ਨੇ ਇੱਕ ਅਜਿਹਾ ਮਾਡਲ ਬਣਾਇਆ ਹੈ ਜਿਸ ਨੂੰ ਹੋਰ ਵਿਭਾਗਾਂ ਵਿੱਚ ਵੀ ਲਾਗੂ ਕੀਤਾ ਜਾ ਸਕਦਾ ਹੈ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਤਕਨਾਲੋਜੀ-ਆਧਾਰਤ ਸ਼ਾਸਨ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗੀ ਤਾਂ ਜੋ ਨਾਗਰਿਕ ਘੱਟੋ-ਘੱਟ ਅਸੁਵਿਧਾ ਅਤੇ ਵੱਧ ਤੋਂ ਵੱਧ ਪਾਰਦਰਸ਼ਤਾ ਨਾਲ ਸਰਕਾਰੀ ਸੇਵਾਵਾਂ ਤੱਕ ਪਹੁੰਚ ਕਰ ਸਕਣ।

# ਲੁਧਿਆਣਾ ਵਿੱਚ ਡਾ. ਅੰਬੇਡਕਰ ਦੀ ਮੂਰਤੀ ਨਾਲ ਬੇਅਦਬੀ ਦੀ ਘਟਨਾ ਬੇਹੱਦ ਨਿੰਦਣਯੋਗ : ਬੇਗਮਪੁਰਾ ਏਕਤਾ ਦਲ

**ਮਾਛੀਵਾੜਾ ਸਾਹਿਬ, 15 ਸਤੰਬਰ**
**ਕੌਮੀ ਪੱਤ੍ਰਿਕਾ ਬਿਊਰੋ-**

)ਲੁਧਿਆਣਾ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨਾਲ ਹੋਈ ਬੇਅਦਬੀ ਦੀ ਘਟਨਾ ਨੂੰ ਲੈ ਕੇ ਸਖ਼ਤ ਪ੍ਰਤੀਕਿਰਿਆ ਸਾਹਮਣੇ ਆਈ ਹੈ। ਬੇਗਮਪੁਰਾ ਏਕਤਾ ਦਲ ਪੰਜਾਬ ਦੇ ਚੇਅਰਮੈਨ ਗੁਰਦੀਪ ਮਾਨ ਨੇ ਇਸ ਘਿਨਾਉਣੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਚੇਅਰਮੈਨ ਗੁਰਦੀਪ ਮਾਨ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਸਿਰਫ ਇੱਕ ਧਰਮ ਦੇ ਵਿਅਕਤੀ ਨਹੀਂ ਸਨ, ਸਗੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮਾਜਿਕ ਨਿਆਂ ਦੇ ਮਸੀਹਾ ਅਤੇ ਕਰੋੜਾਂ ਲੋਕਾਂ ਲਈ ਪ੍ਰੇਰਨਾ ਸਰੋਤ ਹਨ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਨਫ਼ਰਤ ਅਤੇ ਵੰਡ ਪੈਦਾ ਕਰਨ ਵਾਲੀਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰ ਅੱਜ ਵੀ ਦੇਸ਼ ਨੂੰ ਸਮਾਨਤਾ, ਭਾਈਚਾਰੇ ਅਤੇ ਲੋਕਤੰਤਰ ਦੇ ਰਾਹ ਤੇ ਅੱਗੇ ਵਧਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਸਾਂਝ ਅਤੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਣ ਲਈ ਇੱਕਜੁੱਟ ਹੋ ਕੇ ਅਜਿਹੀਆਂ ਘਟਨਾਵਾਂ ਦਾ ਵਿਰੋਧ ਕਰਨ।

ਉਹਨਾਂ ਨੇ ਕਿਹਾ ਕਿ ਮਹਾਨ ਸ਼ਖਸੀਅਤਾਂ ਅਤੇ ਰਾਸ਼ਟਰ ਨਿਰਮਾਤਾਵਾਂ ਦਾ ਸਨਮਾਨ ਕਰਨਾ ਹਰ ਨਾਗਰਿਕ ਦਾ ਫਰਜ਼ ਹੈ ਅਤੇ ਉਨ੍ਹਾਂ ਦੇ ਸਨਮਾਨ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਣਾ ਚਾਹੀਦਾ।

ਉਨ੍ਹਾਂ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਦੀ ਤੁਰੰਤ ਪਹਿਚਾਣ ਕਰਕੇ ਉਨ੍ਹਾਂ ਖਿਲਾਫ਼ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹਾ ਘਿਨਾਉਣਾ ਕਦਮ ਚੁੱਕਣ ਦੀ ਹਿੰਮਤ ਨਾ ਕਰ ਸਕੇ।

# ਹਰਸ ਬਾਬਾ ਫਲਾਹੀ ਨੇ ਜਿੱਤੀ ਮਾਣੇਵਾਲ ਦੰਗਲ ਮੇਲੇ ਦੀ ਝੰਡੀ



**ਮਾਛੀਵਾੜਾ ਸਾਹਿਬ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਮਾਣੇਵਾਲ ਦਾ ਸਲਾਨਾ ਦੰਗਲ ਮੇਲਾ ਖੇਡ ਗਰਾਊਂਡ ਬਾਣੀ ਵਾਲੇ ਵਿੱਚ ਕਰਵਾਇਆ ਗਿਆ ਜਿਸ ਵਿੱਚ 100 ਤੋਂ ਵੱਧ ਪਹਿਲਵਾਨਾਂ ਨੇ ਆਪਣੀਆਂ ਕੁਸ਼ਤੀਆਂ ਦੀ ਜੌਹਰ ਦਿਖਾਏ। ਦੰਗਲ ਕਮੇਟੀ ਪ੍ਰਬੰਧਕ ਬਲਦੇਵ ਸਿੰਘ, ਲਾਲ ਸਿੰਘ, ਵਲੈਤ ਸਿੰਘ ਕਾਲੀ, ਸਤਨਾਮ ਸਿੰਘ ਪੰਮਾ, ਲਖਵੀਰ ਸਿੰਘ ,ਸਾਬਕਾ ਸਰਪੰਚ ਬਲਜਿੰਦਰ ਸਿੰਘ, ਜਸਦੇਵ ਸਿੰਘ ,ਦਰਸ਼ਨ ਸਿੰਘ, ਗੁਰਤੇਜ ਸਿੰਘ ਹੀਰਾ, ਟਹਿਲ ਸਿੰਘ ,ਬਲਵਿੰਦਰ ਸਿੰਘ ਬਾਬਾ , ਮਸਤਾਨ ਸਿੰਘ, ਬਲਵਿੰਦਰ ਸਿੰਘ ,ਜੋਧ ਸਿੰਘ, ਕਿਰਪਾਲ ਸਿੰਘ ,ਅੰਗਰੇਜ ਸਿੰਘ, ਮਹਿੰਗਾ ਸਿੰਘ ,ਜੱਗੀ ਸਿੰਘ, ਅਮਰ ਸਿੰਘ, ਆਤਮਾ ਸਿੰਘ ,ਸਤਨਾਮ ਸਿੰਘ ਦੀ ਸਮੁੱਚੀ ਟੀਮ ਵੱਲੋਂ ਕਰਵਾਏ ਗਏ ਇਸ ਦੰਗਲ ਮੇਲੇ ਵਿੱਚ ਝੰਡੀ ਦੀ ਪਹਿਲੀ ਕੁਸ਼ਤੀ ਰਜ਼ਾ ਇਰਾਨ ਅਤੇ ਹਰਸ਼ ਅਖਾੜਾ ਡੇਰਾ ਬਾਬਾ ਫਲਾਈ ਵਿਚਕਾਰ ਕਰਵਾਈ ਗਈ, ਜਿਸ ਵਿੱਚ ਹਰਸ਼ ਅਖਾੜਾ ਡੇਰਾ ਬਾਬਾ ਫਲਾਹੀ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਦਿਆਂ ਝੰਡੀ ਆਪਣੇ ਨਾਂ ਕੀਤੀ। ਇੱਕ ਨੰਬਰ ਦੀ ਹੀ ਦੂਜੀ ਝੰਡੀ ਲੱਕੀ ਗਰਚਾ ਅਤੇ ਕਪਲ ਆਰਮੀ ਵਿਚਕਾਰ ਬਰਾਬਰ ਰਹੀ। ਜਦਕਿ ਪਰਵਿੰਦਰ ਮਾਣੇਵਾਲ ਨੇ ਵਿੱਕੀ ਖੰਨਾ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ ਅਤੇ ਲਾਲ ਮੰਡ ਚੌਤਾ ਨੇ ਰਾਜਾ ਲੁਧਿਆਣਾ ਨੂੰ ਚਿੱਤ ਕੀਤਾ। ਪਹਿਲਵਾਨ ਪਵਨਦੀਪ ਕੁਮੈਂਟਰੀ ਨੂੰ ਦਰਸ਼ਕਾਂ ਨੇ ਖੂਬ ਪਸੰਦ ਕੀਤਾ। ਜਿੱਤ ਪਹਿਲਵਾਨਾਂ ਨੂੰ ਨਗਦੀ ਦੇ ਰੂਪ ਵਿੱਚ ਇਨਾਮ ਦਿੱਤੇ ਗਏ। ਇਸ ਦੰਗਲ ਮੀਲ ਦੇ ਵਿੱਚ ਮੁੱਖ ਮਹਿਮਾਨ ਮਹਿਮਾਨ ਵਜੋਂ ਹਰ ਜੀਵਨ ਸਿੰਘ ਨਾਗਰਾ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਖੇਡ ਗਰਾਊਂਡਾਂ ਨਾਲ ਜੁੜੇ ਰਹਿਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਤ ਕੀਤਾ।

ਅਖਾੜੇ ਵਿੱਚ ਰੈਫਰੀ ਮਹਿੰਦਰ ਸਿੰਘ ਪਹਿਲਵਾਨ ਮਾਛੀਵਾੜਾ ਤੇ ਪੰਮੀ ਪਹਿਲਵਾਨ ਮਾਛੀਵਾੜਾ ਨੇ ਸੇਵਾਵਾਂ ਦਿੱਤੀਆਂ ਜਦ ਕਿ ਪਹਿਲਵਾਨਾਂ ਦੇ ਜੋੜ ਮਿਲਾਉਣ ਲਈ ਬੂਟਾ ਪਹਿਲਵਾਨ ਮਾਛੀਆਂ ਅਤੇ ਜੀਤੀ ਮਾਛੀਵਾੜਾ ਨੇ ਆਪਣੀ ਸੇਵਾ ਨਿਭਾਈ।

ਸੰਗਤਾਂ ਲਈ ਚੱਲੇ ਲੰਗਰਾਂ ਦੀ ਸੇਵਾ ਲਾਲ ਸਿੰਘ ਪੈਰੋਸ਼ਾਹੀਆ ਪਰਿਵਾਰ ਵੱਲੋਂ ਕੀਤੀ ਗਈ ।ਸਰਪੰਚ ਕਸ਼ਮੀਰ ਸਿੰਘ ,ਪੰਚ ਬਾਗ ਸਿੰਘ, ਪੰਚ ਗੁਰਟੇਕ ਸਿੰਘ ਤੇ ਸਮੁੱਚੀ ਪੰਚਾਇਤ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਬਿੱਲਾ ਸਪੇਨ ਵੱਲੋਂ ਪਹਿਲਵਾਨ ਬੂਟਾ ਮਾਛੀਆਂ ਦਾ ਪੰਜ ਫੁੱਟ ਦੇ ਕੱਪ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੰਗਲ ਮੇਲੇ ਨੂੰ ਸਫਲ ਬਣਾਉਣ ਵਿੱਚ ਬੂਟਾ ਸਿੰਘ, ਮਨਦੀਪ ਸਿੰਘ ਇਟਲੀ, ਕੰਧਾਰਾ ਸਿੰਘ ਪ੍ਰਧਾਨ ,ਆਸ਼ਕ ਸਿੰਘ ਪੰਜਾਬ ਪੁਲਿਸ, ਜਸਪਾਲ ਸਿੰਘ ਕਨੇਡਾ, ਜੱਜ ਸਿੰਘ ਕਨੇਡਾ ,ਮਨਦੀਪ ਸਿੰਘ ਸ਼ੈਲੀ, ਹਰਜੀਵਨ ਸਿੰਘ ਨਾਗਰਾ, ਲਖਵਿੰਦਰ ਸਿੰਘ ਲਾਡੀ ਨਾਗਰਾ, ਜਸਵੀਰ ਸਿੰਘ ਜੱਸੀ, ਰਸ਼ਪਾਲ ਸਿੰਘ ਚੱਕੀ, ਮੋਹਨ ਸਿੰਘ ਅਮਰੀਕਾ ,ਸੋਹਣ ਸਿੰਘ ਯੂਐਸਏ ,ਬਲਦੇਵ ਸਿੰਘ ਯੂਕੇ, ਸੁਖਦੇਵ ਸਿੰਘ ਯੂਕੇ ,ਨਾਨਕ ਸਿੰਘ ਯੂਕੇ, ਗੁਰਦੇਵ ਸਿੰਘ ਪੱਪਾ, ਧਰਮਵੀਰ ਬੌਬੀ ,ਸੁਖਵੀਰ ਸਿੰਘ ਐਨਆਰਆਈ , ਜਗਜੀਤ ਸਿੰਘ ਦੋਧੀ, ਜਸਪਾਲ ਸਿੰਘ ਯੂਐਸਏ, ਸ਼ਮਸ਼ੇਰ ਸਿੰਘ, ਸੰਦੀਪ ਸਿੰਘ ਸਪੇਨ, ਗਿਆਨ ਸਿੰਘ ਆਰੇ ਵਾਲੇ , ਬਲਜਿੰਦਰ ਸਿੰਘ ਪਰਿਵਾਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਗੁਲਾਬ ਚੰਦ ਕਟਾਰੀਆ ਦੀ ਨਸ਼ਾ ਤਸਕਰਾਂ ਨੂੰ ਚੇਤਾਵਨੀ: ਗ਼ੈਰ-ਕਾਨੂੰਨੀ ਕਾਰੋਬਾਰ ਛੱਡੋ ਜਾਂ ਸਖ਼ਤ ਕਾਰਵਾਈ ਦਾ ਸਾਹਮਣਾ ਕਰੋ; ਸਵੈ-ਸਹਾਇਤਾ ਸਮੂਹਾਂ ਨਾਲ ਭਾਈਚਾਰਕ-ਅਧਾਰਿਤ ਨਸ਼ਾ-ਵਿਰੋਧੀ ਮੁਹਿੰਮ ਅਤੇ ਬਜ਼ਾਰਾਂ ਵਿੱਚ ਤਿੰਨ ਮਹੀਨਿਆਂ ਦੀ ਮੁਹਿੰਮ ਦੀ ਸ਼ੁਰੂਆਤ

**ਚੰਡੀਗੜ੍ਹ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਨੂੰ ਇੱਕ ਤੰਦਰੁਸਤ, ਸੁਰੱਖਿਅਤ ਅਤੇ ਨਸ਼ਾ-ਮੁਕਤ ਸ਼ਹਿਰ ਬਣਾਉਣ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਇੱਕ ਨਿਰੰਤਰ ਲਹਿਰ ਚਲਾਉਣ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਨਸ਼ਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਉਹ ਗ਼ੈਰ-ਕਾਨੂੰਨੀ ਕਾਰੋਬਾਰ ਛੱਡ ਦੇਣ, ਨਹੀਂ ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਹ ਨਗਰ ਨਿਗਮ ਚੰਡੀਗੜ੍ਹ ਵੱਲੋਂ ਆਯੋਜਿਤ 'ਨਸ਼ਾ-ਮੁਕਤੀ ਜਾਗਰੂਕਤਾ ਪ੍ਰੋਗਰਾਮ' ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਸਵੈ-ਸਹਾਇਤਾ ਸਮੂਹਾਂ ਦੁਆਰਾ ਚਲਾਈ ਜਾਣ ਵਾਲੀ ਸਮੁਦਾਇ-ਅਧਾਰਿਤ ਨਸ਼ਾ ਜਾਗਰੂਕਤਾ ਮੁਹਿੰਮ ਅਤੇ ਚੰਡੀਗੜ੍ਹ ਵਪਾਰ ਮੰਡਲ ਵੱਲੋਂ ਸ਼ਹਿਰ ਦੇ ਬਜ਼ਾਰਾਂ ਵਿੱਚ ਤਿੰਨ ਮਹੀਨਿਆਂ ਲਈ ਚਲਾਈ ਜਾਣ ਵਾਲੀ 'ਨਸ਼ਾ-ਮੁਕਤੀ ਜਾਗਰੂਕਤਾ ਮੁਹਿੰਮ' ਦੀ ਸ਼ੁਰੂਆਤ ਕੀਤੀ। ਇਸ ਪ੍ਰੋਗਰਾਮ ਦੌਰਾਨ 'ਰਾਸ਼ਟਰੀਯ ਪੋਸ਼ਣ ਮਾਹ 2026' ਦੀ ਸ਼ੁਰੂਆਤ ਵੀ ਕੀਤੀ ਗਈ।

ਪ੍ਰਸ਼ਾਸਕ ਦੇ ਨਾਲ ਮੇਅਰ ਸ਼੍ਰੀ ਸੌਰਭ ਜੋਸ਼ੀ, ਗ੍ਰਹਿ ਸਕੱਤਰ ਸ਼੍ਰੀ ਮਨਦੀਪ ਸਿੰਘ ਬਰਾੜ, ਨਗਰ ਨਿਗਮ ਚੰਡੀਗੜ੍ਹ ਦੇ ਸਪੈਸ਼ਲ ਕਮਿਸ਼ਨਰ ਸ਼੍ਰੀ ਹਰਪ੍ਰੀਤ ਸਿੰਘ ਸੂਦਨ ਅਤੇ ਚੰਡੀਗੜ੍ਹ ਵਪਾਰ ਮੰਡਲ ਦੇ ਪ੍ਰਧਾਨ ਸ਼੍ਰੀ ਸੰਜੀਵ ਚੱਢਾ ਮੌਜੂਦ ਸਨ। ਇਸ ਮੌਕੇ ਵਿਦਿਆਰਥੀ, ਅਧਿਆਪਕ, ਐੱਨਐੱਸਐੱਸ ਵਲੰਟੀਅਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਅਧਿਕਾਰੀ




ਵੀ ਹਾਜ਼ਰ ਸਨ।

ਸ਼੍ਰੀ ਕਟਾਰੀਆ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ ਸਮਾਜ ਲਈ ਸਭ ਤੋਂ ਗੰਭੀਰ ਚੁਣੌਤੀਆਂ ਵਿੱਚੋਂ ਇੱਕ ਹੈ, ਜੋ ਵਿਅਕਤੀਆਂ ਦੇ ਨਾਲ ਪਰਿਵਾਰਾਂ ਅਤੇ ਪੂਰੇ ਸਮਾਜ ਨੂੰ ਨੁਕਸਾਨ ਪਹੁੰਚਾਉਂਦੀ ਹੈ ਅਤੇ ਦੇਸ਼ ਦੇ ਭਵਿੱਖ ਲਈ ਖ਼ਤਰਾ ਵੀ ਹੈ। ਪਠਾਨਕੋਟ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਦੋ ਬੱਚਿਆਂ ਦੇ ਪ੍ਰਭਾਵਿਤ ਹੋਣ ਦੀ ਘਟਨਾ ਦਾ ਉਲੇਖ ਕਰਦੇ ਹੈ ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਮੂਹਿਕ ਕਾਰਵਾਈ ਦੀ ਤਤਕਾਲ ਜ਼ਰੂਰਤ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਨਸ਼ੇ ਦੇ ਲਤ ਦੇ ਖ਼ਿਲਾਫ਼ ਪਹਿਲੀ ਸੁਰੱਖਿਆ- ਦੀਵਾਰ ਪਰਿਵਾਰ ਹੈ, ਜਦਕਿ ਸਕੂਲਾਂ ਅਤੇ ਅਧਿਆਪਕਾਂ ਨੂੰ ਬੱਚਿਆਂ ਨੂੰ ਤੰਦਰੁਸਤ ਅਤੇ ਸਕਾਰਾਤਮਕ ਜੀਵਨ ਵੱਲ ਮਾਰਗਦਰਸ਼ਨ ਦੇਣਾ ਚਾਹੀਦਾ ਹੈ।

ਪ੍ਰਸ਼ਾਸਕ ਨੇ ਚੰਡੀਗੜ੍ਹ ਪ੍ਰਸ਼ਾਸਨ, ਨਗਰ ਨਿਗਮ, ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ, ਮਾਰਕਿਟ ਐਸੋਸੀਏਸ਼ਨਾਂ, ਸਵੈ-ਸਹਾਇਤਾ ਸਮੂਹਾਂ, ਵਿੱਦਿਅਕ ਸੰਸਥਾਵਾਂ, ਸਮਾਜਿਕ ਸੰਗਠਨਾਂ, ਵਪਾਰਕ ਸੰਗਠਨਾਂ ਅਤੇ ਨਾਗਰਿਕਾਂ ਨੂੰ ਨਸ਼ੇ ਦੀ ਰੋਕਥਾਮ, ਜਾਗਰੂਕਤਾ, ਸਮੇਂ 'ਤੇ ਦਖਲਅੰਦਾਜ਼ੀ, ਸਲਾਹ-ਮਸ਼ਵਰਾ, ਇਲਾਜ ਅਤੇ ਪੁਨਰਵਾਸ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸਕੂਲਾਂ, ਕਾਲਜਾਂ, ਸੈਕਟਰਾਂ, ਕਲੋਨੀਆਂ, ਬਜ਼ਾਰਾਂ ਅਤੇ ਜਨਤਕ ਸਥਾਨਾਂ 'ਤੇ ਨਿਯਮਿਤ ਜਾਗਰੂਕਤਾ ਪ੍ਰੋਗਰਾਮ, ਨੁੱਕੜ ਨਾਟਕ ਅਤੇ ਜਨਸੰਪਰਕ ਗਤੀਵਿਧੀਆਂ ਆਯੋਜਿਤ ਕਰਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਜ਼ਮੀਨੀ ਪੱਧਰ ਤੱਕ ਮੁਹਿੰਮ ਨੂੰ ਪਹੁੰਚਾਉਣ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਕਾਉਂਸਲਿੰਗ, ਇਲਾਜ ਅਤੇ ਪੁਨਰਵਾਸ ਸੇਵਾਵਾਂ ਨਾਲ ਜੋੜਨ ਵਿੱਚ 'ਸਵੈ-ਸਹਾਇਤਾ ਸਮੂਹਾਂ' ਦੀ ਭੂਮਿਕਾ ਦੀ ਵਿਸ਼ੇਸ਼ ਸ਼ਲਾਘਾ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਖੇਡਾਂ, ਕੌਸ਼ਲ ਵਿਕਾਸ, ਤਕਨੀਕ, ਉੱਦਮਤਾ, ਸੰਗੀਤ, ਪੜ੍ਹਨ-ਲਿਖਣ ਅਤੇ ਸਮਾਜ ਸੇਵਾ ਜਿਹੀਆਂ ਸਕਾਰਾਤਮਕ ਗਤੀਵਿਧੀਆਂ ਨੂੰ ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਨਸ਼ੇ ਦੀ ਰੋਕਥਾਮ ਤੇ ਪੁਨਰਵਾਸ ਵਿੱਚ ਮਾਨਸਿਕ ਸਿਹਤ ਸਹਾਇਤਾ ਵੀ ਮਹੱਤਵਪੂਰਨ ਹੈ।

ਨਸ਼ਾ ਤਸਕਰਾਂ ਨੂੰ ਸਖ਼ਤ ਸੰਦੇਸ਼ ਦਿੰਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਨਸ਼ੇ ਦੇ ਅਵੈਧ ਕਾਰੋਬਾਰ ਦੀ ਪਹਿਚਾਣ ਕਰਨ ਅਤੇ ਉਸ ਨੂੰ ਰੋਕਣ ਲਈ ਸੰਯੁਕਤ ਪ੍ਰਯਾਸ ਤੇਜ਼ ਕੀਤੇ ਜਾਣਗੇ। ਨਾਲ ਹੀ, ਉਨ੍ਹਾਂ ਨੇ ਨਸ਼ੇ ਦੀ ਲਤ ਨਾਲ ਜੂਝ ਰਹੇ ਲੋਕਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਹਿਯੋਗ ਦਾ ਸੱਦਾ ਦਿੱਤਾ, ਤਾਕਿ ਉਨ੍ਹਾਂ ਨੂੰ ਨਸ਼ੇ ਦੀ ਗ੍ਰਿਫਤ ਤੋਂ ਬਾਹਰ ਕੱਢ ਕੇ ਤੰਦਰੁਸਤ ਜੀਵਨ, ਸਿੱਖਿਆ ਅਤੇ ਰੋਜ਼ਗਾਰ ਨਾਲ ਜੋੜਿਆ ਜਾ ਸਕੇ। ਉਨ੍ਹਾਂ ਨੇ ਨਸ਼ੇ ਦੇ ਖ਼ਿਲਾਫ਼ ਦੇਸ਼ਵਿਆਪੀ ਮੁਹਿੰਮ ਨੂੰ ਮਜ਼ਬੂਤ ਕਰਨ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਹ ਮੁਹਿੰਮ ਲਗਾਤਾਰ ਚਲਨ ਵਾਲਾ ਜਨ-ਅੰਦੋਲਨ ਬਣਨਾ ਚਾਹੀਦਾ ਹੈ।

ਇਕੱਠ ਨੂੰ ਸੰਬੋਧਨ ਕਰਦੇ ਹੋਏ ਮੇਅਰ ਸ਼੍ਰੀ ਸੌਰਭ ਜੋਸ਼ੀ ਨੇ ਵੀ ਨਸ਼ਾ ਤਸਕਰਾਂ ਦੇ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ, ਨਸ਼ੇ ਦੇ ਸੌਦਾਗਰਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਪ੍ਰਸ਼ਾਸਕ ਨੂੰ ਅਜਿਹੀ ਕਾਰਵਾਈ ਦੀ ਇਜਾਜ਼ਤ ਦੇਣ ਦੀ ਬੇਨਤੀ ਕੀਤੀ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਸਬੰਧਿਤ ਅਧਿਕਾਰੀਆਂ ਨੂੰ ਕਾਨੂੰਨ ਅਨੁਸਾਰ ਜ਼ਰੂਰੀ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ।

ਮੇਅਰ ਨੇ ਵਿਦਿਆਰਥੀਆਂ ਨੂੰ ਇਸ ਮੁਹਿੰਮ ਵਿੱਚ ਸਰਗਰਮ ਭਾਗੀਦਾਰ ਬਣਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਚੰਡੀਗੜ੍ਹ ਨੂੰ ਨਸ਼ਾ-ਮੁਕਤ ਬਣਾਉਣ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਗਰ ਨਿਗਮ ਚੰਡੀਗੜ੍ਹ ਦੇ ਨਸ਼ਾ-ਵਿਰੋਧੀ ਪ੍ਰਯਾਸਾਂ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ 'ਨਸ਼ਾ-ਮੁਕਤ ਚੰਡੀਗੜ੍ਹ' ਮੁਹਿੰਮ ਦੇ ਤਹਿਤ ਨਗਰ ਨਿਗਮ ਨੇ ਸਥਾਨਕ ਸਵੈ-ਸਹਾਇਤਾ ਸਮੂਹਾਂ ਨੂੰ ਜੋੜ ਕੇ ਸਮੁਦਾਇਕ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕੀਤਾ ਹੈ, ਜਿਸ ਦੇ ਤਹਿਤ ਘਰ-ਘਰ ਜਾ ਕੇ ਪਰਿਵਾਰਾਂ ਤੇ ਨਿਵਾਸੀਆਂ ਨੂੰ ਨਸ਼ੇ ਦੇ ਦੁਸ਼ਪ੍ਰਭਾਵਾਂ ਅਤੇ ਰੋਕਥਾਮ ਦੇ ਮਹੱਤਵ ਬਾਰੇ ਜਾਗਰੂਕ ਕੀਤਾ ਜਾਵੇਗਾ।

ਮੇਅਰ ਨੇ 'ਚੰਡੀਗੜ੍ਹ ਵਪਾਰ ਮੰਡਲ' ਦੁਆਰਾ ਇਸ ਮੁਹਿੰਮ ਵਿੱਚ ਸਹਿਯੋਗ ਦੇਣ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ 'ਨਸ਼ਾ-ਮੁਕਤ ਚੰਡੀਗੜ੍ਹ' ਦੇ ਤਹਿਤ ਸ਼ਹਿਰ ਦੇ ਵਿਭਿੰਨ ਬਜ਼ਾਰਾਂ ਵਿੱਚ ਤਿੰਨ ਮਹੀਨੇ ਤੱਕ ਚਲਣ ਵਾਲੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਬਜ਼ਾਰ ਐਸੋਸੀਏਸ਼ਨਾਂ ਦੀ ਸਰਗਰਮ ਭਾਗੀਦਾਰੀ ਨਾਲ ਨਸ਼ਾ-ਮੁਕਤ ਚੰਡੀਗੜ੍ਹ ਦਾ ਸੰਦੇਸ਼ ਹਜ਼ਾਰਾਂ ਨਾਗਰਿਕਾਂ ਤੱਕ ਪਹੁੰਚਾਉਣ ਵਿੱਚ ਮਦਦ ਮਿਲੇਗੀ।

ਆਪਣੇ ਸੁਆਗਤੀ ਭਾਸ਼ਣ ਵਿੱਚ ਨਗਰ ਨਿਗਮ ਚੰਡੀਗੜ੍ਹ ਦੇ ਸਪੈਸ਼ਲ ਕਮਿਸ਼ਨਰ ਸ਼੍ਰੀ ਹਰਪ੍ਰੀਤ ਸਿੰਘ ਸੂਦਨ, ਆਈਏਐੱਸ ਨੇ ਪ੍ਰਸ਼ਾਸਕ, ਮੇਅਰ, ਸੀਨੀਅਰ ਅਧਿਕਾਰੀਆਂ, ਆਰਡਬਲਿਊਏਜ਼, ਮਾਰਕਿਟ ਐਸੋਸੀਏਸ਼ਨਾਂ, ਸਵੈ-ਸਹਾਇਤਾ ਸਮੂਹਾਂ, ਵਿਦਿਆਰਥੀਆਂ, ਅਧਿਆਪਕਾਂ, ਐੱਨਐੱਸਐੱਸ ਵਲੰਟੀਅਰਾਂ ਅਤੇ ਹੋਰ ਹਿਤਧਾਰਕਾਂ ਦਾ ਸੁਆਗਤ ਕੀਤਾ। ਉਨ੍ਹਾਂ ਨੇ 'ਨਸ਼ਾ-ਮੁਕਤ ਚੰਡੀਗੜ੍ਹ' ਦੇ ਤਹਿਤ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ ਅਤੇ 'ਰਾਸ਼ਟਰੀਯ ਪੋਸ਼ਣ ਮਾਹ 2026' ਦੇ ਤਹਿਤ ਪ੍ਰਸਤਾਵਿਤ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਤੰਦਰੁਸਤ ਪਰਿਵਾਰ ਅਤੇ ਤੰਦਰੁਸਤ ਸਮਾਜ ਦੇ ਨਿਰਮਾਣ ਵਿੱਚ ਸਮੁਦਾਇਕ ਭਾਗੀਦਾਰੀ ਦੇ ਮਹੱਤਵ 'ਤੇ ਜ਼ੋਰ ਦਿੱਤਾ।

ਪ੍ਰੋਗਰਾਮ ਵਿੱਚ ਨਸ਼ੇ ਦੇ ਵਿਅਕਤੀ, ਪਰਿਵਾਰ, ਸਮਾਜ ਅਤੇ ਰਾਸ਼ਟਰ 'ਤੇ ਪੈਣ ਵਾਲੇ ਵਿਨਾਸ਼ਕਾਰੀ ਪ੍ਰਭਾਵਾਂ ਨੂੰ ਦਰਸਾਉਂਦਾ ਨੁੱਕੜ ਨਾਟਕ ਪ੍ਰਸਤੁਤ ਕੀਤਾ ਗਿਆ। ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-35 ਦੇ ਇੱਕ ਅਧਿਆਪਕ ਨੇ ਨਸ਼ੇ ਦੀ ਲਤ ਦੇ ਦੁਸ਼ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਵਿਸ਼ੇਸ਼ ਗੀਤ ਪ੍ਰਸਤੁਤ ਕੀਤਾ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਐੱਨਐੱਸਐੱਸ ਵਲੰਟੀਅਰਾਂ ਦੀ ਭਾਗੀਦਾਰੀ ਨੇ ਇਸ ਸੰਦੇਸ਼ ਨੂੰ ਮਜ਼ਬੂਤ ਕੀਤਾ ਕਿ ਨੌਜਵਾਨ ਨਸ਼ੇ ਦੇ ਖ਼ਿਲਾਫ਼ ਮੁਹਿੰਮ ਵਿੱਚ ਮੋਹਰੀ ਭੂਮਿਕਾ ਨਿਭਾਉਣ।

ਚੰਡੀਗੜ੍ਹ ਵਪਾਰ ਮੰਡਲ ਦੇ ਪ੍ਰਧਾਨ ਸ਼੍ਰੀ ਸੰਜੀਵ ਚੱਢਾ ਨੇ ਧੰਨਵਾਦ ਪ੍ਰਸਤਾਵ ਰੱਖਿਆ ਅਤੇ ਮੁਹਿੰਮ ਵਿੱਚ ਨਿਰੰਤਰ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ਵਪਾਰ ਮੰਡਲ ਚੰਡੀਗੜ੍ਹ ਦੇ ਹਰੇਕ ਬਜ਼ਾਰ ਵਿੱਚ ਤਿੰਨ ਮਹੀਨੇ ਤੱਕ ਨਸ਼ਾ- ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰੇਗਾ, ਤਾਕਿ 'ਨਸ਼ਾ ਮੁਕਤ ਚੰਡੀਗੜ੍ਹ' ਦਾ ਸੰਦੇਸ਼ ਦੁਕਾਨਦਾਰਾਂ, ਕਰਮਚਾਰੀਆਂ, ਗਾਹਕਾਂ, ਪਰਿਵਾਰਾਂ ਅਤੇ ਵਿਆਪਕ ਸਮਾਜ ਤੱਕ ਪਹੁੰਚਾਇਆ ਜਾ ਸਕੇ।

# ਹਾਈ ਕਮਾਂਡ ਵੱਲੋਂ ਸਚਿਨ ਪਾਇਲਟ ਨੂੰ ਪੰਜਾਬ ਇੰਚਾਰਜ ਨਿਯੁਕਤ ਕਰਨਾ ਸ਼ਲਾਘਾਯੋਗ ਫ਼ੈਸਲਾ

**ਮਾਛੀਵਾੜਾ ਸਾਹਿਬ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਹਾਈਕਮਾਂਡ ਵਲੋਂ ਪੰਜਾਬ ਵਿਧਾਨ ਸਭਾ ਚੋਣਾਂ 2027 ਨੂੰ ਵੇਖਦਿਆਂ ਕੀਤਾ ਪਾਰਟੀ ਵਿਚ ਫੇਰਬਦਲ ਕੀਤਾ ਗਿਆ ਹੈ ,ਜਿਸ ਅਨੁਸਾਰ ਹੁਣ ਭੂਪੇਸ਼ ਬਘੇਲ ਦੀ ਥਾਂ ਤੇ ਸੀਨੀਅਰ ਕਾਗਰਸੀ ਆਗੂ ਸਚਿਨ ਪਾਇਲਟ ਨੂੰ ਪੰਜਾਬ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜਿਸ ਨਾਲ ਵਿਧਾਨ ਸਭਾ ਹਲਕਾ ਸਮਰਾਲਾ ਦੇ ਕਾਂਗਰਸ ਵਰਕਰਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਅਤੇ ਸੁਖਦੀਪ ਸਿੰਘ ਸੋਨੀ ਸਰਪੰਚ (ਐਸ.ਐਸ. ਪ੍ਰੋਪਰਟੀ ਹੱਬ ਵਾਲੇ )ਨੇ ਕਿਹਾ ਕਿ ਨੌਜਵਾਨ ਕਾਗਰਸ ਆਗੂ ਸਚਿਨ ਪਾਇਲਟ ਦੀ ਨਿਯੁਕਤੀ ਕਾਂਗਰਸ ਪਾਰਟੀ ਦੇ ਆਗੂਆਂ ਤੇ ਵਰਕਰਾਂ ਵਿੱਚ ਨਵਾਂ ਜੋਸ਼ ਭਰੇਗੀ ਅਤੇ ਪੰਜਾਬ ਵਿੱਚ ਗਰਮ ਪਾਰਟੀ ਹੋਰ ਮਜਬੂਤ ਹੋਵੇਗੀ ਅਤੇ ਆਉਣ ਵਾਲੀਆ ਵਿਧਾਨ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ.

ਉਨ੍ਹਾਂ ਕਿਹਾ ਕਿ ਨਵ ਨਿਯੁਕਤ ਪੰਜਾਬ ਕਾਂਗਰਸ ਦੇ ਇੰਚਾਰਜ ਦਾ ਪੰਜਾਬ ਦੇ ਸਮੂਹ ਕਾਂਗਰਸੀ ਵਰਕਰਾਂ ਤੇ ਆਗੂਆਂ ਵੱਲੋਂ ਭਰਵਾਂ ਸਵਾਗਤ ਕੀਤਾ ਜਾਂਦਾ ਹੈ,ਤੇ ਹਾਈ ਕਮਾਂਡ ਦਾ ਇਸ ਨਿਯੁਕਤੀ ਲਈ ਧੰਨਵਾਦ ਪ੍ਰਗਟ ਕੀਤਾ ਜਾਂਦਾ।

# ਵਿਦਿਆਰਥੀਆਂ ਨੇ ਸਿੱਖੀ ਮੋਮਬੱਤੀਆਂ ਬਣਾਉਣ ਦੀ ਕਲਾ



**ਮਾਛੀਵਾੜਾ ਸਾਹਿਬ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਮਾਛੀਵਾੜਾ ਵਿਖੇ ਪ੍ਰਿੰਸੀਪਲ ਨੰਦਿਨੀ ਵੈਦ ਦੀ ਅਗਵਾਈ ਤੇ ਫੈਸ਼ਨ ਡਿਜਾਇਨਿੰਗ ਵਿਭਾਗ ਦੇ ਮੁਖੀ ਦਿਕਸ਼ਾ ਸਿੰਧਵਾਨੀ ਤੇ ਹੇਮ ਲਤਾ ਦੇ ਮਾਰਗਦਰਸ਼ਨ ਵਿੱਚ ਵੱਲੋਂ ਵਿਦਿਆਰਥੀਆ ਨੂੰ ਸਵੈ-ਰੋਜ਼ਗਾਰ ਅਤੇ ਉਦਯਮਿਤਾ ਨਾਲ ਜੋੜਨ ਦੇ ਉਦੇਸ਼ ਨਾਲ ਦੋ ਰੋਜ਼ਾ ਮੋਮਬੱਤੀਆਂ ਬਣਾਉਣ ਦੀ ਵਰਕਸ਼ਾਪ ਕਰਵਾਈ ਗਈ।

ਫੈਸ਼ਨ ਡਿਜ਼ਾਈਨਿੰਗ ਵਿਭਾਗ ਦੀ ਪੁਰਾਣੀ ਵਿਦਿਆਰਥਣ ਨਵਦੀਪ ਕੌਰ ਵੱਲੋਂ ਇਸ ਵਰਕਸ਼ਾਪ ਦੌਰਾਨ ਭਾਗੀਦਾਰਾਂ ਨੂੰ ਮੋਮਬੱਤੀ ਬਣਾਉਣ ਦੀ ਕਲਾ ਦੇ ਨਾਲ-ਨਾਲ ਇਸਨੂੰ ਛੋਟੇ ਪੱਧਰ 'ਤੇ ਕਾਰੋਬਾਰ ਵਜੋਂ ਸ਼ੁਰੂ ਕਰਨ ਸਬੰਧੀ ਵਿਹਾਰਕ ਜਾਣਕਾਰੀ ਦਿੱਤੀ ਗਈ।

ਵਰਕਸ਼ਾਪ ਵਿੱਚ ਮੋਮਬੱਤੀਆਂ ਬਣਾਉਣ ਲਈ ਵਰਤੇ ਜਾਣ ਵਾਲੇ ਵੱਖ-ਵੱਖ ਸੰਦਾਂ ਅਤੇ ਸਮੱਗਰੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਮੋਮ ਨੂੰ ਪਿਘਲਾਉਣ, ਰੰਗ ਅਤੇ ਖੁਸ਼ਬੂ ਮਿਲਾਉਣ, ਵੱਖ-ਵੱਖ ਮੋਲਡਾਂ ਦੀ ਵਰਤੋਂ, ਵਿਕ ਦੀ ਸਹੀ ਚੋਣ ਅਤੇ ਲਗਾਉਣ ਸਮੇਤ ਮੋਮਬੱਤੀ ਬਣਾਉਣ ਦੀਆਂ ਵੱਖ-ਵੱਖ ਤਕਨੀਕਾਂ ਦਾ ਪ੍ਰੈਕਟੀਕਲ ਅਭਿਆਸ ਵੀ ਕਰਵਾਇਆ ਗਿਆ।

ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਕਿਫ਼ਾਇਤੀ ਅਤੇ ਵਾਤਾਵਰਣ-ਅਨੁਕੂਲ ( ਸਮੱਗਰੀ ਬਾਰੇ ਜਾਣਕਾਰੀ ਦਿੱਤੀ ਗਈ, ਤਾਂ ਜੋ ਘੱਟ ਲਾਗਤ ਵਿੱਚ ਗੁਣਵੱਤਾ ਵਾਲੇ ਉਤਪਾਦ ਤਿਆਰ ਕੀਤੇ ਜਾ ਸਕਣ। ਇਸ ਦੌਰਾਨ ਕੱਚੇ ਮਾਲ ਦੀ ਚੋਣ, ਲਾਗਤ ਨਿਰਧਾਰਨ, ਪੈਕੇਜਿੰਗ ਅਤੇ ਉਤਪਾਦ ਨੂੰ ਆਕਰਸ਼ਕ ਬਣਾਉਣ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਵਰਕਸ਼ਾਪ ਦੇ ਦੂਜੇ ਦਿਨ ਛੋਟੇ ਪੱਧਰ ਤੋਂ ਮੋਮਬੱਤੀ ਬਣਾਉਣ ਦਾ ਕਾਰੋਬਾਰ ਸ਼ੁਰੂ ਕਰਨ ਸਬੰਧੀ ਵਿਸਥਾਰ ਨਾਲ ਮਾਰਗਦਰਸ਼ਨ ਦਿੱਤਾ ਗਿਆ। ਵਿਦਿਆਰਥੀਆਂ ਨੂੰ ਘੱਟ ਨਿਵੇਸ਼ ਨਾਲ ਘਰ ਤੋਂ ਕੰਮ ਸ਼ੁਰੂ ਕਰਨ, ਉਤਪਾਦ ਦੀ ਕੀਮਤ ਤੈਅ ਕਰਨ, ਗਾਹਕਾਂ ਤੱਕ ਪਹੁੰਚ ਬਣਾਉਣ ਅਤੇ ਸੋਸ਼ਲ ਮੀਡੀਆ ਰਾਹੀਂ ਆਪਣੇ ਉਤਪਾਦਾਂ ਦੀ ਮਾਰਕੀਟਿੰਗ ਕਰਨ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਅਕਾਲੀ ਦਲ ਦੇ ਯੂਥ ਵਿੰਗ ਕੌਮੀ ਕਾਰਜਕਾਰੀ ਪ੍ਰਧਾਨ ਹਰਜੋਤ ਮਾਂਗਟ ਨੇ ਕੀਤੀ ਸੁਖਬੀਰ ਬਾਦਲ ਨਾਲ ਮੁਲਾਕਾਤ

**ਮਾਛੀਵਾੜਾ ਸਾਹਿਬ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪਾਰਟੀ ਦੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਨਵੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ , ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੀ ਨਵੇਂ ਚੁਣੇ ਗਏ ਸੰਗਠਨ ਢਾਂਚੇ 'ਚ ਕੌਮੀ ਕਾਰਜਕਾਰੀ ਪ੍ਰਧਾਨ ਬਣੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਵਿਸ਼ੇਸ਼ ਤੌਰ 'ਤੇ ਮੁਲਾਕਾਤ ਕੀਤੀ। ਮੁਲਾਕਾਤ ਉਪਰੰਤ ਕਾਰਜਕਾਰੀ ਪ੍ਰਧਾਨ ਮਾਂਗਟ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਜਿੱਥੇ ਸਿਆਸੀ ਵਿਚਾਰਾਂ ਹੋਈਆਂ, ਉੱਥੇ ਉਨ੍ਹਾਂ ਪੰਜਾਬ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿਚ ਜਾ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਿਆਸੀ ਮਿਲਿਆ ਹੈ। ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਹਰਜੋਤ ਸਿੰਘ ਮਾਂਗਟ ਵੱਲੋਂ ਸਾਰੀਆਂ ਹੀ ਵਿਰੋਧੀ ਸਿਆਸੀ ਪਾਰਟੀਆਂ ਨੂੰ ਕਰਾਰੀ ਹਾਰ ਦੇ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ।

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਿਹਨਤੀ ਨੌਜਵਾਨ ਨੂੰ ਅੱਗੇ ਲਿਆ ਕੇ ਯੂਥ ਵਿੰਗ ਦਾ ਕੌਮੀ ਕਾਰਜਕਾਰੀ ਪ੍ਰਧਾਨ ਥਾਪਿਆ। ਪ੍ਰਧਾਨ ਹਰਜੋਤ ਸਿੰਘ ਮਾਂਗਟ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਹ ਨੌਜਵਾਨਾਂ ਨੂੰ ਲਾਮਬੰਦ ਕਰ ਕੇ ਪਾਰਟੀ ਨਾਲ ਜੋੜਨਗੇ ਤੇ ਆਉਣ



ਵਾਲੀ ਸਰਕਾਰ ਅਕਾਲੀ ਦਲ ਦੀ ਬਣੇਗੀ।

ਕਾਰਜਕਾਰੀ ਪ੍ਰਧਾਨ ਮਾਂਗਟ ਨੇ ਹਲਕਾ ਸਮਰਾਲਾ ਦੀਆਂ ਲੋਕ ਸਮੱਸਿਆਵਾਂ ਵੀ ਉਨ੍ਹਾਂ ਅੱਗੇ ਰੱਖੀਆਂ, ਜਿਸ 'ਤੇ ਸੁਖਬੀਰ ਸਿੰਘ ਬਾਦਲ ਨੇ ਵਿਸ਼ਵਾਸ ਦਿਵਾਇਆ ਕਿ ਸਰਕਾਰ ਆਉਣ 'ਤੇ ਪਹਿਲ ਦੇ ਆਧਾਰ 'ਤੇ ਇਨ੍ਹਾਂ ਨੂੰ ਹੱਲ ਕਰਵਾਇਆ ਜਾਵੇਗਾ। ਹਰਜੋਤ ਸਿੰਘ ਮਾਂਗਟ ਨੇ ਇਹ ਮਾਣਮੱਤਾ ਅਹੁਦਾ ਮਿਲਣ 'ਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਤੇ ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦਾ ਧੰਨਵਾਦ ਪ੍ਰਗਟਾਉਂਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਹਰਜੋਤ ਸਿੰਘ ਮਾਂਗਟ ਦੀ ਪਾਰਟੀ ਪ੍ਰਤੀ ਵਫਾਦਾਰੀ, ਇਮਾਨਦਾਰੀ ਅਤੇ ਮਿਹਨਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸਨੇ ਆਪਣਾ ਸਿਆਸੀ ਸਫ਼ਰ ਕਾਲਜ ਪੜ੍ਹਨ ਵੇਲੇ ਐੱਸ.ਓ.ਆਈ. ਦਾ ਜ਼ਿਲ੍ਹਾ ਪ੍ਰਧਾਨ ਬਣ ਕੇ ਸ਼ੁਰੂ ਕੀਤਾ ਸੀ, ਜਿਸ ਤੋਂ ਬਾਅਦ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਬਲਾਕ ਸੰਮਤੀ ਮੈਂਬਰ ਬਣੇ ।

ਪਾਰਟੀ ਵੱਲੋਂ ਉਸਨੂੰ ਅਕਾਲੀ ਦਲ ਯੂਥ ਵਿੰਗ ਕੋਰ ਕਮੇਟੀ ਮੈਂਬਰ ਵੀ ਚੁਣਿਆ ਗਿਆ, ਜਦੋਂ ਪੂਰੇ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਹਨੇਰੀ ਚੱਲ ਰਹੀ ਸੀ ਉਸ ਵੇਲੇ ਵੱਡੇ ਫਰਕ ਨਾਲ ਜਿੱਤਕੇ ਜਿ਼ਲ੍ਹਾ ਪ੍ਰੀਸ਼ਦ ਮੈਂਬਰ ਬਣਨ ਦਾ ਮਾਣ ਪ੍ਰਾਪਤ ਕੀਤਾ,ਤੇ ਹੁਣ ਯੂਥ ਵਿੰਗ ਦੇ ਕੌਮੀ ਕਾਰਜਕਾਰੀ ਪ੍ਰਧਾਨ ਬਣ ਕੇ ਪਾਰਟੀ ਸੇਵਾ ਵਿਚ ਲੱਗੇ ਹੋਏ ਹਨ।

# ਡਾ. ਬਲਜੀਤ ਕੌਰ ਦੀ ਅਗਵਾਈ ਹੇਠ 'ਸਮਾਇਲ ਸਕੀਮ' ਬਣੀ ਭਿਖਿਆ ਤੋਂ ਸਨਮਾਨਜਨਕ ਜੀਵਨ ਵੱਲ ਨਵੀਂ ਉਮੀਦ

**➢ ਅੰਮ੍ਰਿਤਸਰ ਵਿੱਚ 422 ਅਤੇ ਪਟਿਆਲਾ ਵਿੱਚ 168 ਭਿਖਿਆ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ; ਪੁਨਰਵਾਸ ਲਈ ਤੇਜ਼ੀ ਨਾਲ ਚੱਲ ਰਹੀ ਕਾਰਵਾਈ ➢ਹਰ ਲੋੜਵੰਦ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਪੰਜਾਬ ਸਰਕਾਰ ਵਚਨਬੱਧ: ਡਾ. ਬਲਜੀਤ ਕੌਰ**

**ਚੰਡੀਗੜ੍ਹ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਸਭ ਤੋਂ ਵੱਧ ਲੋੜਵੰਦ ਅਤੇ ਹਾਸ਼ੀਏ 'ਤੇ ਰਹਿ ਰਹੇ ਲੋਕਾਂ ਨੂੰ ਸਨਮਾਨਜਨਕ ਜੀਵਨ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੇ ਵਚਨਬੱਧਤਾ ਤਹਿਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ 'ਸਮਾਇਲ ਸਕੀਮ' ਅਧੀਨ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ ਅਤੇ ਜਲੰਧਰ ਵਿੱਚ ਬੇਘਰ ਅਤੇ ਭਿਖਿਆ ਵਿੱਚ ਸ਼ਾਮਲ ਵਿਅਕਤੀਆਂ ਦੇ ਬਚਾਅ, ਪੁਨਰਵਾਸ ਅਤੇ ਸਮਾਜਿਕ ਵਸੇਬੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅੰਮ੍ਰਿਤਸਰ ਵਿੱਚ ਮਾਰਚ 2026 ਤੋਂ ਚੱਲ ਰਹੇ ਸਰਵੇ ਦੌਰਾਨ ਹੁਣ ਤੱਕ 422 ਭਿਖਿਆ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿੱਚੋਂ 32 ਵਿਅਕਤੀਆਂ ਦਾ ਸਫ਼ਲ ਪੁਨਰਵਾਸ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 8 ਵਿਅਕਤੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮੁੜ ਜੋੜਿਆ ਗਿਆ, 2 ਬਜ਼ੁਰਗਾਂ ਨੂੰ ਪੈਨਸ਼ਨ ਦਾ ਲਾਭ ਦਿਵਾਇਆ ਗਿਆ, 4 ਵਿਅਕਤੀਆਂ ਦੇ ਆਧਾਰ ਕਾਰਡ ਬਣਵਾਏ ਗਏ, 1 ਵਿਅਕਤੀ ਨੂੰ ਆਸ਼ੀਰਵਾਦ ਸਕੀਮ ਦਾ ਲਾਭ ਦਿਵਾਇਆ ਗਿਆ, 4 ਵਿਅਕਤੀਆਂ ਨੂੰ ਬਿਰਧ ਆਸ਼ਰਮ ਵਿੱਚ ਭੇਜਿਆ ਗਿਆ ਅਤੇ 13 ਵਿਅਕਤੀਆਂ ਨੂੰ ਰੋਜ਼ਗਾਰ ਜਾਂ ਕਿੱਤੇ ਨਾਲ ਜੋੜਿਆ ਗਿਆ। ਇਸ ਤੋਂ ਇਲਾਵਾ 54 ਵਿਅਕਤੀਆਂ ਦੀ ਕੌਂਸਲਿੰਗ ਵੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਵਿੱਚ ਵੀ 168 ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਪੁਨਰਵਾਸ ਲਈ



ਕਾਰਵਾਈ ਜਾਰੀ ਹੈ, ਜਦਕਿ ਸਤੰਬਰ ਦੇ ਦੂਜੇ ਹਫ਼ਤੇ ਦੌਰਾਨ ਲੁਧਿਆਣਾ ਅਤੇ ਜਲੰਧਰ ਵਿੱਚ ਵੀ ਸਰਵੇ ਸ਼ੁਰੂ ਕੀਤਾ ਜਾ ਰਿਹਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸਮਾਇਲ ਸਕੀਮ ਦਾ ਉਦੇਸ਼ ਸਿਰਫ਼ ਭਿਖਿਆ ਤੋਂ ਮੁਕਤੀ ਦਿਵਾਉਣਾ ਨਹੀਂ, ਸਗੋਂ ਹਰ ਲੋੜਵੰਦ ਨੂੰ ਸਨਮਾਨ, ਸੁਰੱਖਿਆ ਅਤੇ ਸਵੈ-ਨਿਰਭਰਤਾ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਭਿਖਿਆ ਵਿੱਚ ਸ਼ਾਮਲ ਵਿਅਕਤੀਆਂ ਨੂੰ ਸਮਾਜਿਕ ਸੁਰੱਖਿਆ ਯੋਜਨਾਵਾਂ, ਸਿਹਤ ਸੇਵਾਵਾਂ, ਕੌਂਸਲਿੰਗ, ਹੁਨਰ ਵਿਕਾਸ, ਸਿੱਖਿਆ, ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੇ ਮੌਕਿਆਂ ਨਾਲ ਜੋੜ ਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਸਕੀਮ ਤਹਿਤ ਸਬੰਧਤ ਵਿਭਾਗਾਂ ਅਤੇ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਭਿਖਿਆ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਅਤੇ ਸਰਵੇ ਕੀਤਾ ਜਾਂਦਾ ਹੈ। ਲੋੜ ਅਨੁਸਾਰ ਉਨ੍ਹਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾ ਕੇ ਕੌਂਸਲਿੰਗ, ਸਿਹਤ ਜਾਂਚ ਅਤੇ ਹੋਰ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਜਿਨ੍ਹਾਂ ਵਿਅਕਤੀਆਂ ਦੇ ਪਰਿਵਾਰਾਂ ਦੀ ਪਛਾਣ ਹੋ ਜਾਂਦੀ ਹੈ, ਉਨ੍ਹਾਂ ਨੂੰ ਨਿਯਮਾਂ ਅਨੁਸਾਰ ਪਰਿਵਾਰ ਨਾਲ ਮੁੜ ਜੋੜਿਆ ਜਾਂਦਾ ਹੈ, ਜਦਕਿ ਬੇਸਹਾਰਾ ਵਿਅਕਤੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਪੁਨਰਵਾਸ ਸੇਵਾਵਾਂ ਨਾਲ ਜੋੜਿਆ ਜਾਂਦਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਥਾਨਕ ਪ੍ਰਸ਼ਾਸਨ, ਨਗਰ ਨਿਗਮਾਂ, ਸਥਾਨਕ ਸਰਕਾਰ ਸੰਸਥਾਵਾਂ, ਪੁਲਿਸ ਵਿਭਾਗ, ਸਿਹਤ ਵਿਭਾਗ, ਹੁਨਰ ਵਿਕਾਸ ਨਾਲ ਸਬੰਧਤ ਸੰਸਥਾਵਾਂ ਅਤੇ ਹੋਰ ਹਿੱਸੇਦਾਰ ਵਿਭਾਗਾਂ ਨਾਲ ਆਪਸੀ ਤਾਲਮੇਲ ਰਾਹੀਂ ਕੰਮ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਲੋੜਵੰਦ ਵਿਅਕਤੀ ਸਹਾਇਤਾ ਤੋਂ ਵਾਂਝਾ ਨਾ ਰਹੇ।

ਕੈਬਨਿਟ ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੜਕਾਂ 'ਤੇ ਭਿਖਿਆ ਮੰਗਣ ਵਾਲੇ ਵਿਅਕਤੀਆਂ ਨੂੰ ਨਕਦ ਰਕਮ ਦੇਣ ਦੀ ਬਜਾਏ ਉਨ੍ਹਾਂ ਨੂੰ ਸਰਕਾਰ ਵੱਲੋਂ ਉਪਲਬਧ ਪੁਨਰਵਾਸ ਅਤੇ ਸਮਾਜਿਕ ਸਹਾਇਤਾ ਸੇਵਾਵਾਂ ਤੱਕ ਪਹੁੰਚਾਉਣ ਵਿੱਚ ਸਹਿਯੋਗ ਕਰਨ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਮਾਜ ਦੇ ਸਾਂਝੇ ਯਤਨਾਂ ਨਾਲ ਹੀ ਭਿਖਿਆ-ਮੁਕਤ, ਆਤਮ-ਨਿਰਭਰ ਅਤੇ ਸਨਮਾਨਜਨਕ ਰੰਗਲਾ ਪੰਜਾਬ ਦੀ ਸਿਰਜਣਾ ਸੰਭਵ ਹੈ।

## ਟਰਾਂਸਪੋਰਟ ਵਿੰਗ ਦੇ ਥਾਪੇ ਜਿਲ੍ਹਾ ਪ੍ਰਧਾਨ ਨਿਆਲ ਨੂੰ ਕੀਤਾ ਗਿਆ ਸਨਮਾਨਤ

# ਪਾਰਟੀ ਲਈ ਕੰਮ ਕਰਨ ਵਾਲਿਆਂ ਨੂੰ ਦਿੱਤੀਆਂ ਜਾਣਗੀਆਂ ਆਹੁਦੇਦਾਰੀਆਂ : ਹਰਿਆਊ



**ਪਟਿਆਲਾ, 15 ਸਤੰਬਰ ਅਮਰਜੀਤ ਸਿੰਘ -ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਵੱਲੋਂ ਮਿਹਨਤੀ ਆਗੂਆਂ ਤੇ ਵਰਕਰਾਂ ਨੂੰ ਆਹੁਦੇਦਾਰੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ। ਜਿਸ ਤਹਿਤ ਰਛਪਾਲ ਸਿੰਘ ਨਿਆਲ ਨੂੰ ਟਰਾਂਸਪੋਰਟ ਵਿੰਗ ਦਾ ਜਿਲ੍ਹਾ ਪ੍ਰਧਾਨ ਥਾਪਿਆ ਗਿਆ, ਜਿਸ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਹਲਕਾ ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਅਤੇ ਸ਼ੁਤਰਾਣਾ ਦੇ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਨੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ ਅਤੇ ਨਵੇਂ ਥਾਪੇ ਪ੍ਰਧਾਨ ਰਛਪਾਲ ਸਿੰਘ ਨਿਆਲ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਸੂਬੇ ਅੰਦਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਕੀਤੀਆਂ ਜਾ ਰਹੀਆਂ ਹਨ ਅਤੇ ਬੂਥ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਦੇ ਸਮੁੱਚੇ ਵਰਗਾਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਗਿਆ ਅਤੇ ਲੋੜਵੰਦਾਂ ਲਈ ਵੱਖ-ਵੱਖ ਭਲਾਈ ਸਕੀਮਾਂ ਚਲਾਈਆਂ ਗਈਆਂ ਜੋ ਹੁਣ ਮੌਜੂਦਾ ਸਰਕਾਰ ਵੱਲੋਂ ਠੱਪ ਕੀਤੀਆਂ ਹੋਈਆਂ ਹਨ ਤਾਂ ਹੀ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਤੋਂ ਬੇਹੱਦ ਦੁਖੀ ਹਨ।

ਉਨ੍ਹਾਂ ਕਿਹਾ ਕਿ ਹਲਕਾ ਦਿੜ੍ਹਬਾ ਵਿਚ ਵਾਪਰੀ ਘਟਨਾ ਨੂੰ ਲੈ ਕੇ ਪੰਜਾਬ ਦੇ ਖਜਾਨਾ ਮੰਤਰੀ ਖਿਲਾਫ ਮਾਮਲਾ ਦਰਜ ਕਰਕੇ ਕਿਸੇ ਰਿਟਾਇਰ ਜੱਜ ਤੋਂ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪੀੜ੍ਹਿਤ ਪਰਿਵਾਰ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਜੈਬ ਸਿੰਘ ਮੱਲੀ, ਹਰਦੀਪ ਸਿੰਘ ਖਾਂਗ, ਤੇਜਵੀਰ ਸਿੰਘ ਖਾਂਗ, ਹਨੀ ਸਿੱਧੂ, ਗੁਰਬਚਨ ਸਿੰਘ ਮੌਲਵੀਵਾਲਾ, ਬਿੰਦਰ ਸਿੰਘ ਦਿਓਗੜ੍ਹ, ਸੁਰਜੀਤ ਸਿੰਘ ਖਾਂਗ, ਪਿਆਰਾ ਸਿੰਘ ਪੱਪੂ, ਹਰਪਾਲ ਸਿੰਘ, ਮਲਕੀਤ ਸਿੰਘ ਚੀਮਾ ਧਰਮਹੇੜੀ ਵੀ ਹਾਜ਼ਰ ਸਨ।

# ਬਲਾਕ ਪੱਧਰੀ ਮੁਕਾਬਲਿਆਂ 'ਚ ਬਲਾਕ ਅਣਦਾਣਾ (ਮੂਣਕ) ਦੇ ਖਿਡਾਰੀਆਂ ਨੇ ਦਿਖਾਏ ਖੇਡ ਪ੍ਰਤਿਭਾ ਦੇ ਜੌਹਰ



**ਮੂਣਕ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹਾ ਸੰਗਰੂਰ ਵਿੱਚ ਕਰਵਾਈਆਂ ਜਾ ਰਹੀਆਂ ਬਲਾਕ ਪੱਧਰੀ ਖੇਡਾਂ ਦੌਰਾਨ ਖਿਡਾਰੀਆਂ ਵੱਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਖੇਡ ਅਫ਼ਸਰ ਨਵਦੀਪ ਸਿੰਘ ਨੇ ਦੱਸਿਆ ਕਿ ਬਲਾਕ ਸੰਗਰੂਰ, ਧੂਰੀ ਅਤੇ ਸ਼ੇਰਪੁਰ ਦੇ ਬਲਾਕ ਪੱਧਰੀ ਟੂਰਨਾਮੈਂਟ ਮੁਕੰਮਲ ਹੋ ਚੁੱਕੇ ਹਨ, ਜਦਕਿ ਬਲਾਕ ਦਿੜ੍ਹਬਾ, ਲਹਿਰਾ ਅਤੇ ਅਨਦਾਣਾ ਵਿਖੇ ਵੱਖ-ਵੱਖ ਉਮਰ ਵਰਗਾਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-14, ਅੰਡਰ-17, ਅੰਡਰ-21, 21 ਤੋਂ 30 ਸਾਲ ਅਤੇ 51 ਤੋਂ 60 ਸਾਲ ਦੇ ਉਮਰ ਵਰਗਾਂ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।ਹਲਕਾ ਲਹਿਰਾ ਦੇ ਸਰਕਾਰੀ ਹਾਈ ਸਕੂਲ ਭਾਈ ਕੀ ਪਿਸ਼ੌਰ ਵਿਖੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦੇ ਧਰਮਪਤਨੀ ਸ੍ਰੀਮਤੀ ਸੀਮਾ ਰਾਣੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਖਿਡਾਰੀਆਂ ਦਾ ਹੌਂਸਲਾ ਵਧਾਇਆ ਅਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਐਥਲੈਟਿਕਸ ਅੰਡਰ-14 ਲੜਕਿਆਂ ਦੇ 600 ਮੀਟਰ ਮੁਕਾਬਲੇ ਵਿੱਚ ਸਮਰ ਸਿੰਘ ਨੇ ਪਹਿਲਾ, ਗੁਰਸਾਹਿਬ ਸਿੰਘ ਨੇ ਦੂਸਰਾ ਅਤੇ ਸਰਦਾਰ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।

ਵਾਲੀਬਾਲ ਅੰਡਰ-14 ਲੜਕੀਆਂ ਵਿੱਚ ਕੌਹਰੀਆਂ ਕਿੰਗ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁੱਜਰਾਂ (ਏ) ਨੇ ਦੂਸਰਾ ਅਤੇ ਸਸਸਸ ਗੁੱਜਰਾਂ (ਬੀ) ਨੇ ਤੀਸਰਾ ਸਥਾਨ ਹਾਸਲ ਕੀਤਾ।ਐਥਲੈਟਿਕਸ ਅੰਡਰ-14 ਲੜਕਿਆਂ ਦੀ ਲੰਬੀ ਛਾਲ ਵਿੱਚ ਜਸਕਰਨ ਸਿੰਘ ਨੇ 4.00 ਮੀਟਰ ਦੀ ਛਾਲ ਨਾਲ ਪਹਿਲਾ, ਮਨਿੰਦਰ ਸਿੰਘ ਨੇ 3.77 ਮੀਟਰ ਨਾਲ ਦੂਸਰਾ ਅਤੇ ਪ੍ਰਦੀਪ ਸਿੰਘ ਨੇ 3.71 ਮੀਟਰ ਨਾਲ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੇ 1500 ਮੀਟਰ ਮੁਕਾਬਲੇ ਵਿੱਚ ਵੀਰਾਂ ਕੌਰ ਨੇ ਪਹਿਲਾ ਅਤੇ ਜਸਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਕਬੱਡੀ ਨੈਸ਼ਨਲ ਸਟਾਈਲ ਅੰਡਰ-14 ਲੜਕੀਆਂ ਵਿੱਚ ਸ਼ਹੀਦ ਬਾਬਾ ਹਿੰਮਤ ਸਿੰਘ ਵੈਲਫੇਅਰ ਕਲੱਬ ਸੰਗਤਪੁਰਾ ਨੇ ਪਹਿਲਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਬਖੋਰਾ ਖੁਰਦ ਨੇ ਦੂਸਰਾ ਸਥਾਨ ਹਾਸਲ ਕੀਤਾ।ਖੋ-ਖੋ ਅੰਡਰ-14 ਲੜਕੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੂਡੀਆਂ (ਏ) ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੂਡੀਆਂ (ਬੀ) ਨੇ ਦੂਸਰਾ ਅਤੇ ਕੈਂਬਰਿਜ ਗਲੋਬਲ ਸਕੂਲ ਬੁਸ਼ਿਹਰਾ ਨੇ ਤੀਸਰਾ ਸਥਾਨ ਹਾਸਲ ਕੀਤਾ।

## ਕੀਕੀ ਹੱਕਾ ਨਾ ਮੰਨਣ ਦੇ ਵਿਰੋਧ ਚ ਧਰਨਾ ਲਗਾਇਆ

**ਮੂਣਕ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰ ਐਸੋਸੀਏਸ਼ਨ ਵੱਲੋਂ ਕਾਂਸਟੀਚੁਐਂਟ ਕਾਲਜ, ਨੇਬਰਹੁੱਡਸ ਕੈਂਪਸ, ਰੀਜਨਲ ਸੈਂਟਰ ਨੂੰ ਬੰਦ ਕਰਨ ਦੇ ਸੱਦੇ 'ਤੇ ਯੂਨੀਵਰਸਿਟੀ ਕਾਲਜ ਮੂਨਕ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਹਕੀਕੀ ਹੱਕਾ ਨਾ ਮੰਨਣ ਦੇ ਵਿਰੋਧ ਚ ਧਰਨਾ ਲਗਾਇਆ।ਅਸੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰਸ਼ਾਸਨ ਨੂੰ ਸਖਤ ਸ਼ਬਦਾਂ ਵਿੱਚ ਕਹਿਣਾ ਚਾਹੁੰਦੇ ਹਾਂ ਸਾਡੀਆਂ ਮੰਗਾਂ ਨੂੰ ਤੁਰੰਤ ਲਾਗੂ ਕੀਤੀਆਂ ਜਾਣ। ਪ੍ਰੋਫੈਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਨਵੰਬਰ 2022 ਵਿੱਚ "GC Regulation 2018 ਇੰਨ ਬਿੰਨ ਸਿੰਡੀਕੇਟ ਵਿਚ ਪਾਸ ਕੀਤਾ ਸੀ ਜਿਸ ਨੂੰ ਸਾਰੇ ਅਧਿਆਪਕ ਵਰਗਾ 'ਤੇ ਲਾਗੂ ਕੀਤਾ ਗਿਆ ਪਰ ਕੰਟਰੈਕਟ ਅਧਿਆਪਕਾਂ ਉਤੇ ਲਾਗੂ ਨਹੀਂ ਕੀਤਾ। ਇੱਥੇ ਅਸੀਂ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਕੰਟਰੈਕਟ ਅਧਿਆਪਕਾਂ ਦੇ ਹੱਕ ਵਿੱਚ ਅਪ੍ਰੈਲ 2026 ਵਾਲੇ ਮਾਨਯੋਗ ਹਾਈਕੋਰਟ ਦੇ ਆਦੇਸ਼ਾਂ ਨੂੰ ਕੰਟਰੈਕਟ ਸਹਾਇਕ ਪ੍ਰੋਫੈਸਰਾਂ 'ਤੇ ਇਨ ਬਿਨ ਲਾਗੂ ਕੀਤਾ ਜਾਵੇ। ਡਾ. ਰਣਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰਜ਼ ਐਸੋਸੀਏਸ਼ਨ ਦੇ ਵਫ਼ਦ ਦੀ ਡਾਇਰੈਕਟਰ ਕਾਂਸਟੀਚੂਐਂਟ ਕਾਲਜਾਂ ਵੱਲੋਂ ਕੀਤੀਆਂ ਗਈਆਂ ਅਪਮਾਨਜਨਕ ਟਿੱਪਣੀਆਂ ਯੂਨੀਵਰਸਿਟੀ ਪ੍ਰਸ਼ਾਸਨ ਮਾਫ਼ੀ ਮੰਗੇ।ਕੰਟਰੈਕਟ ਸਹਾਇਕ ਪ੍ਰੋਫੈਸਰਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਦਫਤਰ ਅੱਗੇ ਮਿਤੀ 18 ਅਗਸਤ 2026 ਤੋਂ ਧਰਨਾ ਲਗਾਇਆ ਗਿਆ ਹੈ।

# ਨਵਲਦੀਪ ਸਿੰਘ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਬੂਟਾ ਸਿੰਘ ਵਿਰਕ ਪੀ ਆਰ ਟੀ ਸੀ ਦੇ ਜਿਲਾ ਡਇਰੈਕਟਰ ਨਿਯੁਕਤ ਕੀਤੇ ਗਏ

**ਪਾਤੜਾਂ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵੱਲੋਂ ਪਾਰਟੀ ਵਿੱਚ ਸ਼ਾਮਿਲ ਪੰਥਕ ਮਿਹਨਤ ਕਰਨ ਵਾਲਿਆਂ ਨੂੰ ਅਹੁਦੇਦਾਰੀਆਂ ਦੇ ਕੇ ਨਿਵਾਜਿਆ ਜਾ ਰਿਹਾ ਹੈ ਇਸੇ ਲਈ ਚਲਦੇ ਆਂ ਨਵਲਦੀਪ ਸਿੰਘ ਮੌਲਵੀ ਵਾਲਾ ਨੂੰ ਜਿਲਾ ਪਟਿਆਲਾ ਦਾ ਪ੍ਰਧਾਨ ਅਤੇ ਬੂਟਾ ਸਿੰਘ ਵਿਰਕ ਨੂੰ ਪੀਆਰਟੀਸੀ ਦਾ ਜਿਲਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਨਾਮ ਨਿਯੁਕਤ ਅਹੁਦੇਦਾਰੀਆਂ ਦੇਣ ਉਪਰੰਤ ਦਸਮੇਸ਼ ਨਗਰ ਮੌਲਵੀਵਾਲਾ ਦੇ ਸਰਪੰਚ ਚਰਨਜੀਤ ਸਿੰਘ ਵੱਲੋਂ ਇਹਨਾਂ ਨੂੰ ਸਨਮਾਨ ਚਿੰਨ ਅਤੇ ਸਰੋਪਾਉ ਪਾ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਗੱਲਬਾਤ ਦੌਰਾਨ ਨਵਦੀਪ ਸਿੰਘ ਅਤੇ ਬੂਟਾ ਸਿੰਘ ਵਿਰਕ ਨੇ ਕਿਹਾ ਕਿ ਉਹ ਆਪਣੀਆਂ ਜਿੰਮੇਵਾਰੀਆਂ ਨੂੰ ਬਿਨਾਂ ਸਵਾਰਥ ਨਿਸਕਾਮ ਕੰਮ ਕਰਦੇ



ਰਹਿਣਗੇ ਤਾਂ ਜੋ ਪਾਰਟੀ ਵਿੱਚ ਗਤੀਵਿਧੀਆਂ ਨੂੰ ਹੋਰ ਤੇਜ਼ ਕਰਕੇ ਲੋਕਾਂ ਦੀ ਸੇਵਾ ਕਰਦੇ ਰਹਿਣ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਹਰਿੰਦਰ ਸਿੰਘ ਚੱਠਾ ਮੌਲਵੀ ਵਾਲਾ ਡੀਸੀਯੂ ਪਟਿਆਲਾ, ਕਾਬਲ ਸਿੰਘ ਢਿੱਲੋਂ, ਹਿਟਲਰ ਸਿੰਘ ਮੌਲਵੀ ਵਾਲਾ, ਅਮਨਦੀਪ ਸਿੰਘ ਮਨੇਸ, ਜਗਜੀਤ ਸਿੰਘ ਸਰਪੰਚ, ਬਲਵੰਤ ਸਿੰਘ ਮੌਲਵੀ ਵਾਲਾ, ਸੁੱਚਾ ਸਿੰਘ ਬਗਿਆਣੀਆਂ, ਬਲਜੀਤ ਸਿੰਘ ਸਰਪੰਚ, ਮਹਲ ਸਿੰਘ ਗੁਰਮੀਤ ਸਿੰਘ, ਮੈਂਬਰ ਵੀਰਪਾਲ ਸਿੰਘ, ਮੈਂਬਰ ਸਰਬਜੀਤ ਸਿੰਘ, ਮੈਂਬਰ ਮਹਿਲ ਸਿੰਘ, ਮੈਂਬਰ ਗੁਰਬਖਸ਼ ਸਿੰਘ, ਗੁਲਾਬ ਸਿੰਘ ਸਾਬਕਾ ਸਰਪੰਚ ਦਸ਼ਮੇਸ਼ ਨਗਰ ਮੌਲਵੀ ਵਾਲਾ ਆਦਿ ਹਾਜਰ ਸਨ।

# ਜੀਐੱਮਸੀਐੱਚ ਚੰਡੀਗੜ੍ਹ ਨੇ ਵਿਸ਼ਵ ਖ਼ੁਦਕੁਸ਼ੀ ਰੋਕਥਾਮ ਦਿਵਸ 'ਤੇ ਖੁੱਲ੍ਹੀ ਗੱਲਬਾਤ ਅਤੇ ਸਹਿਯੋਗ ਨੂੰ ਹੁਲਾਰਾ ਦਿੱਤਾ

**ਚੰਡੀਗੜ੍ਹ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ), ਚੰਡੀਗੜ੍ਹ ਦੇ ਮਨੋਰੋਗ ਵਿਭਾਗ ਨੇ ਐਨਜੀਓ 'ਪਰਿਵਰਤਨ' ਦੇ ਸਹਿਯੋਗ ਨਾਲ ਅੱਜ ਜੀਐੱਮਸੀਐੱਚ ਕੈਂਪਸ ਵਿੱਚ ਵਿਸ਼ਵ ਖ਼ੁਦਕੁਸ਼ੀ ਰੋਕਥਾਮ ਦਿਵਸ ਮਨਾਇਆ। ਇਸ ਸਮਾਗਮ ਦਾ ਵਿਸ਼ਾ ਖ਼ੁਦਕੁਸ਼ੀ ਪ੍ਰਤੀ ਸੋਚ ਵਿੱਚ ਬਦਲਾਅ ਸੀ। ਇਸ ਆਲਮੀ ਪਹਿਲ ਦੇ ਜ਼ਰੀਏ ਚੁੱਪ ਅਤੇ ਸਮਾਜਿਕ ਕਲੰਕ ਨੂੰ ਦੂਰ ਕਰਕੇ ਖੁੱਲ੍ਹੀ ਗੱਲਬਾਤ, ਹਮਦਰਦੀ ਅਤੇ ਸਮਝ ਦਾ ਵਾਤਾਵਰਣ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ।

ਪ੍ਰੋਗਰਾਮ ਵਿੱਚ ਫੈਕਲਟੀ ਮੈਂਬਰਾਂ, ਰੈਜ਼ੀਡੈਂਟ ਡਾਕਟਰਾਂ ਅਤੇ ਵਿਦਿਆਰਥੀਆਂ ਨੇ ਸਰਗਰਮੀ ਨਾਲ ਹਿੱਸਾ ਲਿਆ। ਜਾਗਰੂਕਤਾ ਅਤੇ ਸਹਿਯੋਗ ਨੂੰ ਹੁਲਾਰਾ ਦੇਣ ਲਈ ਵਿਭਿੰਨ ਸੰਵਾਦਾਤਮਕ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਉਮੀਦ ਦੀਆਂ ਕਹਾਣੀਆਂ ਨਾਮਕ ਵਿਸ਼ੇਸ਼ ਪ੍ਰਦਰਸ਼ਨੀ ਵਿੱਚ ਮਰੀਜ਼ਾਂ ਦੁਆਰਾ ਸਾਂਝੇ ਕੀਤੇ ਗਏ ਸੰਦੇਸ਼ ਪ੍ਰਦਰਸ਼ਿਤ ਕੀਤੇ ਗਏ, ਜਿਨ੍ਹਾਂ ਵਿੱਚ ਸਾਹਸ, ਆਸ਼ਾ ਅਤੇ ਤੰਦਰੁਸਤ ਹੋਣ ਦੀ ਪ੍ਰਕਿਰਿਆ ਨੂੰ ਦਰਸਾਇਆ ਗਿਆ।

ਤਤਕਾਲ ਸਹਾਇਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੈਲਪਲਾਇਨਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਜਾਣਕਾਰੀ ਵੀ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤੀ ਗਈ।

ਕੈਂਪਸ ਵਿੱਚ ਲਗਾਏ ਗਏ ਹਸਤਾਖਰ ਬੋਰਡ 'ਤੇ ਪ੍ਰਤੀਭਾਗੀਆਂ ਨੇ ਖ਼ੁਦਕੁਸ਼ੀ ਦੀ ਰੋਕਥਾਮ ਪ੍ਰਤੀ ਆਪਣੀ ਪ੍ਰਤੀਬੱਧਤਾ ਵਿਅਕਤ ਕੀਤੀ। ਬੋਰਡ ਦਾ ਉਦਘਾਟਨ ਡਾਇਰੈਕਟਰ ਪ੍ਰਿੰਸੀਪਲ ਡਾ. ਰਵਨੀਤ ਕੌਰ, ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਗੁਗਲਾਨੀ ਅਤੇ ਮਨੋਰੋਗ ਵਿਭਾਗ ਦੇ ਮੁਖੀ ਡਾ. ਅਜੀਤ ਸਿਡਾਨਾ ਨੇ ਕੀਤਾ। ਉਨ੍ਹਾਂ ਨੇ ਪ੍ਰਤੀਭਾਗੀਆਂ ਨਾਲ ਗੱਲਬਾਤ ਕੀਤੀ ਅਤੇ ਮਾਨਸਿਕ ਸਿਹਤ ਜਾਗਰੂਕਤਾ ਨਾਲ ਸਬੰਧਿਤ ਪ੍ਰਸ਼ਨਾਂ ਦੇ ਉੱਤਰ ਦਿੱਤੇ।

ਇਸ ਤੋਂ ਇਲਾਵਾ, 'ਮਨੋਵਿਗਿਆਨਕ ਮੁੱਢਲੀ ਸਹਾਇਤਾ' ਵਿਸ਼ੇ 'ਤੇ ਸੈਸ਼ਨ ਆਯੋਜਿਤ ਕੀਤੇ ਗਏ। ਇਨ੍ਹਾਂ ਵਿੱਚ ਪ੍ਰਤੀਭਾਗੀਆਂ ਨੂੰ ਚੇਤਾਵਨੀ ਦੇ ਸੰਕੇਤਾਂ ਦੀ ਪਹਿਚਾਣ ਕਰਨ ਅਤੇ ਮਾਨਸਿਕ ਪ੍ਰੇਸ਼ਾਨੀ ਨਾਲ ਜੂਝ ਰਹੇ ਲੋਕਾਂ ਨੂੰ ਵਿਵਹਾਰਿਕ ਸਹਾਇਤਾ ਪ੍ਰਦਾਨ ਕਰਨ ਦੀ ਜਾਣਕਾਰੀ ਦਿੱਤੀ ਗਈ।

ਇਹ ਪਹਿਲ ਨੇ ਮਾਨਸਿਕ ਸਿਹਤ ਦੇ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਇੱਕ ਸੰਵੇਦਨਸ਼ੀਲ ਤੇ ਸਹਿਯੋਗੀ ਵਾਤਾਵਰਣ ਬਣਾਉਣ ਦੀ ਜੀਐੱਮਸੀਐੱਚ ਚੰਡੀਗੜ੍ਹ ਦੀ ਨਿਰੰਤਰ ਪ੍ਰਤੀਬੱਧਤਾ ਨੂੰ ਰੇਖਾਂਕਿਤ ਕੀਤਾ।

## 500 ਡਰੋਨਾਂ ਦੇ ਸ਼ਾਨਦਾਰ ਸ਼ੋਅ ਨੇ ਸੰਗਤ ਨੂੰ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਤੇ ਫ਼ਲਸਫ਼ੇ ਤੋਂ ਕਰਵਾਇਆ ਜਾਣੂ

# ਭਗਵੰਤ ਮਾਨ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਮਹਾਨ ਸਿੱਖਿਆਵਾਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਯਤਨਸ਼ੀਲ : ਡਾ. ਬਲਬੀਰ ਸਿੰਘ

**ਪਟਿਆਲਾ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿੱਚ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅੱਜ ਦੇਰ ਸ਼ਾਮ ਪਟਿਆਲਾ ਦਿਹਾਤੀ ਹਲਕੇ ਵਿਖੇ 500 ਡਰੋਨਾਂ ਦੇ ਸ਼ਾਨਦਾਰ ਸ਼ੋਅ ਨੇ ਸੰਗਤ ਨੂੰ ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ ਤੇ ਫ਼ਲਸਫ਼ੇ ਤੋਂ ਜਾਣੂੰ ਕਰਵਾਇਆ। ਇਸ ਮੌਕੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਆਮ ਆਦਮੀ ਪਾਰਟੀ ਦੇ ਐਸ.ਸੀ. ਵਿੰਗ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਜੀ.ਪੀ ਸਮੇਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪਟਿਆਲਾ ਦਿਹਾਤੀ ਹਲਕੇ 'ਚੋਂ ਵੱਡੀ ਗਿਣਤੀ ਪੁੱਜੀ ਸੰਗਤ ਨੇ ਇਸ ਦਿਲਕਸ਼ ਡਰੋਨ ਸ਼ੋਅ ਦਾ ਬੜੀ ਸ਼ਰਧਾ ਭਾਵਨਾ ਨਾਲ ਅਨੰਦ ਮਾਣਿਆ। ਇਸ ਮੌਕੇ ਸਿਹਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਕੇ ਸਭ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ।



ਇੱਥੇ ਅਨਾਜ ਮੰਡੀ ਵਿਖੇ ਅਸਮਾਨ ਵਿੱਚ ਰਾਤ ਦੇ ਹਨੇਰੇ 'ਚ ਇਕੱਠੇ ਉੱਡਦੇ ਸੈਂਕੜੇ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਅਤੇ ਮਹਾਨ ਫ਼ਲਸਫ਼ੇ ਨੂੰ ਦਰਸਾਉਂਦੇ ਦਿਲਕਸ਼ ਦ੍ਰਿਸ਼ ਪੇਸ਼ ਕੀਤੇ ਗਏ। ਇਸ ਸ਼ਾਨਦਾਰ ਸ਼ੋਅ ਨੂੰ ਦੇਖਦਿਆਂ ਮੰਤਰ ਮੁਗਧ ਹੋਈ ਸੰਗਤ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਇਸ ਮੌਕੇ ਸੰਗਤ ਵੱਲੋਂ ਦਿਖਾਏ ਗਏ ਉਤਸ਼ਾਹ ਲਈ ਧੰਨਵਾਦ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬ ਦੀ ਮਹਾਨ ਵਿਚਾਰਧਾਰਾ ਨਾਲ ਜੋੜਨ ਲਈ ਡਰੋਨ ਸ਼ੋਅ ਵਾਲੀ ਆਧੁਨਿਕ ਡਿਜੀਟਲ ਤਕਨੀਕ ਰਾਹੀਂ ਗੁਰੂ ਜੀ ਦੇ ਜੀਵਨ, ਬਾਣੀ ਅਤੇ ਸਿੱਖਿਆਵਾਂ ਨੂੰ ਰਾਤ ਦੇ ਅਸਮਾਨ ਵਿੱਚ ਜੀਵੰਤ ਰੂਪ ਵਿੱਚ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਸਿੱਖਿਆਵਾਂ ਸਮੁੱਚੀ ਮਨੁੱਖਤਾ ਲਈ ਬਰਾਬਰੀ, ਭਾਈਚਾਰੇ, ਮਿਹਨਤ, ਸੱਚੇ ਆਚਰਣ ਅਤੇ ਸਾਂਝੀਵਾਲਤਾ ਦਾ ਮਾਰਗ ਦਰਸਾਉਂਦੀਆਂ ਹਨ। ਉਨ੍ਹਾਂ ਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦਾ ਫ਼ਲਸਫ਼ਾ ਕਿਸੇ ਇੱਕ ਵਰਗ ਜਾਂ ਭਾਈਚਾਰੇ ਤੱਕ ਸੀਮਤ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਬਰਾਬਰੀ, ਆਜ਼ਾਦੀ, ਭਾਈਚਾਰੇ ਅਤੇ ਸਾਂਝੀਵਾਲਤਾ ਦਾ ਮਹਾਨ ਸੰਦੇਸ਼ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਗੁਰੂ ਜੀ ਨੇ ਜਾਤ-ਪਾਤ, ਊਚ-ਨੀਚ ਅਤੇ ਸਮਾਜਿਕ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਇਹ ਸੰਦੇਸ਼ ਦਿੱਤਾ ਕਿ ਮਨੁੱਖ ਦੀ ਮਹਾਨਤਾ ਉਸਦੇ ਜਨਮ ਜਾਂ ਕੁਲ ਵਿੱਚ ਨਹੀਂ, ਸਗੋਂ ਉਸਦੇ ਚੰਗੇ ਕਰਮਾਂ, ਉੱਚੇ ਆਚਰਣ ਅਤੇ ਮਾਨਵਤਾ ਪ੍ਰਤੀ ਸਮਰਪਣ ਵਿੱਚ ਹੈ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਸਾਲ ਤੱਕ ਚੱਲਣ ਵਾਲੇ ਸਮਾਗਮਾਂ ਲਈ 100 ਕਰੋੜ ਰੁਪਏ ਤੋਂ ਵੱਧ ਦਾ ਬਜਟ ਰੱਖਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੇ ਮਹਾਨ ਵਿਚਾਰਾਂ ਅਤੇ ਮਨੁੱਖਤਾ ਦੀ ਭਲਾਈ ਲਈ ਦਿੱਤੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਆਧੁਨਿਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਹੈ।

ਸਮਾਗਮ ਮੌਕੇ ਢਾਡੀ ਤਰਸੇਮ ਸਿੰਘ ਖੇਤਲਾ ਦੇ ਜਥੇ ਨੇ ਇਤਿਹਾਸ ਤੇ ਢਾਡੀ ਵਾਰਾਂ ਨਾਲ ਸੰਗਤ ਨੂੰ ਨਿਹਾਲ ਕੀਤਾ।

ਇਸ ਮੌਕੇ ਮੇਅਰ ਕੁੰਦਨ ਗੋਗੀਆ, ਏਡੀਸੀ ਦਮਨਜੀਤ ਸਿੰਘ ਮਾਨ, ਐਸ ਪੀ ਮੋਹਿਤ ਅਗਰਵਾਲ, ਆਪ ਦੇ ਦਿਹਾਤੀ ਪ੍ਰਧਾਨ ਤੇ ਇੰਪਰੂਵਮੈਂਟ ਟਰਸਟ ਚੇਅਰਮੈਨ ਹਰਪਾਲ ਸਿੰਘ ਵਿਰਕ, ਐਸ ਸੀ ਵਿੰਗ ਜੋਨ ਇੰਚਾਰਜ ਅਮਰੀਕ ਸਿੰਘ ਬੰਗੜ, ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਮਾਰਕੀਟ ਕਮੇਟੀ ਅਸ਼ੋਕ ਸਿਰਸਵਾਲ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਹਲਕਾ ਕੋਆਰਡੀਨੇਟਰ ਲਾਲ ਸਿੰਘ, ਜਸਬੀਰ ਸਿੰਘ ਗਾਂਧੀ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਸੁਰਜੀਤ ਸਿੰਘ ਅਬਲੋਵਾਲ, ਯੂਥ ਵਿੰਗ ਦੇ ਸੂਬਾ ਜਨਰਲ ਸਕੱਤਰ ਸ਼ਿਵਰਾਜ ਵਿਰਕ, ਚੇਅਰਮੈਨ ਗੁਰਪ੍ਰੀਤ ਸਿੰਘ ਧਮੋਲੀ, ਦਲਿਤ ਵਿਕਾਸ ਬੋਰਡ ਦੇ ਚੇਅਰਮੈਨ ਜਸਵੰਤ ਰਾਏ, ਵੱਡੀ ਗਿਣਤੀ ਕੌਂਸਲਰ, ਪੰਚ ਸਰਪੰਚ, ਐਸ.ਡੀ.ਐਮ. ਗੁਰਦੇਵ ਸਿੰਘ, ਸ੍ਰੀ ਗੁਰੂ ਰਵਿਦਾਸ ਜੀ ਸਭਾਵਾਂ, ਕਲੱਬ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਵੱਡੀ ਹਲਕਾ ਪਟਿਆਲਾ ਦੇ ਨਿਵਾਸੀ ਮੌਜੂਦ ਸਨ।

# ਰਾਜਪਾਲ ਕਟਾਰੀਆ ਨੇ 'ਹੰਸਤੇ-ਖੇਲਤੇ' ਪਹਿਲ ਦੇ ਜ਼ਰੀਏ ਯੁਵਾ ਖਿਡਾਰੀਆਂ ਨੂੰ ਸਸ਼ਕਤ ਬਣਾਉਣ ਲਈ 'ਕੰਪੀਟੈਂਟ ਫਾਊਂਡੇਸ਼ਨ' ਦੀ ਸ਼ਲਾਘਾ ਕੀਤੀ

**ਚੰਡੀਗੜ੍ਹ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ 'ਕੰਪੀਟੈਂਟ ਫਾਊਂਡੇਸ਼ਨ' ਵੱਲੋਂ ਖੇਡ ਸਮੱਗਰੀ ਮੁਹੱਈਆ ਕਰਵਾ ਕੇ ਅਤੇ ਪ੍ਰਤਿਭਾਸ਼ਾਲੀ ਨੌਜਵਾਨਾਂ ਲਈ ਬਰਾਬਰ ਦੇ ਮੌਕੇ ਸਿਰਜ ਕੇ ਨੌਜਵਾਨ ਖਿਡਾਰੀਆਂ ਨੂੰ ਸਮਰੱਥ ਬਣਾਉਣ ਲਈ ਕੀਤੇ ਜਾ ਰਹੇ ਨਿਰੰਤਰ ਪ੍ਰਯਾਸਾਂ ਦੀ ਸ਼ਲਾਘਾ ਕੀਤੀ।

ਚੰਡੀਗੜ੍ਹ ਸਥਿਤ ਲੋਕ ਭਵਨ ਦੇ ਬੈਂਕੁਏਟ ਹਾਲ ਵਿਖੇ 'ਕੰਪੀਟੈਂਟ ਫਾਊਂਡੇਸ਼ਨ' ਵੱਲੋਂ ਆਯੋਜਿਤ ਖੇਡ ਕਿੱਟ ਵੰਡ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਇਹ ਪਹਿਲ ਕੇਵਲ ਖੇਡ ਕਿੱਟਾਂ ਵੰਡਣ ਤੱਕ ਸੀਮਤ ਨਹੀਂ ਹੈ, ਬਲਕਿ ਇਹ ਪ੍ਰਤਿਭਾ ਵਿੱਚ ਵਿਸ਼ਵਾਸ, ਸਮਾਨ ਅਵਸਰ, ਸਮਾਜਿਕ ਸੰਵੇਦਨਸ਼ੀਲਤਾ ਅਤੇ ਖੇਡਾਂ ਦੇ ਜ਼ਰੀਏ ਆਤਮਵਿਸ਼ਵਾਸ ਨਿਰਮਾਣ ਦਾ ਪ੍ਰਤੀਕ ਹੈ।

ਇਸ ਤੋਂ ਪਹਿਲਾਂ, 'ਕੰਪੀਟੈਂਟ ਫਾਊਂਡੇਸ਼ਨ' ਦੇ ਪ੍ਰਧਾਨ ਸ਼੍ਰੀ ਸੰਜੈ ਟੰਡਨ ਨੇ ਫਾਊਂਡੇਸ਼ਨ ਵੱਲੋਂ ਕੀਤੀਆਂ ਗਈਆਂ ਵਿਭਿੰਨ ਪਹਿਲਾਂ ਅਤੇ 'ਹੰਸਤੇ-ਖੇਲਤੇ' ਪ੍ਰੋਗਰਾਮ ਦੇ ਸਫ਼ਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰੋਗਰਾਮ 2021 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਇਸ ਦਾ ਵਿਸਤਾਰ ਕਰਕੇ ਪ੍ਰਤਿਭਾਸ਼ਾਲੀ ਨੌਜਵਾਨ ਖਿਡਾਰੀਆਂ ਅਤੇ ਦਿੱਵਯਾਂਗ ਖਿਡਾਰੀਆਂ ਨੂੰ ਵੀ ਸਹਾਇਤਾ ਪ੍ਰਦਾਨ ਕੀਤੀ ਗਈ।



ਰਾਜਪਾਲ ਨੇ ਕਿਹਾ ਕਿ ਆਰਥਿਕ ਤੰਗੀ ਜਾਂ ਸੰਸਾਧਨਾਂ ਦੀ ਕਮੀ ਕਾਰਨ ਕਿਸੇ ਵੀ ਬੱਚੇ ਜਾਂ ਖਿਡਾਰੀ, ਵਿਸ਼ੇਸ਼ ਕਰਕੇ ਦਿੱਵਯਾਂਗ ਖਿਡਾਰੀਆਂ, ਨੂੰ ਆਪਣੇ ਸੁਪਨਿਆਂ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਕਿਹਾ, ÷ਸੱਚੀ ਪ੍ਰਤਿਭਾ ਕਦੇ ਵੀ ਮਹਿੰਗੇ ਉਪਕਰਣਾਂ 'ਤੇ ਨਿਰਭਰ ਨਹੀਂ ਹੋਣੀ ਚਾਹੀਦੀ। ਇਹ ਸਾਡੀ ਜ਼ਿੰਮੇਦਾਰੀ ਹੈ ਕਿ ਅਵਸਰ ਸਿੱਧੇ ਪ੍ਰਤਿਭਾਸ਼ਾਲੀ ਖਿਡਾਰੀਆਂ ਤੱਕ ਪਹੁੰਚਣ।÷

'ਹੰਸਤੇ-ਖੇਲਤੇ' ਪਹਿਲ ਦੇ ਸਫ਼ਰ ਦੀ ਸ਼ਲਾਘਾ ਕਰਦੇ ਹੋਏ ਰਾਜਪਾਲ ਨੇ ਦੱਸਿਆ ਕਿ ਇਸ ਦੇ ਸ਼ੁਰੂਆਤੀ ਚਾਰ ਵਰ੍ਹਿਆਂ ਦੇ ਦੌਰਾਨ 12 ਸਰਕਾਰੀ ਸਕੂਲਾਂ ਦੇ ਲੋੜਵੰਦ ਵਿਦਿਆਰਥੀਆਂ ਨੂੰ 600 ਸਕੂਲ ਕਿੱਟਾਂ ਵੰਡੀਆਂ ਗਈਆਂ। ਇਸ ਤੋਂ ਬਾਅਦ ਸਿੱਖਿਆ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ, ਇਸ ਪਹਿਲ ਦਾ ਵਿਸਤਾਰ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਸਹਿਯੋਗ ਦੇਣ ਲਈ ਕੀਤਾ ਗਿਆ। ਹੁਣ ਤੱਕ, ਚੰਡੀਗੜ੍ਹ ਦੇ ਸਰਕਾਰੀ ਸਕੂਲਾਂ ਦੇ 10 ਖੇਡ ਵਰਗਾਂ ਨਾਲ ਜੁੜੇ 350 ਤੋਂ ਵੱਧ ਨੌਜਵਾਨ ਖਿਡਾਰੀ ਖੇਡ ਕਿੱਟਾਂ ਦਾ ਲਾਭ ਉਠਾ ਚੁੱਕੇ ਹਨ। ਉਨ੍ਹਾਂ ਨੇ ਦਿੱਵਯਾਂਗ ਖਿਡਾਰੀਆਂ ਪ੍ਰਤੀ ਫਾਊਂਡੇਸ਼ਨ ਦੇ ਸਮਾਵੇਸ਼ੀ ਦ੍ਰਿਸ਼ਟੀਕੋਣ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਗ੍ਰਿੱਡ ਨੂੰ ਖੇਡ ਉਪਕਰਣ ਪ੍ਰਦਾਨ ਕੀਤੇ ਗਏ ਹਨ, ਜਦਕਿ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣ ਵਾਲੇ 17 ਦਿੱਵਯਾਂਗ ਐਥਲੀਟਾਂ ਨੂੰ ਵੀ ਸਹਾਇਤਾ ਦਿੱਤੀ ਗਈ ਹੈ। ਪਹਿਲ ਦੇ ਛੇਵੇਂ ਸਾਲ ਵਿੱਚ, ਬੈਡਮਿੰਟਨ, ਟੈਨਿਸ, ਐਥਲੈਟਿਕਸ ਅਤੇ ਫੁੱਟਬਾਲ ਵਿੱਚ 32 ਪ੍ਰਤਿਭਾਸ਼ਾਲੀ ਐਥਲੀਟਾਂ ਨੂੰ ਖੇਡ ਕਿੱਟਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਸ਼੍ਰੀ ਕਟਾਰੀਆ ਨੇ ਸਵਰਗੀ ਸ਼੍ਰੀ ਬਲਰਾਮਜੀ ਦਾਸ ਟੰਡਨ ਜੀ ਨਾਲ ਜੁੜੀ ਸੇਵਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਕੰਪੀਟੈਂਟ ਫਾਊਂਡੇਸ਼ਨ ਦੀ ਪ੍ਰਸ਼ੰਸਾ ਕੀਤੀ।

# ਖੇਡਾਂ ਵਤਨ ਪੰਜਾਬ ਦੀਆਂ-2026 ਬਲਾਕ ਪੱਧਰੀ ਮੁਕਾਬਲਿਆਂ 'ਚ ਖਿਡਾਰੀਆਂ ਨੇ ਦਿਖਾਏ ਖੇਡ ਪ੍ਰਤਿਭਾ ਦੇ ਜੌਹਰ

**ਸੰਗਰੂਰ, 15 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹਾ ਸੰਗਰੂਰ ਵਿੱਚ ਕਰਵਾਈਆਂ ਜਾ ਰਹੀਆਂ ਬਲਾਕ ਪੱਧਰੀ ਖੇਡਾਂ ਦੌਰਾਨ ਖਿਡਾਰੀਆਂ ਵੱਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਖੇਡ ਅਫ਼ਸਰ ਨਵਦੀਪ ਸਿੰਘ ਨੇ ਦੱਸਿਆ ਕਿ ਬਲਾਕ ਸੰਗਰੂਰ, ਧੂਰੀ ਅਤੇ ਸ਼ੇਰਪੁਰ ਦੇ ਬਲਾਕ ਪੱਧਰੀ ਟੂਰਨਾਮੈਂਟ ਮੁਕੰਮਲ ਹੋ ਚੁੱਕੇ ਹਨ, ਜਦਕਿ ਅੱਜ 10 ਸਤੰਬਰ ਨੂੰ ਬਲਾਕ ਦਿੜ੍ਹਬਾ, ਲਹਿਰਾ ਅਤੇ ਅਨਦਾਣਾ ਵਿਖੇ ਵੱਖ-ਵੱਖ ਉਮਰ ਵਰਗਾਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਅੰਡਰ-14, ਅੰਡਰ-17, ਅੰਡਰ-21, 21 ਤੋਂ 30 ਸਾਲ ਅਤੇ 51 ਤੋਂ 60 ਸਾਲ ਦੇ ਉਮਰ ਵਰਗਾਂ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।



ਹਲਕਾ ਲਹਿਰਾ ਦੇ ਸਰਕਾਰੀ ਹਾਈ ਸਕੂਲ ਭਾਈ ਕੀ ਪਿਸ਼ੌਰ ਵਿਖੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦੇ ਧਰਮਪਤਨੀ ਸ੍ਰੀਮਤੀ ਸੀਮਾ ਰਾਣੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਖਿਡਾਰੀਆਂ ਦਾ ਹੌਂਸਲਾ ਵਧਾਇਆ ਅਤੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ।

ਇਸੇ ਤਰ੍ਹਾਂ ਹਲਕਾ ਦਿੜ੍ਹਬਾ ਦੇ ਸ਼ਹੀਦ ਚਤਵੰਤ ਸਿੰਘ ਖੇਡ ਸਟੇਡੀਅਮ, ਕੌਹਰੀਆਂ ਵਿਖੇ ਬਲਾਕ ਪੱਧਰੀ ਖੇਡਾਂ ਦੀ ਓਪਨਿੰਗ ਮੌਕੇ ਸ੍ਰੀ ਪ੍ਰੀਤਮ ਸਿੰਘ ਪੀਤੂ, ਚੇਅਰਮੈਨ ਇੰਪਰੂਵਮੈਂਟ ਟਰੱਸਟ, ਸੰਗਰੂਰ, ਸ੍ਰੀਮਤੀ ਜਸਵੀਰ ਕੌਰ ਸ਼ੇਰਗਿੱਲ, ਚੇਅਰਪਰਸਨ ਮਾਰਕਿਟ ਕਮੇਟੀ ਦਿੜ੍ਹਬਾ ਅਤੇ ਸ੍ਰੀ ਹਰਵਿੰਦਰ ਸਿੰਘ ਛਾਜਲੀ, ਚੇਅਰਮੈਨ ਮਾਰਕਿਟ ਕਮੇਟੀ ਸੂਲਰ ਘਰਾਟ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਖਿਡਾਰੀਆਂ ਦੀ ਹੌਂਸਲਾ-ਅਫ਼ਜ਼ਾਈ ਕੀਤੀ।

ਬਲਾਕ ਦਿੜ੍ਹਬਾ: ਐਥਲੈਟਿਕਸ ਅੰਡਰ-14 ਲੜਕਿਆਂ ਦੇ 600 ਮੀਟਰ ਮੁਕਾਬਲੇ ਵਿੱਚ ਸਮਰ ਸਿੰਘ ਨੇ ਪਹਿਲਾ, ਗੁਰਸਾਹਿਬ ਸਿੰਘ ਨੇ ਦੂਸਰਾ ਅਤੇ ਸਰਦਾਰ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ-14 ਲੜਕੀਆਂ ਵਿੱਚ ਕੌਹਰੀਆਂ ਕਿੰਗ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁੱਜਰਾਂ (ਏ) ਨੇ ਦੂਸਰਾ ਅਤੇ ਸਸਸਸ ਗੁੱਜਰਾਂ (ਬੀ) ਨੇ ਤੀਸਰਾ ਸਥਾਨ ਹਾਸਲ ਕੀਤਾ।

ਬਲਾਕ ਲਹਿਰਾ: ਐਥਲੈਟਿਕਸ ਅੰਡਰ-14 ਲੜਕਿਆਂ ਦੀ ਲੰਬੀ ਛਾਲ ਵਿੱਚ ਜਸਕਰਨ ਸਿੰਘ ਨੇ 4.00 ਮੀਟਰ ਦੀ ਛਾਲ ਨਾਲ ਪਹਿਲਾ, ਮਨਿੰਦਰ ਸਿੰਘ ਨੇ 3.77 ਮੀਟਰ ਨਾਲ ਦੂਸਰਾ ਅਤੇ ਪ੍ਰਦੀਪ ਸਿੰਘ ਨੇ 3.71 ਮੀਟਰ ਨਾਲ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੇ 1500 ਮੀਟਰ ਮੁਕਾਬਲੇ ਵਿੱਚ ਵੀਰਾਂ ਕੌਰ ਨੇ ਪਹਿਲਾ ਅਤੇ ਜਸਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਕਬੱਡੀ ਨੈਸ਼ਨਲ ਸਟਾਈਲ ਅੰਡਰ-14 ਲੜਕੀਆਂ ਵਿੱਚ ਸ਼ਹੀਦ ਬਾਬਾ ਹਿੰਮਤ ਸਿੰਘ ਵੈਲਫੇਅਰ ਕਲੱਬ ਸੰਗਤਪੁਰਾ ਨੇ ਪਹਿਲਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਬਖੋਰਾ ਖੁਰਦ ਨੇ ਦੂਸਰਾ ਸਥਾਨ ਹਾਸਲ ਕੀਤਾ। ਬਲਾਕ ਅਨਦਾਣਾ: ਖੋ-ਖੋ ਅੰਡਰ-14 ਲੜਕੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੂਡੀਆਂ (ਏ) ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੂਡੀਆਂ (ਬੀ) ਨੇ ਦੂਸਰਾ ਅਤੇ ਕੈਂਬਰਿਜ ਗਲੋਬਲ ਸਕੂਲ ਬੁਸ਼ਿਹਰਾ ਨੇ ਤੀਸਰਾ ਸਥਾਨ ਹਾਸਲ ਕੀਤਾ।

# ਪੰਜਾਬ ਵਿੱਚ ਹੋਵੇਗੀ ਏਸ਼ੀਅਨ ਚੈਂਪੀਅਨਜ਼ ਹਾਕੀ ਟਰਾਫੀ ਦੀ ਮੇਜ਼ਬਾਨੀ; ਦਰਸ਼ਕਾਂ ਲਈ ਦਾਖਲਾ ਮੁਫ਼ਤ : ਭਗਵੰਤ ਮਾਨ

## ਪੰਜਾਬ ਦਿਵਸ ਮੌਕੇ 1 ਨਵੰਬਰ ਨੂੰ ਜਲੰਧਰ ਵਿੱਚ ਹੋਵੇਗਾ ਭਾਰਤ-ਪਾਕਿਸਤਾਨ ਮੈਚ

**ਮੁਹਾਲੀ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੁਹਾਲੀ ਦੇ ਫੇਜ਼-9 ਸਥਿਤ ਓਲੰਪੀਅਨ ਬਲਬੀਰ ਸਿੰਘ ਹਾਕੀ ਸਟੇਡੀਅਮ ਵਿਖੇ ਪੁਰਸ਼ ਏਸ਼ੀਅਨ ਚੈਂਪੀਅਨਜ਼ ਟਰਾਫੀ 2026 ਦੇ ਪ੍ਰੋਗਰਾਮ ਦਾ ਐਲਾਨ ਕੀਤਾ। ਮੈਚ ਮੁਹਾਲੀ ਅਤੇ ਜਲੰਧਰ ਵਿੱਚ ਖੇਡੇ ਜਾਣਗੇ।




ਹਾਕੀ ਇੰਡੀਆ ਨੇ ਪੁਸ਼ਟੀ ਕੀਤੀ ਹੈ ਕਿ ਪਾਕਿਸਤਾਨੀ ਹਾਕੀ ਟੀਮ ਆਗਾਮੀ 2026 ਪੁਰਸ਼ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਹਿੱਸਾ ਲਵੇਗੀ, ਜਿਸ ਦੀ ਮੇਜ਼ਬਾਨੀ 27 ਅਕਤੂਬਰ ਤੋਂ 5 ਨਵੰਬਰ ਤੱਕ ਪੰਜਾਬ ਵੱਲੋਂ ਕੀਤੀ ਜਾਵੇਗੀ। ਹਾਕੀ ਇੰਡੀਆ ਦੇ ਅਧਿਕਾਰੀਆਂ ਨੇ ਫੇਜ਼ 9 ਵਿਖੇ ਬਲਬੀਰ ਸਿੰਘ (ਸੀਨੀਅਰ) ਹਾਕੀ ਸਟੇਡੀਅਮ ਦਾ ਦੌਰਾ ਕੀਤਾ ਅਤੇ ਇਸ ਅੰਤਰਰਾਸ਼ਟਰੀ ਮੁਕਾਬਲੇ ਦੇ ਸਮਾਂ-ਸਾਰਣੀ ਦਾ ਐਲਾਨ ਕੀਤਾ।

ਇਸ ਟੂਰਨਾਮੈਂਟ ਦਾ ਉਦਘਾਟਨ 27 ਅਕਤੂਬਰ ਨੂੰ (ਦੁਪਹਿਰ 2:30 ਵਜੇ) ਜਲੰਧਰ ਵਿੱਚ ਹੋਵੇਗਾ, ਜਦੋਂ ਕਿ ਮੁਹਾਲੀ ਦਾ ਸਟੇਡੀਅਮ 5 ਨਵੰਬਰ ਨੂੰ ਸੈਮੀਫਾਈਨਲ, ਫ਼ਾਈਨਲ ਅਤੇ ਸਮਾਪਤੀ ਸਮਾਗਮ ਦੀ ਮੇਜ਼ਬਾਨੀ ਕਰੇਗਾ। ਟੂਰਨਾਮੈਂਟ ਦਾ ਸਭ ਤੋਂ ਉਤਸੁਕਤਾ ਨਾਲ ਉਡੀਕਿਆ ਜਾਣ ਵਾਲਾ ਮੈਚ ਭਾਰਤ ਅਤੇ ਪਾਕਿਸਤਾਨ ਵਿਚਕਾਰ 1 ਨਵੰਬਰ ਨੂੰ ਪੰਜਾਬ ਦਿਵਸ ਦੇ ਜਸ਼ਨਾਂ ਮੌਕੇ ਜਲੰਧਰ ਵਿੱਚ ਖੇਡਿਆ ਜਾਵੇਗਾ।

ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਨੇ ਹੋਰ ਅਧਿਕਾਰੀਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਇਸ ਕੰਪਲੈਕਸ ਦਾ ਦੌਰਾ ਕੀਤਾ। ਮੁੱਖ ਮੰਤਰੀ ਨੇ ਹਾਕੀ ਇੰਡੀਆ ਦੇ ਅਧਿਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਟੀਮਾਂ ਨੂੰ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਸ਼ਟੀ ਕਰਦਿਆਂ ਕਿਹਾ, ਪਾਕਿਸਤਾਨ ਨੇ ਆਪਣੀ ਹਿੱਸੇਦਾਰੀ ਦੀ ਪੁਸ਼ਟੀ ਕਰ ਦਿੱਤੀ ਹੈ ਅਤੇ ਹਾਕੀ ਇੰਡੀਆ ਦੇ ਅਧਿਕਾਰੀਆਂ ਨੇ ਸਾਨੂੰ ਪਹਿਲਾਂ ਹੀ ਹਰੀ ਝੰਡੀ ਦੇ ਦਿੱਤੀ ਹੈ। ਸਰਕਾਰ ਨੇ ਉਨ੍ਹਾਂ ਦੀ ਯਾਤਰਾ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ, ਕਿਉਂਕਿ ਇਹ ਕੋਈ ਦੋਪੱਖੀ ਲੜੀ ਨਹੀਂ ਸਗੋਂ ਇੱਕ ਟੂਰਨਾਮੈਂਟ ਹੈ।

ਨਾਥ ਨੇ ਅੱਗੇ ਕਿਹਾ, ਰਾਸ਼ਟਰੀ ਹਾਕੀ ਫੈਡਰੇਸ਼ਨਾਂ ਅਤੇ ਭਾਰਤ ਵਿਚਕਾਰ ਬਹੁਤ ਚੰਗੇ ਸਬੰਧ ਹਨ। ਸਾਰੇ ਖਿਡਾਰੀ ਆਪਸ ਵਿੱਚ ਵਧੀਆ ਸਾਂਝ ਰੱਖਦੇ ਹਨ, ਇਸ ਲਈ ਪਾਕਿਸਤਾਨੀ ਟੀਮ ਨੂੰ ਇੱਥੇ ਖੇਡਣ ਲਈ ਮਨਾਉਣ ਵਿੱਚ ਕੋਈ ਵੱਡੀ ਸਮੱਸਿਆ ਨਹੀਂ ਆਈ। ਇਸ ਦੌਰਾਨ ਲੀਗ ਮੈਚ ਜਲੰਧਰ ਵਿੱਚ ਖੇਡੇ ਜਾਣਗੇ, ਜਦੋਂ ਕਿ ਨਾਕਆਊਟ (ਦਰਜਾਬੰਦੀ) ਮੈਚ ਮੁਹਾਲੀ ਵਿੱਚ ਹੋਣਗੇ। ਐਲਾਨੇ ਗਏ ਪ੍ਰੋਗਰਾਮ ਮੁਤਾਬਕ ਇਸ ਮੁਕਾਬਲੇ ਵਿੱਚ ਛੇ ਟੀਮਾਂ ਦੇ ਹਿੱਸਾ ਲੈਣ ਦੀ ਉਮੀਦ ਹੈ, ਜਿਨ੍ਹਾਂ ਵਿੱਚ ਭਾਰਤ, ਪਾਕਿਸਤਾਨ, ਜਪਾਨ, ਮਲੇਸ਼ੀਆ, ਚੀਨ ਅਤੇ ਕੋਰਿਆ ਸ਼ਾਮਲ ਹਨ। ਓਮਾਨ ਅਤੇ ਬੰਗਲਾਦੇਸ਼ ਨੂੰ ਰਿਜ਼ਰਵ ਟੀਮਾਂ ਵਜੋਂ ਰੱਖਿਆ ਗਿਆ ਹੈ।

ਪਹਿਲਾ ਮੈਚ ਜਪਾਨ ਅਤੇ ਮਲੇਸ਼ੀਆ ਵਿਚਕਾਰ ਖੇਡਿਆ ਜਾਵੇਗਾ। ਮਾਨ ਨੇ ਕਿਹਾ, ਪੰਜਾਬੀ ਮਹਿਮਾਨਾਂ ਦਾ ਸ਼ਾਨਦਾਰ ਤਰੀਕੇ ਨਾਲ ਸਵਾਗਤ ਕਰਨ ਲਈ ਜਾਣੇ ਜਾਂਦੇ ਹਨ ਅਤੇ ਅਸੀਂ ਇਸ ਈਵੈਂਟ ਨੂੰ ਲੈ ਕੇ ਉਤਸ਼ਾਹਿਤ ਹਾਂ। ਅਸੀਂ ਖਿਡਾਰੀਆਂ ਨੂੰ ਸਾਰੀਆਂ ਸਹੂਲਤਾਂ ਮਿਲਣ ਨੂੰ ਯਕੀਨੀ ਬਣਾਵਾਂਗੇ, ਤਾਂ ਜੋ ਹਰ ਕੋਈ ਪੰਜਾਬ ਵਿੱਚ ਖੇਡਣ ਦਾ ਅਭੁੱਲ ਤਜ਼ਰਬਾ ਆਪਣੇ ਨਾਲ ਲੈ ਕੇ ਜਾਵੇ।

ਇਸ ਅੰਤਰਰਾਸ਼ਟਰੀ ਮੁਕਾਬਲੇ ਦੇ ਮੈਚ ਮੁਹਾਲੀ ਅਤੇ ਜਲੰਧਰ ਵਿੱਚ ਹੋਣੇ ਤਫ਼ਸੀਲ ਹਨ। ਨਾਥ ਨੇ ਕਿਹਾ, ਮੈਨੂੰ ਇਹ ਐਲਾਨ ਕਰਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਇਸ ਟੂਰਨਾਮੈਂਟ ਦੀ ਮੇਜ਼ਬਾਨੀ ਲਈ ਪੰਜਾਬ ਨੂੰ ਚੁਣਿਆ ਗਿਆ ਹੈ। ਹਰ ਟੀਮ ਪੰਜਾਬ ਵਿੱਚ ਈਵੈਂਟ ਦੀ ਮੇਜ਼ਬਾਨੀ ਤੋਂ ਖ਼ੁਸ਼ ਹੈ ਅਤੇ ਇੱਥੇ ਆਉਣ ਲਈ ਬੇਤਾਬ ਹੈ। ਪਾਕਿਸਤਾਨ ਹਾਕੀ ਫੈਡਰੇਸ਼ਨ ਨੇ ਵੀ ਪੰਜਾਬ ਵਿੱਚ ਟੂਰਨਾਮੈਂਟ ਖੇਡਣ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ।

ਅਧਿਕਾਰੀਆਂ ਨੇ ਸਾਬਕਾ ਭਾਰਤੀ ਕਪਤਾਨ ਅਤੇ ਮੌਜੂਦਾ ਖਿਡਾਰੀ ਮਨਪ੍ਰੀਤ ਸਿੰਘ ਦੀ ਤਸਵੀਰ ਵਾਲੇ ਇਸ ਟੂਰਨਾਮੈਂਟ ਦੇ ਲੋਗੋ ਤੋਂ ਵੀ ਪਰਦਾ ਹਟਾਇਆ। ਅਧਿਕਾਰੀਆਂ ਨੇ ਇਹ ਵੀ ਐਲਾਨ ਕੀਤਾ ਕਿ ਦੋਵਾਂ ਥਾਵਾਂ ਉੱਤੇ ਦਰਸ਼ਕਾਂ ਲਈ ਕੋਈ ਦਾਖ਼ਲਾ ਫ਼ੀਸ ਨਹੀਂ ਹੋਵੇਗੀ। ਮਾਨ ਨੇ ਅੱਗੇ ਜੋੜਿਆ, ਸਟੇਡੀਅਮਾਂ ਦਾ ਕੰਮ ਅਜੇ ਅਪਗ੍ਰੇਡ (ਉੱਨਤ) ਕੀਤਾ ਜਾ ਰਿਹਾ ਹੈ ਅਤੇ ਕੰਮ ਜਲਦੀ ਪੂਰਾ ਹੋ ਜਾਵੇਗਾ। ਦੋਵਾਂ ਸਟੇਡੀਅਮ ਵਿੱਚ ਵੱਡੀਆਂ ਸਕ੍ਰੀਨਾਂ, ਅੰਤਰਰਾਸ਼ਟਰੀ ਮਿਆਰ ਮੁਤਾਬਿਕ ਬੈਠਣ ਦੀ ਸਮਰੱਥਾ ਅਤੇ ਹੋਰ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ।

# ਨਵੀਂ ਸਿੱਖਿਆ ਨੀਤੀ ਹੈ, ਮੰਤਰੀ ਮੋਦੀ ਦੀ ਸਭ ਤੋਂ ਵੱਡੀ ਪ੍ਰਾਪਤੀ : ਅਮਿਤ ਸ਼ਾਹ

**ਮੁੰਬਈ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਵੀਂ ਮੁੰਬਈ ਦੇ ਸਿਡਕੋ (ਸੀਆਈਡੀਸੀਓ) ਪ੍ਰਦਰਸ਼ਨੀ ਕੇਂਦਰ ਵਿਖੇ ਹਿੰਦੀ ਦਿਵਸ ਸਮਾਗਮਾਂ ਅਤੇ ਛੇਵੇਂ ਅਖਿਲ ਭਾਰਤੀ ਰਾਜਭਾਸ਼ਾ ਸੰਮੇਲਨ ਦਾ ਉਦਘਾਟਨ ਕੀਤਾ।



ਇਸ ਮੌਕੇ ਅਮਿਤ ਸ਼ਾਹ ਨੇ ਕਿਹਾ, ÷...ਪ੍ਰਧਾਨ ਮੰਤਰੀ ਮੋਦੀ ਦੀ ਸਭ ਤੋਂ ਵੱਡੀ ਪ੍ਰਾਪਤੀ ਉਨ੍ਹਾਂ ਦੀ ਨਵੀਂ ਸਿੱਖਿਆ ਨੀਤੀ ਹੈ, ਜਿਸ ਵਿਚ ਉਨ੍ਹਾਂ ਨੇ ਮੁੱਢਲੀ ਸਿੱਖਿਆ ਦੌਰਾਨ ਮਾਂ-ਬੋਲੀ ਸਿੱਖਣਾ ਲਾਜ਼ਮੀ ਕਰ ਦਿੱਤਾ ਹੈ। ਕੋਈ ਵੀ ਬੱਚਾ ਆਪਣੀ ਮਾਂ-ਬੋਲੀ ਸਿੱਖੇ ਬਿਨਾਂ ਵੱਡਾ ਇਨਸਾਨ ਨਹੀਂ ਬਣ ਸਕਦਾ... ਇਕ ਭਾਸ਼ਾ ਸਿੱਖਣ ਤੋਂ ਬਾਅਦ ਹੀ ਬੱਚਾ ਤਰੱਕੀ ਕਰ ਸਕਦਾ ਹੈ... ਇਸ ਦੇ ਨਾਲ ਹੀ, ਪ੍ਰਧਾਨ ਮੰਤਰੀ ਮੋਦੀ ਨੇ ਇਕ ਹੋਰ ਭਾਰਤੀ ਭਾਸ਼ਾ ਸਿੱਖਣਾ ਵੀ ਲਾਜ਼ਮੀ ਕਰ ਦਿੱਤਾ ਹੈ।

ਜੋ ਲੋਕ ਇਸ ਦਾ ਵਿਰੋਧ ਕਰ ਰਹੇ ਹਨ, ਉਹ ਇਹ ਨਹੀਂ ਸਮਝਦੇ ਕਿ ਉਹ ਕਿੰਨੀ ਵੱਡੀ ਗਲਤੀ ਕਰ ਰਹੇ ਹਨ... ਇਕ ਹੋਰ ਭਾਰਤੀ ਭਾਸ਼ਾ ਸਿੱਖਣ ਦਾ ਮਤਲਬ ਹੈ ਕਿ ਬੱਚਾ ਆਪਣੇ-ਆਪ 'ਏਕ ਭਾਰਤ ਸ਼੍ਰੇਸ਼ਠ ਭਾਰਤ' ਦੇ ਟੀਚੇ ਨਾਲ ਜੁੜ ਜਾਂਦਾ ਹੈ। ਆਪਣੀ ਮਾਂ-ਬੋਲੀ ਅਤੇ ਇਕ ਹੋਰ ਭਾਸ਼ਾ ਸਿੱਖ ਕੇ, ਉਹ ਸਾਰੀਆਂ ਤੰਗ-ਨਜ਼ਰੀਆਂ ਤੋਂ ਮੁਕਤ ਹੋ ਕੇ ਭਾਰਤ ਨਾਲ ਜੁੜ ਜਾਵੇਗਾ ਅਤੇ ਭਾਰਤ ਦਾ ਇਕ ਸੱਚਾ ਸਿਪਾਹੀ ਬਣੇਗਾ...।

# ਭਾਰਤ ਦੀ ਤਰੱਕੀ ਦੇ ਪਿੱਛੇ ਇੰਜੀਨੀਅਰਾਂ ਦਾ ਵਡਮੁੱਲਾ ਯੋਗਦਾਨ: ਕਾਲਕਾ

**ਨਵੀਂ ਦਿੱਲੀ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਇਕ ਸੰਦੇਸ਼ ਵਿੱਚ ਕੌਮੀ ਇੰਜੀਨੀਅਰਜ਼ ਦਿਵਸ ਮੌਕੇ ਦੇਸ਼ ਦੇ ਸਮੂਹ ਇੰਜੀਨੀਅਰਾਂ ਨੂੰ ਤਹਿ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਸਮਾਜ ਤੇ ਦੇਸ਼ ਦੇ ਨਿਰਮਾਣ ਵਿੱਚ ਇੰਜੀਨੀਅਰਾਂ ਦੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕੀਤੀ। ਆਪਣੇ ਸੰਦੇਸ਼ ਵਿੱਚ ਸਰਦਾਰ ਕਾਲਕਾ ਨੇ ਕਿਹਾ ਕਿ ਇੰਜੀਨੀਅਰ ਕਿਸੇ ਵੀ ਸਮਾਜ ਦੇ ਵਿਕਾਸ ਅਤੇ ਤਰੱਕੀ ਦੇ ਸਿਰਜਣਹਾਰ ਹੁੰਦੇ ਹਨ। ਉਨ੍ਹਾਂ ਦੀ ਸੋਚ, ਤਕਨੀਕੀ ਮੁਹਾਰਤ, ਨਵੀਨਤਾ ਅਤੇ ਮਿਹਨਤ ਆਧੁਨਿਕ ਸਮਾਜ ਦੀ ਨੀਂਹ ਨੂੰ ਮਜ਼ਬੂਤ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਇੰਜੀਨੀਅਰ ਦਾ ਸੜਕਾਂ, ਪੁਲਾਂ, ਇਮਾਰਤਾਂ ਅਤੇ ਬਿਜਲੀ ਪ੍ਰਣਾਲੀਆਂ, ਦੂਰਸੰਚਾਰ , ਸੂਚਨਾ ਤਕਨਾਲੋਜੀ,ਤੋਂ ਲੈ ਕੇ ਡਿਜ਼ੀਟਲ ਤਕਨਾਲੋਜੀ ਆਦਿ ਰੋਜ਼ਾਨਾ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਨਜ਼ਰ ਆਉਂਦਾ ਹੈ।



ਉਨ੍ਹਾਂ ਕਿਹਾ ਕਿ ਇੰਜੀਨੀਅਰ ਸਿਰਫ਼ ਤਕਨੀਕੀ ਪ੍ਰੋਜੈਕਟਾਂ ਨੂੰ ਸਾਕਾਰ ਕਰਨ ਵਾਲੇ ਮਾਹਿਰ ਹੀ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਹੋਰ ਸੁਖਮਈ, ਸੁਰੱਖਿਅਤ ਅਤੇ ਆਸਾਨ ਬਣਾਉਣ ਦੇ ਬਹੁਤ ਮਹੱਤਵਪੂਰਨ ਸਹਿਯੋਗੀ ਵੀ ਹਨ।

# ਮਾਨਸਾ ਦੇ ਬਰੇਟਾ 'ਚ ਪੀ.ਆਰ.ਟੀ.ਸੀ. ਬੱਸ ਅਤੇ ਸਕੂਲ ਵੈਨ ਦੀ ਭਿਆਨਕ ਟੱਕਰ, ਕਈ ਬੱਚੇ ਜ਼ਖ਼ਮੀ

## ਮੋਟਰਸਾਈਕਲ ਸਵਾਰ ਨੂੰ ਬਚਾਉਂਦਿਆਂ ਵਾਪਰਿਆ ਹਾਦਸਾ; ਵੈਨ ਡਰਾਈਵਰ ਦੀਆਂ ਦੋਵੇਂ ਲੱਤਾਂ ਟੁੱਟੀਆਂ, ਬਿਨਾਂ ਪਾਸਿੰਗ ਚੱਲ ਰਹੀ ਖ਼ਸਤਾਹਾਲ ਵੈਨ 'ਤੇ ਉੱਠੇ ਸਵਾਲ



**ਮਾਨਸਾ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਸਾ ਜ਼ਿਲ੍ਹੇ ਦੇ ਕਸਬਾ ਬਰੇਟਾ ਵਿੱਚ ਅੱਜ ਇੱਕ ਪੀ.ਆਰ.ਟੀ.ਸੀ. ਬੱਸ ਅਤੇ ਸਕੂਲ ਵੈਨ ਵਿਚਕਾਰ ਹੋਈ ਜ਼ੋਰਦਾਰ ਟੱਕਰ ਕਾਰਨ ਕਰੀਬ ਇੱਕ ਦਰਜਨ ਸਕੂਲੀ ਬੱਚੇ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਕੁਝ ਬੱਚਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ, ਜਦਕਿ ਕਰੀਬ ਅੱਧੀ ਦਰਜਨ ਬੱਚਿਆਂ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਇਲਾਜ ਲਈ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਹਾਦਸੇ ਤੋਂ ਬਾਅਦ ਸਕੂਲ ਵੈਨ ਦੀ ਹਾਲਤ ਨੂੰ ਲੈ ਕੇ ਵੀ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਲੋਕਾਂ ਦਾ ਕਹਿਣਾ ਹੈ ਕਿ ਸਕੂਲ ਵੈਨ ਕਾਫ਼ੀ ਖ਼ਸਤਾ ਹਾਲਤ ਵਿੱਚ ਸੀ ਅਤੇ ਇਸ ਦੀ ਪਾਸਿੰਗ ਵੀ ਨਹੀਂ ਸੀ। ਸਥਾਨਕ ਲੋਕਾਂ ਨੇ ਮੰਗ ਕੀਤੀ ਹੈ ਕਿ ਸਕੂਲੀ ਵਾਹਨਾਂ ਦੀ ਸਮੇਂ-ਸਮੇਂ 'ਤੇ ਜਾਂਚ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਿਆ ਜਾ ਸਕੇ।

ਜਾਣਕਾਰੀ ਅਨੁਸਾਰ ਉਕਤ ਸਕੂਲ ਦੀ ਵੈਨ ਸਵੇਰੇ ਬੱਚਿਆਂ ਨੂੰ ਲੈ ਕੇ ਸਕੂਲ ਵੱਲ ਜਾ ਰਹੀ ਸੀ। ਇਸ ਦੌਰਾਨ ਬਰੇਟਾ ਅਤੇ ਦਿਆਲਪੁਰਾ ਵਿਚਕਾਰ ਵੈਨ ਦੇ ਅੱਗੇ ਜਾ ਰਹੀ ਬੱਸ ਨੇ ਬ੍ਰੇਕ ਲਗਾ ਦਿੱਤੇ ਅਤੇ ਸਕੂਲ ਵੈਨ ਉਸ ਵਿੱਚ ਜਾ ਵੱਜੀ, ਜਿਸ ਵਿੱਚ ਇੱਕ ਬੱਚੇ ਦਾ ਹੱਥ ਟੁੱਟ ਗਿਆ ਅਤੇ ਹੋਰਨਾਂ ਬੱਚਿਆਂ ਦੇ ਸੱਟਾਂ ਲੱਗੀਆਂ।

ਸਕੂਲ ਪ੍ਰਿੰਸੀਪਲ ਕਰਮਜੀਤ ਸਿੰਘ ਨੇ ਦੱਸਿਆ ਕਿ ਬੱਸ ਚਾਲਕ ਡਰਾਈਵਰੀ ਕਰਦੇ ਵੇਲੇ ਛੋਲੇ ਖਾ ਕੇ ਪਾਣੀ ਪੀਣ ਲਈ ਥੱਲਿਓਂ ਗਲਾਸ ਚੁੱਕਣ ਲੱਗਿਆ ਅਤੇ ਅਚਾਨਕ ਉਸ ਨੇ ਬੱਸ ਦੇ ਬ੍ਰੇਕ ਲਗਾ ਦਿੱਤੇ, ਜਿਸ ਕਰਕੇ ਪਿੱਛਿਓਂ ਆ ਰਹੀ ਉਨ੍ਹਾਂ ਦੇ ਸਕੂਲ ਦੀ ਵੈਨ ਬੱਸ ਵਿੱਚ ਜਾ ਵੱਜੀ।

# ਪੰਜਾਬ 'ਚ ਬਿਜਲੀ ਸੰਕਟ ਵਿਚਾਲੇ ਵੱਡਾ ਪ੍ਰਸ਼ਾਸਨਿਕ ਫੇਰਬਦਲ; ਬਸੰਤ ਗਰਗ ਦੀ ਥਾਂ ਗੁਰਕੀਰਤ ਕਿਰਪਾਲ ਸਿੰਘ ਹੋਣਗੇ ਨਵੇਂ ਮੁਖੀ

**ਚੰਡੀਗੜ੍ਹ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਅਣ-ਐਲਾਨੇ ਅਤੇ ਲੰਬੇ ਬਿਜਲੀ ਕੱਟਾਂ ਕਾਰਨ ਉਦਯੋਗਪਤੀਆਂ ਅਤੇ ਕਿਸਾਨਾਂ ਵੱਲੋਂ ਖੋਲ੍ਹੇ ਗਏ ਮੋਰਚੇ ਤੋਂ ਬਾਅਦ ਪੰਜਾਬ ਸਰਕਾਰ ਨੇ ਇੱਕ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਹੈ। ਸਰਕਾਰ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਪ੍ਰਸ਼ਾਸਨਿਕ ਸਕੱਤਰ ਅਤੇ ਸੀ.ਐਮ.ਡੀ. ਡਾ. ਬਸੰਤ ਗਰਗ ਨੂੰ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਜਗ੍ਹਾ ਪ੍ਰਿੰਸੀਪਲ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੂੰ ਨਵਾਂ ਮੁਖੀ ਤਾਇਨਾਤ ਕੀਤਾ ਹੈ।

ਗੁਰਕੀਰਤ ਕਿਰਪਾਲ ਸਿੰਘ ਕੋਲ ਪਹਿਲਾਂ ਤੋਂ ਮੌਜੂਦ ਉਦਯੋਗ ਵਿਭਾਗ ਦੇ ਸਾਰੇ ਚਾਰਜ ਹੁਣ ਡਾ. ਬਸੰਤ ਗਰਗ ਨੂੰ ਸੌਂਪ ਦਿੱਤੇ ਗਏ ਹਨ। ਹਾਲਾਂਕਿ ਗੁਰਕੀਰਤ ਕਿਰਪਾਲ ਸਿੰਘ ਨੂੰ ਵੱਖ-ਵੱਖ ਵਿਭਾਗਾਂ ਦੇ ਚੰਗੇ ਪ੍ਰਬੰਧਨ ਲਈ ਜਾਣਿਆ ਜਾਂਦਾ ਹੈ, ਪਰ ਸੂਬੇ ਦੇ ਥਰਮਲ ਪਲਾਂਟਾਂ ਵਿੱਚ ਕੋਲੇ ਦੀ ਭਾਰੀ ਘਾਟ ਨੂੰ ਦੇਖਦਿਆਂ ਬਿਜਲੀ ਵਿਭਾਗ ਨੂੰ ਮੁੜ ਲੀਹ 'ਤੇ ਲਿਆਉਣਾ ਉਨ੍ਹਾਂ ਲਈ ਇੱਕ ਵੱਡੀ ਚੁਣੌਤੀ ਹੋਵੇਗਾ।



ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਬਿਜਲੀ ਦੀ ਮੰਗ ਵਿੱਚ 3,500 ਮੈਗਾਵਾਟ ਦਾ ਵਾਧਾ ਹੋਇਆ ਹੈ, ਜੋ 16,000 ਮੈਗਾਵਾਟ ਤੱਕ ਪਹੁੰਚ ਗਈ ਹੈ। ਕੋਲੇ ਦੀ ਅਨਿਯਮਿਤ ਸਪਲਾਈ ਕਾਰਨ ਸੂਬੇ ਵਿੱਚ ਸਿਰਫ਼ 6,000 ਮੈਗਾਵਾਟ ਬਿਜਲੀ ਹੀ ਪੈਦਾ ਹੋ ਰਹੀ ਸੀ, ਜਿਸ ਕਾਰਨ ਸਰਕਾਰ ਵਧਦੀ ਮੰਗ ਨੂੰ ਪੂਰਾ ਕਰਨ ਵਿੱਚ ਅਸਮਰੱਥ ਰਹੀ।

ਬਿਜਲੀ ਵਿਭਾਗ ਦੇ ਮੁਖੀ ਵਿੱਚ ਇਹ ਬਦਲਾਅ ਅਜਿਹੇ ਸਮੇਂ ਹੋਇਆ ਹੈ ਜਦੋਂ ਖੇਤਾਂ ਨੂੰ ਪੂਰੀ ਬਿਜਲੀ ਨਾ ਮਿਲਣ ਕਰਕੇ ਕਿਸਾਨ ਵੱਖ-ਵੱਖ ਥਾਵਾਂ 'ਤੇ ਧਰਨੇ ਦੇ ਰਹੇ ਹਨ। ਦੂਜੇ ਪਾਸੇ, ਬਿਜਲੀ ਕੱਟਾਂ ਕਾਰਨ ਉਦਯੋਗਿਕ ਉਤਪਾਦਨ ਪ੍ਰਭਾਵਿਤ ਹੋਣ ਦਾ ਦੋਸ਼ ਲਗਾਉਂਦੇ ਹੋਏ ਉਦਯੋਗਪਤੀਆਂ ਨੇ ਵੀ ਅੱਜ ਦੁਪਹਿਰ ਲੁਧਿਆਣਾ-ਚੰਡੀਗੜ੍ਹ ਹਾਈਵੇਅ ਜਾਮ ਕਰਨ ਦੀ ਚਿਤਾਵਨੀ ਦਿੱਤੀ ਸੀ। ਸਰਕਾਰ ਦਾ ਲਗਾਤਾਰ ਇਹ ਦਾਅਵਾ ਰਿਹਾ ਹੈ ਕਿ ਕੇਂਦਰ ਵੱਲੋਂ ਥਰਮਲ ਪਲਾਂਟਾਂ ਨੂੰ ਲੋੜੀਂਦਾ ਕੋਲਾ ਨਾ ਮਿਲਣ ਕਾਰਨ ਇਹ ਬਿਜਲੀ ਕੱਟ ਲਗਾਉਣੇ ਪਏ ਹਨ।

ਇਸ ਦੌਰਾਨ ਉਦਯੋਗ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਲੁਧਿਆਣਾ ਵਿਖੇ ਐਲਾਨ ਕੀਤਾ ਹੈ ਕਿ ਮੰਗਲਵਾਰ ਤੋਂ ਸੂਬੇ ਵਿੱਚ ਕੋਈ ਬਿਜਲੀ ਕੱਟ ਨਹੀਂ ਲੱਗੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਨੂੰ ਰੋਜ਼ਾਨਾ 10 ਘੰਟੇ ਬਿਜਲੀ ਸਪਲਾਈ ਮਿਲੇਗੀ ਅਤੇ ਨਿੱਜੀ ਥਰਮਲ ਪਲਾਂਟਾਂ ਸਮੇਤ ਸਾਰੇ ਪਲਾਂਟ ਚਾਲੂ ਹੋਣ ਨਾਲ ਉਦਯੋਗਾਂ ਨੂੰ ਵੀ ਬਿਜਲੀ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਕ੍ਰੋਮਾ ਵੱਲੋਂ ਨਵੇਂ ਆਈਫੋਨ 18 ਪ੍ਰੋ ਲਾਈਨਅੱਪ ਦੀ ਪ੍ਰੀ-ਬੁਕਿੰਗ ਸ਼ੁਰੂ, 12,000 ਰੁਪਏ ਤੱਕ ਦਾ ਵਿਸ਼ੇਸ਼ ਐਕਸਚੇਂਜ ਬੋਨਸ

**ਜਲੰਧਰ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰੋਮਾ, ਟਾਟਾ ਗਰੁੱਪ ਦੇ ਭਾਰਤ ਦੇ ਮੋਹਰੀ ਓਮਨੀ-ਚੈਨਲ ਇਲੈਕਟ੍ਰਾਨਿਕਸ ਰਿਟੇਲਰ ਨੇ ਐਲਾਨ ਕੀਤਾ ਹੈ ਕਿ ਆਈਫੋਨ 18 ਪ੍ਰੋ ਅਤੇ ਆਈਫੋਨ 18 ਪ੍ਰੋ ਮੈਕਸ ਦੀ ਪ੍ਰੀ-ਬੁਕਿੰਗ ਸ਼ੁਰੂ ਹੋ ਗਈ ਹੈ। ਗਾਹਕ ਦੇਸ਼ ਭਰ ਵਿੱਚ ਕ੍ਰੋਮਾ ਦੇ ਸਟੋਰਾਂ, Croma.com, ਟਾਟਾ ਨਿਊ ਐਪ ਅਤੇ ਬਿਗਬਾਸਕਿਟ ਰਾਹੀਂ ਲਚਕੀਲੀ ਪ੍ਰੀ-ਬੁਕਿੰਗ ਪੇਸ਼ਕਸ਼ ਤਹਿਤ ਐਪਲ ਦੇ ਨਵੇਂ ਡਿਵਾਈਸ ਸੁਰੱਖਿਅਤ ਕਰ ਸਕਦੇ ਹਨ। ਨਵੀਂ ਪ੍ਰੋ ਲਾਈਨਅੱਪ ਵਿੱਚ ਐਪਲ ਵੱਲੋਂ ਕਾਰਗੁਜ਼ਾਰੀ ਅਤੇ ਫੋਟੋਗ੍ਰਾਫੀ ਵਿੱਚ ਕੀਤੀਆਂ ਨਵੀਆਂ ਅਪਡੇਸ਼ਨ ਸ਼ਾਮਲ ਹਨ, ਜਿਨ੍ਹਾਂ ਵਿੱਚ ਸ਼ਕਤੀਸ਼ਾਲੀ 120 ਪ੍ਰੋ ਚਿੱਪ, ਐਪਲ ਦਾ ਆਪਣਾ 32 ਵਾਇਰਲੈੱਸ ਮੋਡਮ ਅਤੇ ਫਿਜ਼ੀਕਲ ਵੇਰੀਏਬਲ ਅਪਰਚਰ ਵਾਲਾ ਨਵਾਂ DHMP ਫਿਊਜ਼ਨ ਮੁੱਖ ਕੈਮਰਾ ਸ਼ਾਮਲ ਹੈ। ਐਲਾਨ ਬਾਰੇ ਟਿੱਪਣੀ ਕਰਦਿਆਂ, ਇਨਫਿਨਿਟੀ ਰਿਟੇਲ ਲਿਮਟਿਡ ਦੇ ਇੱਕ ਬੁਲਾਰੇ ਨੇ ਕਿਹਾ ਕਿ, ਨਵੇਂ ਆਈਫੋਨ ਪ੍ਰੋ ਦੀ ਲਾਂਚਿੰਗ ਨੂੰ ਹਮੇਸ਼ਾ ਹੀ ਗਾਹਕਾਂ ਵੱਲੋਂ ਬਹੁਤ ਉਤਸ਼ਾਹ ਨਾਲ ਦੇਖਿਆ ਜਾਂਦਾ ਹੈ ਅਤੇ ਗਾਹਕ ਹੁਣ ਆਪਣੇ ਪਸੰਦੀਦਾ ਮਾਡਲ ਨੂੰ ਸੁਰੱਖਿਅਤ ਕਰਨ ਲਈ ਸੌਖਾ ਅਤੇ ਨਿਰਵਿਘਨ ਤਰੀਕਾ ਚਾਹੁੰਦੇ ਹਨ। ਦੇਸ਼ ਭਰ ਵਿੱਚ ਸਾਡੇ ਸਟੋਰ ਨੈੱਟਵਰਕ ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਅਸੀਂ ਪ੍ਰੀ-ਬੁਕਿੰਗ ਦੀ ਪ੍ਰਕਿਰਿਆ ਨੂੰ ਹੋਰ ਆਸਾਨ ਬਣਾ ਰਹੇ ਹਾਂ। ਸਹੀ ਮਾਡਲ ਚੁਣਨ ਤੋਂ ਲੈ ਕੇ ਪੁਰਾਣੇ ਡਿਵਾਈਸ ਨੂੰ ਐਕਸਚੇਂਜ ਕਰਨ ਅਤੇ ਖਰੀਦ ਪੂਰੀ ਕਰਨ ਤੱਕ, ਹਰ ਪੜਾਅ ਨੂੰ ਸੌਖਾ ਬਣਾਇਆ ਜਾ ਰਿਹਾ ਹੈ। ਨਵੀਂ ਲਾਈਨਅੱਪ ਦੇ ਨਾਲ ਆਈਫੋਨ 17 ਪ੍ਰੋ ਅਤੇ ਆਈਫੋਨ 17 ਪ੍ਰੋ ਮੈਕਸ ਦੀ ਆਕਰਸ਼ਕ ਕੀਮਤਾਂ 'ਤੇ ਉਪਲਬਧਤਾ ਵੀ ਜਾਰੀ ਹੈ, ਜਿਸ ਨਾਲ ਗਾਹਕ ਆਪਣੀਆਂ ਲੋੜਾਂ ਅਤੇ ਬਜਟ ਮੁਤਾਬਕ ਸਭ ਤੋਂ ਢੁਕਵਾਂ ਪ੍ਰੋ ਮਾਡਲ ਚੁਣ ਸਕਦੇ ਹਨ।

# ਅੱਜ ਦੀ ਪੀੜ੍ਹੀ ਲਈ ਸਾਈਕਲੋਪੀਡੀਆ ਸਨ ਸ਼੍ਰੀਮਤੀ ਇੰਦਰਜੀਤ ਕੌਰ: ਸੀਐੱਮ ਨਾਇਬ ਸੈਣੀ

## ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ੍ਰੀ ਜਗਜੀਤ ਸਿੰਘ ਦਰਦੀ, ਸ਼ਹੀਦ ਏ ਆਜ਼ਮ ਦੇ ਚੇਅਰਮੈਨ ਪ੍ਰਭਜੀਤ ਸਿੰਘ ਚੌਧਰੀ ਦੀ ਭੈਣ ਅਤੇ ਸੀਐੱਮ ਹਰਿਆਣਾ ਦੇ ਓਐੱਸਡੀ ਡਾ. ਪ੍ਰਭਲੀਨ ਸਿੰਘ ਦੇ ਮਾਤਾ ਨੂੰ ਮੁੱਖ ਮੰਤਰੀ ਹਰਿਆਣਾ ਸਮੇਤ ਵੱਡੀ ਗਿਣਤੀ ਚ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸਖਸ਼ੀਅਤਾਂ ਵਲੋਂ ਸ਼ਰਧਾਂਜਲੀ






**ਪਟਿਆਲਾ, 15 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਡਾ ਜਗਜੀਤ ਸਿੰਘ ਦਰਦੀ ਦੇ ਸਤਿਕਾਰਯੋਗ ਭੈਣ ਜੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਉਹ ਐਸਡੀ ਡਾ ਪ੍ਰਭਲੀਨ ਸਿੰਘ ਦੇ ਸਤਿਕਾਰਯੋਗ ਮਾਤਾ ਜੀ ਸ਼੍ਰੀਮਤੀ ਇੰਦਰਜੀਤ ਕੌਰ ਹੈਰੀ ਪਤਨੀ ਸਵ. ਹਰਮਿੰਦਰ ਸਿੰਘ ਹੈਰੀ ਦੀ ਅੱਜ ਇਥੇ ਗੁਰਦੁਆਰਾ ਮੋਤੀ ਬਾਗ ਸਾਹਿਬ ਵਿਖੇ ਅੰਤਿਮ ਅਰਦਾਸ ਹੋਈ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਸਮੇਤ ਵੱਡੀ ਗਿਣਤੀ ਚ ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਆਗੂਆਂ ਨੇ ਸ਼ਰਧਾਂਜਲੀ ਅਰਪਿਤ ਕੀਤੀ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਵਰਗੀ ਸਰਦਾਰਨੀ ਇੰਦਰਜੀਤ ਕੌਰ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਦੁਖੀ ਪਰਿਵਾਰ ਨਾਲ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਡਾ. ਪ੍ਰਭਲੀਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਦੁੱਖ ਦੀ ਇਸ ਘੜੀ ਵਿੱਚ ਉਨ੍ਹਾਂ ਨੂੰ ਹੌਂਸਲਾ ਦਿੱਤਾ। ਉਨ੍ਹਾਂ ਕਿਹਾ ਕਿ ਮਾਤਾ ਦਾ ਦਿਹਾਂਤ ਪਰਿਵਾਰ ਲਈ ਅਪੂਰਣਯੋਗ ਘਾਟਾ ਹੈ। ਉਨ੍ਹਾਂ ਪਰਮਾਤਮਾ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਦੁਖੀ ਪਰਿਵਾਰ ਨੂੰ ਇਸ ਔਖੇ ਸਮੇਂ ਵਿੱਚ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ

ਇਸ ਮੌਕੇ ਨਾਇਬ ਸੈਣੀ ਨੇ ਕਿਹਾ ਕਿ ਸ਼੍ਰੀਮਤੀ ਇੰਦਰਜੀਤ ਕੌਰ ਨੂੰ ਸਾਡੀ ਆਉਣ ਵਾਲੀ ਪੀੜ੍ਹੀ ਲਈ ਮਹਾਨ ਵਿਸ਼ਵਕੋਸ ਵਜੋਂ ਦੇਖਿਆ ਜਾ ਸਕਦਾ ਹੈ।

ਜਿਨਾਂ ਨੇ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ, ਲਿਖੀਆਂ ਉਨ੍ਹਾਂ ਦਾ ਵਿਵਰਣ ਕੀਤਾ ਅਤੇ ਵਿਸ਼ਵਕੋਸ਼ ਵਜੋਂ ਕੰਮ ਕੀਤਾ।

ਉਹਨਾਂ ਕਿਹਾ ਕਿ ਅੱਜ ਦੇ ਸਮੇਂ ਚ ਹਰ ਇਕ ਘਰ ਚ ਬਜ਼ੁਰਗ ਦੀ ਜਰੂਰਤ ਮਹਿਸੂਸ ਹੁੰਦੀ ਹੈ। ਖਾਸ ਕਰਕੇ ਜਦੋਂ ਕਿਸੇ ਦੀ ਮਾਂ ਦਾ ਜ਼ਿਕਰ ਹੁੰਦਾ ਹੈ ਤਾਂ ਉੱਥੇ ਹੋਰ ਵੀ ਅਹਿਮ ਹੋ ਜਾਂਦਾ ਹੈ। ਉਹਨਾਂ ਕਿਹਾ ਸਾਨੂੰ ਬਜ਼ੁਰਗਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਆਪਣੇ ਬਜ਼ੁਰਗਾਂ ਵਿੱਚ ਹੀ ਰੱਬ ਮਿਲਦਾ ਹੈ। ਮੁੱਖ ਮੰਤਰੀ ਹਰਿਆਣਾ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਮੁੱਚੇ ਦਰਦੀ ਪਰਿਵਾਰ ਲਈ ਇਹ ਬਹੁਤ ਦੁੱਖ ਦਰਦ ਦਾ ਸਮਾਂ ਹੈ ਅਸੀਂ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਦੇ ਕੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।



ਇਸ ਮੌਕੇ ਪੰਜਾਬ, ਹਰਿਆਣਾ ਸਮੇਤ ਹੋਰਨਾਂ ਰਾਜਾਂ ਤੋਂ ਵੱਡੀ ਗਿਣਤੀ ਚ ਪੰਥਕ ਸ਼ਖਸੀਅਤਾਂ, ਰਾਜਨੀਤਿਕ ਆਗੂ ਅਤੇ ਸਮਾਜਿਕ ਕਾਰਕੁਨ ਸ਼ਾਮਲ ਹੋਏ। ਇਸ ਮੌਕੇ ਵਿਸ਼ੇਸ਼ ਤੌਰ ਤੇ ਕੈਬਨਿਟ ਮੰਤਰੀ ਡਾ ਬਲਬੀਰ ਸਿੰਘ, ਸਮਾਲ ਨਿਊਜ਼ ਪੇਪਰ ਪਬਲਿਸ਼ਰ ਐਸਸੀਏਸ਼ਨ ਅਤੇ ਪ੍ਰੈਸ ਕੀ ਤਾਕਤ ਅਖਬਾਰ ਸਮੂਹ ਦੇ ਚੇਅਰਮੈਨ ਸ਼ਿਵ ਨਾਰਾਇਣ ਜਾਂਗੜਾ, ਸਾਬਕਾ ਜਥੇਦਾਰ ਗਿਆਨੀ ਰਘਵੀਰ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਜੀਤ ਸਿੰਘ ਝੀਂਡਾ, ਸਾਂਸਦ ਸਤਨਾਮ ਸਿੰਘ ਸੰਧੂ, ਸਾਬਕਾ ਵੀਸੀ ਡਾਕਟਰ ਜਸਪਾਲ ਸਿੰਘ, ਸਾਬਕਾ ਸਾਸਦ ਤਰਲੋਚਨ ਸਿੰਘ, ਵਿਵੇਕ ਕਾਲੀਆ ਓਐਸਡੀ ਹਰਿਆਣਾ, ਰਜਿੰਦਰ ਫੋਗਾਟ ਹਰਿਆਣਾ, ਡਾ ਰਾਜ ਨਹਰੂ, ਵਰਿੰਦਰ ਸਿੰਘ ਖਾਲਸਾ, ਐਮਐਲਏ ਅਜੀਤਪਾਲ ਸਿੰਘ ਕੋਹਲੀ, ਐਮਐਲਏ ਦੇਵ ਮਾਨ, ਪ੍ਰਸਿੱਧ ਅਦਾਕਾਰ ਵਿਨੂੰ ਢਿੱਲੋ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬੰਡੂਗਰ, ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਮੇਲ ਸਿੰਘ,ਪ੍ਰਕਾਸ਼ ਸਿੰਘ ਸਾਹੂਵਾਲਾ, ਕਰਮਜੀਤ ਸਿੰਘ ਫਤਿਹਾਬਾਦ, ਇਕਬਾਲ ਸਿੰਘ ਖੋਖਰ, ਬਾਬਾ ਨਿੰਦਰ ਸਿੰਘ, ਸੁਰਿੰਦਰ ਸਿੰਘ, ਗੁਰਜਿੰਦਰ ਸਿੰਘ ਜੀਂਦ, ਹਰਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਸ਼ਿਵ ਸੈਨਾ ਆਗੂ ਪਵਨ ਗੁਪਤਾ, ਬ੍ਰਹਮਾ ਨੰਦ ਗਿਰੀ ਮੁਖੀ ਹਿੰਦੂ ਤਖਤ, ਮਹੰਤ ਕਰਮਜੀਤ ਸਿੰਘ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਰਾਜ ਸਿੰਘ ਕਾਲਝਰਾਣੀ, ਬਾਬਾ ਨੌ ਨਿਹਾਲ ਸਿੰਘ, ਚਰਨਜੀਤ ਸਿੰਘ ਬਰਾੜ, ਸੰਤ ਸ਼ਮਸ਼ੇਰ ਸਿੰਘ ਸਰਦੂਲਗੜ੍ਹ, ਵਰਿੰਦਰ ਸਿੰਘ ਵਾਲੀਆ, ਐਸਜੀਪੀਸੀ ਮੈਂਬਰ ਕੁਲਦੀਪ ਕੌਰ ਟੌਹੜਾ, ਹਰਿੰਦਰਪਾਲ ਸਿੰਘ ਟੋਹੜਾ, ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ਼ਾਹਬਾਦ, ਸਿੱਖ ਬੁੱਧੀਜੀਵੀ ਪ੍ਰੋਫੈਸਰ ਬਲਕਾਰ ਸਿੰਘ, ਸੁਨੀਲ ਸ਼ਰਮਾ ਮੁੱਖ ਮੰਤਰੀ ਹਰਿਆਣਾ ਦੇ ਪੀਐਸ, ਨੀਲਧਾਰੀ ਸੰਪਰਦਾ, ਸਾਬਕਾ ਚੇਅਰਮੈਨ ਸੁਰਜੀਤ ਸਿੰਘ ਅਬਲੋਵਾਲ, ਪ੍ਰੋਫੈਸਰ ਓਂਕਾਰ ਸਿੰਘ, ਵਾਈਸ ਚਾਂਸਲਰ ਡਾ ਸਰਬਜਿੰਦਰ ਸਿੰਘ, ਸੰਜੀਵ ਸ਼ਰਮਾ ਬਿੱਟੂ, ਸਤਵੀਰ ਸਿੰਘ ਖਟੜਾ, ਗੁਰਜੀਤ ਸਿੰਘ ਕੋਹਲੀ, ਮਨਿੰਦਰ ਸੈਣੀ ਏਡੀਸੀ ਟੂ ਸੀਐਮ ਹਰਿਆਣਾ, ਜਸਵੀਰ ਸਿੰਘ ਗੁਲਾਟੀ, ਐਸਡੀ ਸੀਐਮ ਹਰਿਆਣਾ ਕਰਨ, ਪ੍ਰਿਤਪਾਲ ਸਿੰਘ ਪੰਨੂ, ਅਵਿਸ਼ੇਕ ਬਿਜ,ਪ੍ਰਧਾਨ ਜਸਵੀਰ ਸਿੰਘ ਕਹੋਟਾ ਪਠਾਰ ਐਸੋਸੀਏਸ਼ਨ, ਹਰਪ੍ਰੀਤ ਸਿੰਘ ਸਾਹਨੀ, ਪੰਜਾਬੀ ਕਲਾਕਾਰ ਪੰਮੀ ਬਾਈ, ਡਾਕਟਰ ਮਨਮੋਹਨ ਸਿੰਘ, ਡਾਕਟਰ ਗੁਰਮੋਨ ਸਿੰਘ ਵਾਲੀਆ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੇ ਸਪੁੱਤਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਖੁਰਾਣਾ, ਬਖਸ਼ੀ ਮਨਦੀਪ ਕੌਰ ਇਸਤਰੀ ਵਿੰਗ ਪ੍ਰਧਾਨ ਦਿੱਲੀ, ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ, ਸਪੈਸ਼ਲ ਡੀਜੀਪੀ ਪੰਜਾਬ ਏਐਸ ਰਾਏ, ਐਮਐਲਏ ਕਮਲਜੀਤ ਸਿੰਘ ਅਜਰਾਨਾ,ਸ ਸਤਪਾਲ ਸਿੰਘ ਲਾਡਵਾ, ਸੁਖਦਰਸ਼ਨ ਸਿੰਘ, ਤਜਿੰਦਰ ਪਾਲ ਸਿੰਘ ਸੰਧੂ, ਤਜਿੰਦਰ ਮਹਿਤਾ ਚੇਅਰਮੈਨ ਜਿਲਾ ਯੋਜਨਾ ਬੋਰਡ, ਵਿਜੇ ਕੁਮਾਰ ਗਰਗ ਕੁਕਾ ਜਿਲਾ ਪ੍ਰਧਾਨ ਬੀਜੇਪੀ, ਸਾਬਕਾ ਮੇਅਰ ਅਮਰਿੰਦਰ ਸਿੰਘ ਬਜਾਜ, ਸ੍ਰੀ ਦੀਪਕ ਓਐਸਡੀ ਸੀਐਮ, ਮੁਕੇਸ਼ ਗਰਗ ਮੈਂਬਰ ਹਰਿਆਣਾ ਸਟੇਟ ਰੈਗੂਲੇਟਰੀ ਕਮਿਸ਼ਨ, ਡਾਕਟਰ ਨੀਲਮ ਚੇਅਰਮੈਨ ਬਡੂ ਸਾਹਿਬ ਟਰਸਟ, ਅਦਾਕਾਰ ਗੁਰਪ੍ਰੀਤ ਸਿੰਘ ਘੁੱਗੀ, ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਜਗਦੀਪ ਸਿੰਘ, ਸਤਵਿੰਦਰ ਸਿੰਘ, ਪ੍ਰਭਜੀਤ ਸਿੰਘ ਚੌਧਰੀ, ਦਰਦੀ ਸਮੇਤ ਵੱਡੀ ਗਿਣਤੀ ਚ ਰਾਜਨੀਤਿਕ ਸ਼ਖਸ਼ੀਅਤਾਂ ਧਾਰਮਿਕ ਅਤੇ ਸਮਾਜਿਕ ਆਗੂ ਮੌਜੂਦ ਰਹੇ।

# ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਲੇਰਕੋਟਲਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਤੇਜ਼

**ਮਲੇਰਕੋਟਲਾ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬਾ ਪੱਧਰੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮਲੇਰਕੋਟਲਾ ਪੁਲਿਸ ਵੱਲੋਂ ਜ਼ਿਲ੍ਹੇ ਵਿੱਚ ਉਨ੍ਹਾਂ ਥਾਵਾਂ 'ਤੇ ਤਾਲਮੇਲ ਨਾਲ ਕੋਰਡਨ ਐਂਡ ਸਰਚ ਆਪ੍ਰੇਸ਼ਨ ਚਲਾਏ ਗਏ, ਜਿੱਥੇ ਨਸ਼ਾ ਵੇਚਣ ਸਬੰਧੀ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।

ਇਨ੍ਹਾਂ ਆਪ੍ਰੇਸ਼ਨਾਂ ਦਾ ਮੁੱਖ ਉਦੇਸ਼ ਨਸ਼ਾ ਤਸਕਰਾਂ ਅਤੇ ਸਪਲਾਇਰਾਂ ਦੀ ਪਛਾਣ ਕਰਨਾ ਅਤੇ ਨਸ਼ੀਲੇ ਪਦਾਰਥਾਂ ਨੂੰ ਆਪਣੇ ਕਬਜ਼ੇ ਵਿੱਚ ਰੱਖਣ, ਵੇਚਣ ਜਾਂ ਸਪਲਾਈ ਕਰਨ ਵਿੱਚ ਸ਼ਾਮਲ ਵਿਅਕਤੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨਾ ਸੀ। ਸੀਨੀਅਰ ਅਧਿਕਾਰੀਆਂ ਦੀ ਨਿਗਰਾਨੀ ਹੇਠ ਪੁਲਿਸ ਟੀਮਾਂ ਵੱਲੋਂ ਤਾਲਮੇਲ ਨਾਲ ਵੱਖ-ਵੱਖ ਥਾਵਾਂ 'ਤੇ ਤਲਾਸ਼ੀ ਅਤੇ ਜਾਂਚ ਕੀਤੀ ਗਈ।

ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਮਲੇਰਕੋਟਲਾ, ਸ੍ਰੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ 3 ਸਤੰਬਰ ਤੋਂ 11 ਸਤੰਬਰ 2026 ਤੱਕ ਮਾਲੇਰਕੋਟਲਾ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਐਕਟ ਤਹਿਤ 42 ਐਫ.ਆਈ.ਆਰਜ਼ ਦਰਜ ਕਰਕੇ 61 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਮਾਮਲਿਆਂ ਵਿੱਚ ਪੁਲਿਸ ਵੱਲੋਂ 406 ਗ੍ਰਾਮ ਹੈਰੋਇਨ ਅਤੇ 737 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ।

ਇਸ ਤੋਂ ਇਲਾਵਾ, ਵਪਾਰਕ ਮਾਤਰਾ ਦੀ ਹੈਰੋਇਨ ਨਾਲ ਸਬੰਧਤ ਇੱਕ ਵੱਖਰੇ ਮਾਮਲੇ ਵਿੱਚ ਪੁਲਿਸ ਵੱਲੋਂ ਇੱਕ ਐਫ.ਆਈ.ਆਰ. ਦਰਜ ਕਰਕੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 260 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

ਸਮੁੱਚੇ CASO ਆਪ੍ਰੇਸ਼ਨ ਦੀ ਯੋਜਨਾ ਐਸ.ਪੀ.ਡੀ. ਰਾਮਨਦੀਪ ਭੁੱਲਰ ਵੱਲੋਂ ਤਿਆਰ ਕੀਤੀ ਗਈ। ਉਨ੍ਹਾਂ ਵੱਲੋਂ ਸਾਰੇ ਸਬ-ਡਵੀਜ਼ਨਲ ਡੀ.ਐਸ.ਪੀਜ਼, ਡੀ.ਐਸ.ਪੀ. ਡੀ., ਇੰਸਪੈਕਟਰ ਸੀ.ਆਈ.ਏ. ਅਤੇ ਐਸ.ਐਚ.ਓਜ਼ ਨੂੰ ਤਾਲਮੇਲ ਨਾਲ ਕਾਰਵਾਈ ਕਰਨ ਲਈ ਵਿਸ਼ੇਸ਼ ਟੀਚੇ ਸੌਂਪੇ ਗਏ। ਪੁਲਿਸ ਟੀਮਾਂ ਨੇ ਆਪਣੇ-ਆਪਣੇ ਟੀਚਿਆਂ ਅਨੁਸਾਰ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਤਲਾਸ਼ੀ ਅਤੇ ਜਾਂਚ ਮੁਹਿੰਮ ਚਲਾਈ।

ਐਸ.ਐਸ.ਪੀ. ਖੱਖ ਨੇ ਕਿਹਾ ਕਿ ਅਜਿਹੇ ਆਪ੍ਰੇਸ਼ਨਾਂ ਦਾ ਉਦੇਸ਼ ਨਸ਼ਿਆਂ ਦੇ ਗੈਰ-ਕਾਨੂੰਨੀ ਕਾਰੋਬਾਰ ਨਾਲ ਜੁੜੇ ਵਿਅਕਤੀਆਂ ਅਤੇ ਸਥਾਨਾਂ ਤੱਕ ਪਹੁੰਚ ਕਰਨਾ ਅਤੇ ਅਜਿਹੀ ਜਾਣਕਾਰੀ ਇਕੱਠੀ ਕਰਨਾ ਹੈ, ਜੋ ਨਸ਼ਿਆਂ ਦੀ ਸਪਲਾਈ ਚੇਨ ਖ਼ਿਲਾਫ਼ ਅਗਲੀ ਕਾਰਵਾਈ ਵਿੱਚ ਪੁਲਿਸ ਲਈ ਸਹਾਇਕ ਹੋ ਸਕੇ। ਉਨ੍ਹਾਂ ਕਿਹਾ ਕਿ ਆਮ ਲੋਕਾਂ ਵੱਲੋਂ ਦਿੱਤੀ ਜਾਣਕਾਰੀ ਵੀ ਨਸ਼ਾ ਤਸਕਰਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਪਛਾਣ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।



# ਖੁੰਬਾਂ ਦੀ ਕਾਸ਼ਤ

• ਪਰਮਬੀਰ ਸਿੰਘ ਕਾਹਲੋਂ

ਖੁੰਬਾਂ ਦੀ ਕਾਸ਼ਤ ਇਕ ਅਜਿਹਾ ਖੇਤੀ ਸਹਾਇਕ ਧੰਦਾ ਹੈ ਜਿਸ ਤੋਂ ਕਿਸਾਨ ਚੋਖੀ ਆਮਦਨ ਲੈ ਸਕਦੇ ਹਨ। ਖੁੰਬਾਂ ਦੀ ਕਾਸ਼ਤ ਕੋਈ ਔਖੀ ਨਹੀਂ। ਇਸ ਫਸਲ ਦੀ ਕਾਸ਼ਤ ਥੋੜ੍ਹੇ ਜਿਹੀ ਥਾਂ 'ਚ ਕੀਤੀ ਜਾ ਸਕਦੀ ਹੈ। 300 ਕਿਲੋ ਸੁੱਕੀ ਤੂੜੀ ਦੀ ਕੰਪੋਸਟ ਵਿੱਚੋਂ 30 ਦਿਨਾਂ ਵਿਚ ਲਗਪਗ 80-100 ਕਿਲੋ ਖੁੰਬਾਂ ਤੋੜੀਆਂ ਜਾ ਸਕਦੀਆਂ ਹਨ। ਖੁੰਬਾਂ ਦੀ ਕਾਸ਼ਤ ਲਈ ਤੂੜੀ ਅਤੇ ਖਾਦਾਂ ਤੋਂ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਕੰਪੋਸਟ ਤਿਆਰ ਕਰਨ ਲਈ ਤੂੜੀ 300 ਕਿਲੋ, 15 ਕਿਲੋ ਚੌਕਰ, 9 ਕਿਲੋ ਕਿਸਾਨ ਖਾਦ, 3 ਕਿਲੋ ਯੂਰੀਆ, 3 ਕਿਲੋ ਸੁਪਰ ਫਾਸਫੇਟ, 3 ਕਿਲੋ ਮਿਊਰੇਟ ਆਫ ਪੋਟਾਸ਼, 5 ਕਿਲੋ ਸੀਰਾ, 30 ਕਿਲੋ ਜਿਪਸਮ, 250 ਗਰਾਮ ਲਿੰਡੇਨ (5%) ਦਾ ਧੂੜਾ ਅਤੇ ਫਿਊਰਾਡਾਨ (3 ਜੀ) 150 ਗਰਾਮ ਚਾਹੀਦਾ ਹੈ। 9 ਕਿਲੋ ਕਿਸਾਨ ਖਾਦ ਅਤੇ 3 ਕਿਲੋ ਸੁਪਰ ਫਾਸਫੇਟ ਦੀ ਥਾਂ 1 ਕਿਲੋ ਡੀਏਪੀ ਅਤੇ 6.5 ਕਿਲੋ ਯੂਰੀਆ ਵੀ ਪਾਏ ਜਾ ਸਕਦੇ ਹਨ।

### ਖੁੰਬਾਂ ਦੀ ਤੁੜਾਈ

*ਖੁੰਬਾਂ ਹਰ ਰੋਜ਼ ਇਕ ਸਮੇਂ 'ਤੇ ਤੋੜੀਆਂ ਜਾ ਸਕਦੀਆਂ ਹਨ। ਖੁੰਬਾਂ ਨੂੰ ਟੋਪੀ ਤੋਂ ਪਕੜ ਕੇ ਹਲਕਾ ਜਿਹਾ ਦਬਾ ਕੇ ਘੁਮਾਉ ਅਤੇ ਉੱਪਰ ਖਿੱਚ ਲਵੋ। ਹੇਠਲਾ ਮਿੱਟੀ ਵਾਲਾ ਹਿੱਸਾ ਚਾਕੂ ਨਾਲ ਕੱਟ ਦਿਉ।*

### ਪਾਣੀ ਅਤੇ ਹਵਾ ਦਾ ਸੰਚਾਰ

*ਬਿਜਾਈ ਬਾਅਦ ਰੋਜ਼ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ। ਖੁੰਬਾਂ ਫੁੱਟਣ ਉਪਰੰਤ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਕੀਤਾ ਜਾਂਦਾ ਹੈ।*

## ਕੰਪੋਸਟ ਤਿਆਰ ਕਰਨ ਦੀ ਵਿਧੀ

ਸਭ ਤੋਂ ਪਹਿਲਾਂ ਤੂੜੀ ਨੂੰ ਪੱਕੇ ਫ਼ਰਸ਼ ਤੇ ਖਿਲਾਰ ਕੇ ਸਾਫ਼ ਪਾਣੀ ਨਾਲ 48 ਘੰਟਿਆਂ ਲਈ ਗਿੱਲਾ ਕਰੋ। ਖਾਦਾਂ ਅਤੇ ਚੌਕਰ ਰਲ਼ਾ ਕੇ 24 ਘੰਟਿਆਂ ਲਈ ਸਿੱਲ੍ਹੇ ਰੱਖੋ। ਫੇਰ ਇਸ ਖਾਦਾਂ ਤੇ ਚੋਕਰ ਤੇ ਮਿਸ਼ਰਣ ਨੂੰ ਗਿੱਲੀ ਤੂੜੀ ਉੱਪਰ ਖਿਲਾਰ ਕੇ ਤੰਗਲੀ ਨਾਲ ਫਰੋਲੋ ਅਤੇ ਤਿੰਨ ਫੱਟਿਆਂ ਦੀ ਮੱਦਦ ਨਾਲ ਇਕ 5-5-5 ਫੁੱਟ ਦਾ ਢੇਰ ਲਗਾ ਕੇ ਫੱਟੇ ਹਟਾ ਦਿਉ। ਢੇਰ ਨੂੰ ਪਹਿਲਾਂ ਤਿੰਨ ਵਾਰ ਹਰ ਚੌਥੇ ਦਿਨ ਅਤੇ ਫਿਰ ਚਾਰ ਵਾਰ ਹਰ ਤੀਜੇ ਦਿਨ ਪਲਟੋ। ਸੀਰਾ, ਜਿਪਸਮ, ਫਿਊਰਾਡਾਨ ਅਤੇ ਲਿੰਡੇਨ ਨੂੰ ਪਹਿਲੀ, ਤੀਜੀ, ਛੇਵੀਂ ਅਤੇ ਸੱਤਵੀਂ ਪਲਟੀ ਤੇ ਪਾਉ। ਇਸ ਤਰ੍ਹਾਂ 24 ਦਿਨਾਂ ਵਿਚ ਕੰਪੋਸਟ ਤਿਆਰ ਕੀਤੀ ਜਾਂਦੀ ਹੈ। ਤੂੜੀ ਦੇ ਨਾਲ ਪਰਾਲੀ ਕੁਤਰ ਕੇ (2-5 ਇੰਚ) 1:1 ਜਾਂ 1:2 ਹਿੱਸੇ ਵਿਚ ਪਾਈ ਜਾ ਸਕਦੀ ਹੈ। ਪਰਾਲੀ ਅੱਠਵੇਂ ਦਿਨ ਪਾਉਣੀ ਚਾਹੀਦੀ ਹੈ। ਫਿਰ ਕੰਪੋਸਟ ਦੇ ਢੇਰ ਨੂੰ ਖੋਲ੍ਹ ਕੇ ਠੰਡਾ ਕੀਤਾ ਜਾਂਦਾ ਹੈ। ਉਸ ਵਿਚ ਨਮੀ (65-88%) ਅਤੇ ਪੀਐਚ (7.5-8.2) ਦੀ ਪਰਖ਼ ਕੀਤੀ ਜਾਂਦੀ ਹੈ। ਟਰੇਆਂ ਜਾਂ ਲਿਫ਼ਾਫ਼ਿਆਂ ਵਿਚ ਬੀਜ 300 ਗਰਾਮ ਪ੍ਰਤੀ ਵਰਗ ਮੀਟਰ ਦੇ ਹਿਸਾਬ ਸੱਤ ਇੰਚ ਕੰਪੋਸਟ ਵਿਚ ਰਲਾਇਆ ਜਾਂਦਾ ਹੈ। ਬੀਜ ਰਲੀ ਕੰਪੋਸਟ ਨੂੰ ਅਖ਼ਬਾਰ ਨਾਲ ਢੱਕ ਦਿੱਤਾ ਜਾਂਦਾ ਹੈ। ਇਸ ਉੱਪਰ ਹਰ ਰੋਜ਼ ਹਲਕਾ ਜਿਹਾ ਪਾਣੀ ਦਾ ਛਿੜਕਾਅ ਕੀਤਾ ਜਾਂਦਾ ਹੈ।

ਬਿਜਾਈ ਦੇ 2-3 ਹਫ਼ਤਿਆਂ ਬਾਅਦ ਕੰਪੋਸਟ ਉੱਪਰ ਦੀ ਅਖ਼ਬਾਰ ਲਾਹ ਕੇ ਕੇਸਿੰਗ ਦੀ 1.5 ਸੈਂਟੀਮੀਟਰ ਦੀ ਤਹਿ ਲਗਾ ਦਿਉ। ਕੇਸਿੰਗ ਵਿਚ ਰੂੜੀ ਤੇ ਰੇਤਲੀ ਮਿੱਟੀ (4:1) ਹੁੰਦੀ ਹੈ ਜੋ ਕਿ 24 ਘੰਟਿਆਂ ਲਈ 4% ਫਾਰਮਲੇਨ ਦੇ ਘੋਲ ਨਾਲ ਜੀਵਾਣੂ ਰਹਿਤ ਕੀਤੀ ਜਾਂਦੀ ਹੈ।

## ਖੁੰਬਾਂ ਦਾ ਫੁੱਟਣਾ

ਕੇਸਿੰਗ ਦੇ ਦੋ ਹਫ਼ਤੇ ਬਾਅਦ ਛੋਟੇ ਸਫ਼ੈਦ ਤਿਣਕੇ ਦਿਖਣੇ ਸ਼ੁਰੂ ਹੋ ਜਾਂਦੇ ਹਨ ਜੋ ਕਿ 4-5 ਦਿਨਾਂ ਵਿਚ ਖੁੰਬਾਂ ਦਾ ਆਕਾਰ ਲੈ ਲੈਂਦੇ ਹਨ। ਇਸ ਵੇਲੇ ਹਵਾ ਦਾ ਸੰਚਾਰ 6-8 ਘੰਟੇ ਪ੍ਰਤੀ ਦਿਨ ਤਕ ਵਧਾ ਦਿੱਤਾ ਜਾਂਦਾ ਹੈ।

## ਖੁੰਬਾਂ ਦਾ ਮੰਡੀਕਰਨ

ਖੁੰਬਾਂ ਦਾ 200 ਗਰਾਮ ਦਾ ਪੈਕਟ ਇਕ ਮੋਮੀ ਲਿਫ਼ਾਫ਼ੇ ਵਿਚ ਭਰ ਕੇ ਆਪਣੀ ਨੇੜੇ ਦੀ ਮੰਡੀ ਵਿਚ ਭੇਜਿਆ ਜਾ ਸਕਦਾ ਹੈ। ਖੁੰਬਾਂ ਦੀ ਖੇਤੀ ਬਹੁਤ ਅਸਾਨ ਹੈ ਅਤੇ ਕਿਸਾਨ ਇਸ ਕਾਸ਼ਤ ਨੂੰ ਸਹਾਇਕ ਧੰਦੇ ਵਜੋਂ ਸ਼ੁਰੂ ਕਰਕੇ ਆਪਣੀ ਆਮਦਨ 'ਚ ਵਾਧਾ ਕਰ ਸਕਦੇ ਹਨ। •



# ਚੰਗੇ ਮੁਨਾਫ਼ੇ ਲਈ ਕਰੋ ਬੀਜਾਂ ਦੀ ਸੋਧ

• ਅਮਰਜੀਤ ਸਿੰਘ, ਰਵਿੰਦਰ ਸਿੰਘ ਚੰਦੀ ਅਤੇ ਕੇਸ਼ਾਨੀ

ਟਿਕਾਊ ਖੇਤੀ ਲਈ ਕੁਦਰਤੀ ਸੋਮਿਆਂ ਦੀ ਸੰਭਾਲ ਕਰਨਾ ਅਜੋਕੇ ਸਮੇਂ ਦੀ ਮੰਗ ਹੈ। ਇਸ ਲਈ ਨਰੋਏ ਅਤੇ ਬਿਮਾਰੀ ਰਹਿਤ ਬੀਜ ਦੀ ਵਰਤੋਂ ਕਰਨਾ ਸਫ਼ਲ ਖੇਤੀਬਾੜੀ ਲਈ ਸਫ਼ਲਤਾ ਦੀ ਕੁੰਜੀ ਹੈ। ਜੇਕਰ ਬੀਜ ਦੀ ਕੁਆਲਟੀ ਵਧੀਆ ਹੈ ਤਾਂ ਹੀ ਖੇਤ ਵਿਚ ਬੂਟਿਆਂ ਦੀ ਗਿਣਤੀ ਪੂਰੀ ਕਰਕੇ ਭਰਪੂਰ ਫ਼ਸਲ ਲਈ ਜਾ ਸਕਦੀ ਹੈ। ਦੂਜੇ ਪਾਸੇ ਜੇਕਰ ਬੀਜ ਬਿਮਾਰੀ ਵਾਲਾ ਜਾਂ ਘਟੀਆ ਕੁਆਲਟੀ ਦਾ ਹੋਵੇ ਤਾਂ ਫ਼ਸਲ ਤੇ ਬਿਮਾਰੀ ਛੇਤੀ ਲੱਗ ਜਾਂਦੀ ਹੈ। ਜਿਸ ਵੱਜੋਂ ਖੇਤ ਵਿਚ ਬੂਟਿਆਂ ਦੀ ਗਿਣਤੀ ਘੱਟ ਹੋ ਜਾਂਦੀ ਹੈ ਅਤੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਬਹੁਤ ਸਾਰੀਆਂ ਬਿਮਾਰੀਆਂ ਦਾ ਮੁੱਖ ਸੋਮਾ ਬਿਮਾਰੀ ਵਾਲਾ ਬੀਜ ਹੈ ਅਤੇ ਬਿਮਾਰੀਆਂ ਬੀਜ ਰਾਹੀਂ ਹੀ ਇਕ ਥਾਂ ਤੋਂ ਦੂਜੇ ਥਾਂ ਫੈਲਦੀਆਂ ਹਨ। ਬਿਮਾਰੀ ਦੇ ਕਣ ਜਾਂ ਤਾਂ ਬੀਜ ਉੱਪਰ ਰਹਿੰਦੇ ਹਨ ਜਾਂ ਇਹ ਕਣ ਬੀਜ ਦੇ ਅੰਦਰ ਚਲੇ ਜਾਂਦੇ ਹਨ। ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਲਈ ਬਿਮਾਰੀ ਦਾ ਟਾਕਰਾ ਕਰਨ ਵਾਲੇ ਬੀਜਾਂ ਦੀ ਚੋਣ ਕਰਨਾ ਮਹੱਤਵਪੂਰਨ ਕਦਮ ਹੈ।

ਅਜਿਹਾ ਕਰਨ ਨਾਲ ਮਿੱਟੀ ਵਿਚ ਰਹਿਣ ਵਾਲੀਆਂ ਬਿਮਾਰੀਆਂ ਦਾ ਹੱਲਾ ਵੀ ਫ਼ਸਲ ਤੇ ਛੇਤੀ ਨਹੀਂ ਹੁੰਦਾ । ਬੀਜ ਅਤੇ ਮਿੱਟੀ ਵਿਚ ਰਹਿਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਬੀਜ ਦੀ ਸੋਧ ਕਰਕੇ ਚੰਗੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਬੀਜ ਦੀ ਸੋਧ ਨਾਲ ਉੱਲੀਨਾਸ਼ਕ ਜਾਂ ਰਸਾਇਣਾਂ 'ਤੇ ਘੱਟ ਖਰਚਾ ਹੀ ਨਹੀਂ ਆਉਂਦਾ, ਸਗੋਂ ਇਸ ਨਾਲ ਲੇਬਰ ਵੀ ਘੱਟ ਲੱਗਦੀ ਹੈ ਅਤੇ ਵਾਤਾਵਰਨ ਵੀ ਦੂਸ਼ਿਤ ਨਹੀਂ ਹੁੰਦਾ। ਪਰ ਇੱਥੇ ਇਹ ਜ਼ਰੂਰੀ ਹੈ ਕਿ ਬੀਜ ਦੀ ਸੋਧ ਕਰਨ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਕਿਹੜੀਆਂ ਬਿਮਾਰੀਆਂ ਬੀਜ ਰਾਹੀਂ ਜਾਂਦੀਆਂ ਹਨ ਅਤੇ ਕਿਹੜੇ ਕੀੜੇ-ਮਕੌੜਿਆਂ ਦਾ ਬੀਜ ਉੱਪਰ ਹਮਲਾ ਹੋ ਸਕਦਾ ਹੈ। ਇਸ ਦੇ ਨਾਲ ਹੀ ਜੀਵਾਣੂ ਖਾਦ ਟਿਕਾਊ ਖੇਤੀਬਾੜੀ ਲਈ ਬਹੁਤ ਲਾਹੇਵੰਦ ਸਿੱਧ ਹੋ ਸਕਦੀ ਹੈ। ਜੀਵਾਣੂ ਖਾਦ, ਉਹ ਖਾਦ ਹੁੰਦੀ ਹੈ, ਜਿਸ ਵਿਚ ਸੂਖ਼ਮ ਜੀਵ ਹੁੰਦੇ ਹਨ ਜਿਨ੍ਹਾਂ ਨਾਲ ਪੌਦਿਆਂ ਨੂੰ ਖੁਰਾਕੀ ਤੱਤ ਮੁਹਈਆ ਕਰਵਾਏ ਜਾਂਦੇ ਹਨ। ਇਹ ਜੀਵਾਣੂ ਹਵਾ ਵਿਚਲੀ ਨਾਈਟ੍ਰੋਜਨ ਨੂੰ ਉਪਲੱਬਧ ਕਰਵਾਉਣ ਜਾਂ ਮਿੱਟੀ ਵਿੱਚੋਂ ਅਣਘੁਲੀ ਫਾਸਫੋਰਸ ਨੂੰ ਘੁਲਣਸ਼ੀਲ ਬਣਾਉਣ ਵਿਚ ਮੱਦਦ ਕਰਦੇ ਹਨ।

ਇਸ ਤੋਂ ਇਲਾਵਾ ਇਨ੍ਹਾਂ ਸੂਖਮ ਜੀਵਾਂ ਦੀ ਕ੍ਰਿਆਵਾਂ ਨਾਲ ਕਈ ਹਾਰਮੋਨ ਬਣਦੇ ਹਨ ਜੋ ਕਿ ਪੌਦਿਆਂ ਨੂੰ ਵੱਧਣ-ਫੁੱਲਣ ਵਿਚ ਮਦਦ ਕਰਦੇ ਹਨ ਅਤੇ ਇਹ ਜੀਵਾਣੂ ਖਾਦ ਮਿੱਟੀ ਦੀ ਸਿਹਤ ਵਿਚ ਸੁਧਾਰ ਕਰਦੀ ਹੈ। ਰਸਾਇਣਿਕ ਖਾਦਾਂ ਦੀ ਵਧੀ ਹੋਈ ਕੀਮਤ ਨਾਲ ਜੀਵਾਣੂ ਖਾਦਾਂ ਦੀ ਮਹੱਤਤਾ ਹੋਰ ਵਧ ਗਈ ਹੈ। ਜੀਵਾਣੂ ਖਾਦ ਇਸਤੇਮਾਲ ਕਰਨ ਨਾਲ ਮਿੱਟੀ ਅਤੇ ਪੌਦਿਆਂ ਨੂੰ ਕਈ ਲਾਭ ਹੁੰਦੇ ਹਨ ਜਿਵੇਂ ਕਿ ਇਹ ਮਿੱਟੀ ਦੀ ਸਿਹਤ ਨੂੰ ਕਾਇਮ ਰੱਖਦਾ ਹੈ, ਮਿੱਟੀ ਦੇ ਸੀ : ਐਨ ਅਨੁਪਾਤ ਨੂੰ ਸਥਿਰ ਕਰਦਾ ਹੈ। ਇਸ ਲੇਖ ਰਾਹੀਂ ਹਾੜ੍ਹੀ ਦੀਆਂ ਮੁੱਖ ਫ਼ਸਲਾਂ ਵਿਚ ਬੀਜ ਰਾਹੀਂ ਲੱਗਣ ਵਾਲੀਆਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੀ ਬੀਜ ਸੋਧ ਨਾਲ ਰੋਕਥਾਮ ਅਤੇ ਜੀਵਾਣੂ ਖਾਦ ਬਾਰੇ ਦੱਸਿਆ ਗਿਆ ਹੈ ਜਿਸ ਨੂੰ ਅਪਣਾ ਕੇ ਸਾਡੇ ਕਿਸਾਨ ਭਰਾਂ ਘੱਟ ਖਰਚਾ ਕਰਕੇ ਆਪਣੀ ਫ਼ਸਲ ਤੋਂ ਵਧੇਰੇ ਮੁਨਾਫ਼ਾ ਲੈ ਸਕਦੇ ਹਨ।

## ਕਣਕ ਦਾ ਬੀਜ ਦੀ ਸੁਧਾਈ

**ਸਿੱਟੇ ਦੀ ਕਾਂਗਿਆਰੀ** : ਸਿੱਟੇ ਦੀ ਕਾਂਗਿਆਰੀ ਉੱਲੀ ਕਾਰਨ ਬੀਜ ਰਾਹੀਂ ਲੱਗਣ ਵਾਲੀ ਬਿਮਾਰੀ ਹੈ। ਇਹ ਉੱਲੀ ਬੀਜ ਰਾਹੀਂ ਫੈਲਦੀ ਹੈ ਅਤੇ ਬੀਜ ਦੇ ਭਰੂਣ ਵਿਚ ਆਕਿਰਿਆਸ਼ੀਲ ਰੂਪ ਵਿਚ ਰਹਿੰਦੀ ਹੈ। ਉਸ ਬਿਮਾਰੀ ਦੇ ਲੱਛਣ ਸਿੱਟਿਆਂ ਵਿਚ ਬਣਦੇ ਹਨ। ਬਿਮਾਰੀ ਵਾਲੇ ਸਿੱਟੇ ਕਾਲੇ ਰੰਗ ਦੀ ਧੂੜ ਵਿਚ ਬਦਲ ਜਾਂਦੇ ਹਨ ਅਤੇ ਬੀਜ ਨਹੀਂ ਬਣਦਾ। ਆਮ ਤੌਰ ਤੇ ਸਾਰੇ ਸਿੱਟੇ ਹੀ ਕਾਲੇ ਰੰਗ ਦੀ ਧੂੜ ਵਿਚ ਬਦਲ ਜਾਂਦੇ ਹਨ ਭਾਵੇਂ ਕਿ ਸਿੱਟੇ ਦਾ ਕੁਝ ਹਿੱਸਾ ਬਿਮਾਰੀ ਰਹਿਤ ਵੀ ਹੋਵੇ। ਫਿਰ ਵੀ ਬਿਮਾਰੀ ਦੇ ਕਣ ਹਵਾ ਰਾਹੀਂ ਫੈਲਦੇ ਹਨ ਅਤੇ ਦੂਜਿਆਂ ਬੂਟਿਆਂ ਦੇ ਸਿੱਟਿਆ ਉੱਤੇ ਫੁੱਲ ਖਿੜਨ ਵੇਲੇ ਡਿੱਗ ਜਾਂਦੇ ਹਨ ਅਤੇ ਜਿੱਥੇ ਇਹ ਪੁੰਗਰਦੇ ਹਨ ਅਤੇ ਨਵੇਂ ਦਾਣਿਆਂ ਦੇ ਅੰਦਰ ਚਲੇ ਜਾਂਦੇ ਹਨ। ਅੰਦਰ ਜਾਣ ਤੋਂ ਬਾਅਦ ਇਹ ਉੱਲੀ ਆਕਿਰਿਆਸ਼ੀਲ ਰੂਪ ਵਿਚ ਬੀਜ ਵਿਚ ਰਹਿ ਜਾਂਦੀ ਹੈ ਅਤੇ ਉਸੇ ਮੌਸਮ ਵਿੱਚ ਕਈ ਲੱਛਣ ਪੈਦਾ ਨਹੀਂ ਕਰਦੀ। ਜਦੋਂ ਇਹ ਬਿਮਾਰੀ ਵਾਲੇ ਦਾਣੇ ਅਗਲੇ ਮੌਸਮ ਵਿਚ ਬੀਜੇ ਜਾਂਦੇ ਹਨ ਤਾਂ ਉੱਲੀ ਕਿਰਿਆਸ਼ੀਲ ਹੋ ਕੇ ਪੌਦਿਆਂ ਦੇ ਅੰਦਰ ਫੈਲ ਕੇ ਬਿਮਾਰੀ ਦੇ ਲੱਛਣ ਪੈਦਾ ਕਰਦੀ ਹੈ ।

ਇਸ ਬਿਮਾਰੀ ਨੂੰ ਯੋਜਨਾਬੱਧ ਤਰੀਕੇ ਨਾਲ ਰੋਕਿਆ ਜਾ ਸਕਦਾ ਹੈ। ਰੈਕਸਿਲ ਈਜ਼ੀ ਜਾਂ ਓਰੀਅਸ 6 ਐਫਐਸ 13 ਮਿਲੀ ਲਿਟਰ (13 ਮਿ.ਲਿ. ਦਵਾਈ 400 ਮਿ.ਲਿ. ਪਾਣੀ ਵਿਚ ਘੋਲ ਕੇ) ਜਾਂ ਵੀਟਾਵੈਕਸ ਪਾਵਰ 75 ਡਬਲਯੂ ਐਸ 120 ਗ੍ਰਾਮ ਜਾਂ ਵੀਟਾਵੈਕਸ 80 ਗ੍ਰਾਮ ਜਾਂ ਸੀਡੈਕਸ 2 ਡੀ ਐਸ



ਜਾਂ ਐਕਸਜ਼ੋਲ 2 ਡੀ ਐਸ 40 ਗ੍ਰਾਮ ਪ੍ਰਤੀ 40 ਕਿੱਲੋ ਬੀਜ ਦੇ ਹਿਸਾਬ ਨਾਲ ਸੋਧੋ। ਬੀਜ ਨੂੰ ਸੋਧਣ ਲਈ ਡਰੰਮ ਦੀ ਵਰਤੋਂ ਕੀਤੀ ਜਾਵੇ। ਕਿਸਾਨਾਂ ਨੂੰ ਬੀਜ ਦੀ ਸੋਧ ਹੱਥਾਂ ਨਾਲ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਚਮੜੀ ਨੂੰ ਨੁਕਸਾਨ ਕਰ ਸਕਦੀ ਹੈ। ਦੂਜੇ ਪਾਸੇ ਬੀਜ ਨੂੰ ਮਈ-ਜੂਨ ਦੇ ਮਹੀਨਿਆਂ ਦੀ ਧੁੱਪ ਵਿਚ ਸੁਕਾ ਕੇ ਵੀ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ। ਪਹਿਲਾਂ ਬੀਜ ਨੂੰ ਸਵੇਰੇ 4 ਘੰਟਿਆਂ ਲਈ ਪਾਣੀ ਵਿਚ ਡੁਬੋ ਕੇ ਰੱਖੋ ਅਤੇ ਫਿਰ ਤੇਜ਼ ਧੁੱਪ ਵਿਚ ਸੁਕਾ ਲਵੋ। ਸੁੱਕਿਆ ਹੋਇਆ ਬੀਜ ਬਿਮਾਰੀ ਰਹਿਤ ਬਣ ਜਾਂਦਾ ਹੈ ਅਤੇ ਆਉਣ ਵਾਲੇ ਮਹੀਨਿਆਂ ਦੀ ਬਿਜਾਈ ਲਈ ਸਟੋਰ ਕੀਤਾ ਜਾ ਸਕਦਾ ਹੈ ।

### ਸਿਉਂਕ ਦੀ ਰੋਕਥਾਮ

*ਸਿਉਂਕ ਦੇ ਹਮਲੇ ਵਾਲੀਆਂ ਜ਼ਮੀਨਾਂ ਵਿਚ ਪਹਿਲਾ ਬੀਜ ਨੂੰ (ਕਲੋਰਫਾਈਰੀਫਾਸ) ਡਰਸਬਾਨ/ਰੂਬਾਨ/ਡਰਮੇਟ 20 ਈ ਸੀ 4 ਮਿ.ਲਿ. ਜਾਂ ਰੀਜ਼ੈਂਟ 5 ਪ੍ਰਤੀਸ਼ਤ ਐਸ ਸੀ (ਫਿਪਰੋਨਿਲ) 6 ਮਿ.ਲਿ. ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਇਸ ਕੰਮ ਲਈ 40 ਕਿੱਲੋ ਬੀਜ ਨੂੰ ਪੱਕੇ ਫ਼ਰਸ਼, ਤਰਪਾਲ ਜਾਂ ਪਲਾਸਟਿਕ ਦੀ ਸ਼ੀਟ ਤੇ ਪਤਲੀ ਤਹਿ ਕਰਕੇ ਵਿਛਾ ਦਿਉ ਅਤੇ 160 ਮਿ.ਲਿ. ਡਰਸਬਾਨ/ਰੂਬਾਨ/ਡਰਮੇਟ 20 ਈਸੀ ਜਾਂ 240 ਮਿ.ਲਿ. ਰੀਜ਼ੈਂਟ 5 ਪ੍ਰਤੀਸ਼ਤ ਐਸਸੀ ਨੂੰ 1 ਲਿਟਰ ਪਾਣੀ ਵਿਚ ਘੋਲ ਕੇ ਇਸ ਬੀਜ ਤੇ ਛਿੜਕਾਅ ਕਰੋ। ਬੀਜ ਨੂੰ ਚੰਗੀ ਤਰ੍ਹਾਂ ਰਲਾ ਕੇ ਛਾਂ ਵਿਚ ਸੁਕਾ ਲਓ ਅਤੇ ਫਿਰ ਉੱਪਰ ਦੱਸੇ ਉੱਲੀਨਾਸ਼ਕਾਂ ਨਾਲ ਸੋਧ ਲਓ।*

## ਪੱਤੇ ਦੀ ਕਾਂਗਿਆਂਰੀ

ਪੱਤੇ ਦੀ ਕਾਂਗਿਆਂਰੀ ਵੀ ਉੱਲੀ ਰਾਹੀਂ ਲੱਗਦੀ ਹੈ। ਇਸ ਬਿਮਾਰੀ ਦੇ ਕਣ ਬੀਜ ਅਤੇ ਮਿੱਟੀ ਵਿਚ ਰਹਿੰਦੇ ਹਨ। ਇਹ ਬਿਮਾਰੀ ਜ਼ਿਆਦਾਤਰ ਹੁਸ਼ਿਆਰਪੁਰ ਦੇ ਕੰਢੀ ਖੇਤਰਾਂ ਵਿਚ ਅਤੇ ਦੂਜੇ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਪਾਈ ਜਾਂਦੀ ਹੈ। ਇਸ ਬਿਮਾਰੀ ਨਾਲ ਪੱਤਿਆਂ ਅਤੇ ਤਣੇ ਉੱਤੇ ਸਲੇਟੀ ਜਾਂ ਕਾਲੇ ਰੰਗ ਦੀਆਂ ਲੰਬੀਆਂ ਧਾਰੀਆਂ ਬਣ ਜਾਂਦੀਆਂ ਹਨ। ਜਿਹੜੀਆਂ ਕਿ ਪਹਿਲਾਂ ਪੱਤੇ ਦੀ ਪਤਲੀ ਸਤਹਿ ਹੇਠਾਂ ਰਹਿੰਦੀਆਂ ਹਨ ਅਤੇ ਬਾਅਦ ਵਿਚ ਫੱਟਣ 'ਤੇ ਇਨ੍ਹਾਂ ਵਿੱਚੋਂ ਕਾਲੇ ਰੰਗ ਦਾ ਧੂੜਾ ਨਿਕਲਦਾ ਹੈ । ਇਹ ਬਿਮਾਰੀ ਦੇ ਕਣ ਮਿੱਟੀ ਉੱਤੇ ਡਿੱਗ ਜਾਂਦੇ ਹਨ ਅਤੇ ਫ਼ਸਲ ਦੀ ਕਟਾਈ ਦੌਰਾਨ ਕਈ ਦਾਣਿਆਂ ਉੱਤੇ ਲੱਗ ਜਾਂਦੇ ਹਨ, ਇਸ ਤਰ੍ਹਾਂ ਉੱਲੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ।

ਜਦੋਂ ਇਹ ਫਸਲ ਅਗਲੇ ਮੌਸਮ ਵਿਚ ਉਗਾਈ ਜਾਂਦੀ ਹੈ। ਉਸ ਵੇਲੇ ਮਿੱਟੀ ਰਾਹੀਂ ਫੈਲਣ ਵਾਲੇ ਇਹ ਬਿਮਾਰੀ ਦੇ ਕਣ ਨਰੋਈ ਫ਼ਸਲ ਨੂੰ ਰੋਗ ਲਾਉਂਦੇ ਹਨ ਅਤੇ ਫੈਲਣ ਤੋਂ ਬਾਅਦ ਡੇਢ ਮਹੀਨਿਆਂ ਵਿਚ ਬਿਮਾਰੀ ਦੇ ਲੱਛਣ ਦਿਖਾਈ ਦਿੰਦੇ ਹਨ । ਬਿਮਾਰੀ ਨੂੰ ਰੋਕਣ ਲਈ ਡੂੰਘੀ ਬਿਜਾਈ ਨਾ ਕਰੋ । ਬਿਮਾਰੀ ਵਾਲੇ ਪੌਦਿਆਂ ਨੂੰ ਪੁੱਟ ਕੇ ਨਸ਼ਟ ਕਰ ਦਿਉ। ਸਿੱਟੇ ਦੀ ਕਾਂਗਿਆਂਰੀ ਲਈ ਸਿਫ਼ਾਰਿਸ਼ ਕੀਤੇ ਉੱਲੀਨਾਸ਼ਕ ਇਸ ਕਾਂਗਿਆਂਰੀ ਨੂੰ ਰੋਕਣ ਲਈ ਵਰਤੇ ਜਾ ਸਕਦੇ ਹਨ।

## ਕਰਨਾਲ ਬੰਟ

ਇਹ ਬਿਮਾਰੀ ਉੱਲੀ ਕਾਰਨ ਹੁੰਦੀ ਹੈ ਅਤੇ ਇਸ ਬਿਮਾਰੀ ਦੇ ਲੱਛਣ ਸਿੱਟਿਆਂ ਵਿਚ ਦਿਖਾਈ ਦਿੰਦੇ ਹਨ। ਬੀਜ ਦਾ ਬਿਮਾਰੀ ਵਾਲਾ ਹਿੱਸਾ ਕਾਲੇ ਧੂੜੇ ਵਿਚ ਬਦਲ ਜਾਂਦਾ ਹੈ। ਆਮ ਤੌਰ ਤੇ ਸਿੱਟਿਆਂ ਦੇ ਕੁਝ ਹਿੱਸਿਆਂ ਵਿਚ ਹੀ ਬਿਮਾਰੀ ਆਉਂਦੀ ਹੈ ਅਤੇ ਬਿਮਾਰੀ ਵਾਲੇ ਦਾਣੇ ਕਾਲੇ ਪੈ ਜਾਂਦੇ ਹਨ। ਇਹ ਉੱਲੀ ਬੀਜ ਅਤੇ ਮਿੱਟੀ ਦੁਆਰਾ ਫੈਲਦੀ ਹੈ। ਫ਼ਸਲ ਦੀ ਕਟਾਈ ਦੌਰਾਨ ਕਈ ਮਾਤਰਾ ਵਿਚ ਬਿਮਾਰੀ ਦੇ ਕਣ ਮਿੱਟੀ ਵਿਚ ਕਿਰ ਜਾਂਦੇ ਹਨ। ਜਿਹੜੇ ਕਿ 2 ਤੋਂ 5 ਸਾਲ ਤਕ ਕਿਰਿਆਸ਼ੀਲ ਰਹਿੰਦੇ ਹਨ। ਆਮ ਬੀਜੀਆਂ ਜਾਣ ਵਾਲੀਆਂ ਕਣਕ ਦੀਆਂ ਕਿਸਮਾਂ ਨੂੰ ਇਹ ਬਿਮਾਰੀ ਲੱਗਦੀ ਹੈ।

ਫਰਵਰੀ-ਮਾਰਚ ਦੌਰਾਨ ਜਦੋਂ ਫ਼ਸਲ ਫੁੱਲਾਂ 'ਤੇ ਹੁੰਦੀ ਹੈ ਜੇਕਰ ਮੀਂਹ ਪੈ ਜਾਵੇ ਅਤੇ ਮੌਸਮ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਹੋ ਜਾਵੇ ਤਾਂ ਇਸ ਬਿਮਾਰੀ ਦਾ ਹੱਲਾ ਵਧੇਰੇ ਹੋ ਜਾਂਦਾ ਹੈ। ਪੰਜਾਬ ਵਿਚ 2016-17 ਦੀ ਫ਼ਸਲ ਤੇ ਬਿਮਾਰੀ ਦੀ ਔਸਤ ਦਰ 0.10 ਪ੍ਰਤੀਸ਼ਤ ਸੀ। ਬਿਮਾਰੀ ਦੀ ਜ਼ਿਆਦਾ ਮਾਤਰਾ ਰੋਪੜ ਜ਼ਿਲ੍ਹੇ ਵਿਚ ਪਾਈ ਗਈ, ਜਿੱਥੇ ਫ਼ਸਲ ਦੀ ਬਿਜਾਈ ਲੇਟ ਸੀ ਅਤੇ ਫ਼ਸਲ ਦੇ ਸਿੱਟਿਆਂ ਦੇ ਸਮੇਂ ਮੌਸਮ ਅਨੁਕੂਲ ਸੀ। ਬਿਮਾਰੀ ਰਹਿਤ ਅਤੇ ਸਿਹਤਮੰਦ ਬੀਜ ਦੀ ਵਰਤੋਂ ਕਰਨਾ ਇਸ ਬਿਮਾਰੀ ਨੂੰ ਰੋਕਣ ਲਈ ਸਭ ਤੋਂ ਵਧੀਆ ਵਿਧੀ ਹੈ।

ਇਹ ਸਿਹਤਮੰਦ ਅਤੇ ਬਿਮਾਰੀ ਰਹਿਤ ਬੀਜ ਲਈ ਫ਼ਸਲ ਦੇ ਗੋਭ ਤੇ ਆਉਣ ਦੌਰਾਨ ਟਿਲਟ 25 ਈਸੀ ਅਤੇ ਫੋਲੀਕਰ 25 ਈਸੀ 200 ਮਿ.ਲਿ. ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਿਜਾਈ ਤੋਂ ਪਹਿਲਾਂ ਕਣਕ ਦੇ ਬੀਜ ਨੂੰ ਚੰਗੀ ਤਰ੍ਹਾਂ ਪਰਖ ਲੈਣ ਤਾਂ ਜੋ ਬਿਮਾਰੀ ਵਾਲਾ ਬੀਜ ਬਿਮਾਰੀ ਰਹਿਤ ਖੇਤਰਾਂ ਵਿਚ ਲਾਉਣ ਤੋਂ ਰੋਕਿਆ ਜਾਵੇ।

***ਮੋਬਾਈਲ*** *: 94637-47280*

# ਮੂਲੀ ਦੀ ਉੱਨਤ ਖੇਤੀ

***ਸਲਾਦ ਵਿਚ ਪ੍ਰਮੁੱਖ ਸਥਾਨ ਰੱਖਣ ਵਾਲੀ ਮੂਲੀ ਸਿਹਤ ਲਈ ਤਾਂ ਲਾਭਕਾਰੀ ਹੈ ਹੀ ਇਸ ਦੀ ਕਾਸ਼ਤ ਕਿਸਾਨਾਂ ਲਈ ਚੰਗੀ ਆਮਦਨ ਦਾ ਜ਼ਰੀਆ ਵੀ ਹੈ। ਇਸ ਨੂੰ ਹਰ ਥਾਂ ਸੌਖਿਆਂ ਹੀ ਉਗਾਇਆ ਜਾ ਸਕਦਾ ਹੈ...***

ਮੂਲੀ, ਸਲਾਦ ਦੇ ਰੂਪ ਵਿਚ ਵਰਤੋਂ ਕੀਤੀ ਜਾਣ ਵਾਲੀ ਸਬਜ਼ੀ ਹੈ। ਇਸ ਦੀ ਉਤਪੱਤੀ ਭਾਰਤ ਅਤੇ ਚੀਨ 'ਚ ਹੋਈ ਸਮਝੀ ਜਾਂਦਾ ਹੈ । ਇਸ ਨੂੰ ਆਮ ਤੌਰ 'ਤੇ ਘਰ ਵਿਚ ਉਗਾਈਆ ਜਾਂਦਾ ਹੈ। ਇਸ ਨੂੰ ਕਿਆਰੀਆਂ ਦੀਆਂ ਬੱਟਾਂ ਉੱਤੇ ਉੱਗਿਆ ਜਾਂਦਾ ਹੈ। ਸਲਾਦ ਵਿਚ ਇਕ ਪ੍ਰਮੁੱਖ ਸਥਾਨ ਰੱਖਣ ਵਾਲੀ ਮੂਲੀ ਸਿਹਤ ਦੇ ਨਜ਼ਰੀਏ ਵਜੋਂ ਵੀ ਬਹੁਤ ਲਾਭਕਾਰੀ ਹੈ। ਇਸ ਨੂੰ ਹਰ ਥਾਂ ਸੌਖਿਆਂ ਹੀ ਉਗਾਇਆ ਜਾ ਸਕਦਾ ਹੈ।

## ਜਲਵਾਯੂ

ਮੂਲੀ ਜ਼ਿਆਦਾ ਤਾਪਮਾਨ ਦੇ ਪ੍ਰਤੀ ਸਹਿਣ ਸ਼ੀਲ ਹੈ ਪਰ ਫਿਰ ਵੀ ਇਸ ਦੀ ਚੰਗੀ ਪੈਦਾਵਾਰ ਲਈ ਠੰਡੇ ਜਲਵਾਯੂ ਦੀ ਲੋੜ ਹੁੰਦੀ ਹੈ। ਜ਼ਿਆਦਾ ਤਾਪਮਾਨ ਦੇ ਕਾਰਨ ਇਹ ਸਖ਼ਤ ਤੇ ਕੌੜੀ ਹੋ ਜਾਂਦੀ ਹੈ। ਮੂਲੀ ਦੀ ਸਫ਼ਲ ਖੇਤੀ ਲਈ 10-15 ਡਿਗਰੀ ਸੈਂਟੀਗ੍ਰੇਟ ਤਾਪਮਾਨ ਉੱਚਿਤ ਮੰਨਿਆ ਗਿਆ ਹੈ। ਅਜੋਕੇ ਸਮੇ ਇਹ ਕਹਿਣਾ ਕਿ ਮੂਲੀ ਸਿਰਫ਼ ਇਸ ਮੌਸਮ ਵਿਚ ਲਗਾਈ ਜਾਂਦੀ ਹੈ ਜਾਂ ਲਗਾਈ ਜਾਣਾ ਚਾਹੀਦਾ ਹੈ, ਠੀਕ ਨਹੀਂ ਹੋਵੇਗਾ ਕਿਉਂਕਿ ਮੂਲੀ ਸਾਨੂੰ ਹਰ ਮੌਸਮ ਅਤੇ ਸਮੇਂ ਵਿਚ ਮਿਲ ਜਾਂਦੀ ਹੈ।

## ਜ਼ਮੀਨ

ਮੂਲੀ ਦੀ ਵਧੇਰੇ ਪੈਦਾਵਾਰ ਲਈ ਰੇਤੀਲੀ ਦੋਮਟ ਅਤੇ ਦੋਮਟ ਭੂਮੀ ਜ਼ਿਆਦਾ ਲਾਭਦਾਇਕ ਰਹਿੰਦੀ ਹੈ ਮਟਿਆਰ ਜ਼ਮੀਨ ਮੂਲੀ ਉਗਾਉਣ ਲਈ ਸਹੀ ਨਹੀਂ ਰਹਿੰਦੀ ਕਿਉਂਕਿ ਇਸ ਵਿਚ ਮੂਲੀ ਦਾ ਸੰਪੂਰਨ ਵਿਕਾਸ ਨਹੀਂ ਹੁੰਦਾ । ਬੀਜ ਉਤਪਾਦਨ ਲਈ ਅਜਿਹੀ ਜ਼ਮੀਨ ਦੀ ਚੋਣ ਕਰਨੀ ਚਾਹੀਦਾ ਹੈ ਜਿਸ ਵਿਚ ਪਾਣੀ ਦੇ ਨਿਕਾਸ ਦਾ ਉਚਿਤ ਪ੍ਰਬੰਧ ਹੋਵੇ ਅਤੇ ਮੂਲੀ ਦੇ ਵਿਕਾਸ ਲਈ ਸਹੀ ਮਾਤਰਾ ਵਿਚ ਜੈਵਿਕ ਪਦਾਰਥ ਵੀ ਉਪਲੱਬਦ ਹੋਣ।

## ਭੂਮੀ ਦੀ ਤਿਆਰੀ

ਮੂਲੀ ਲਈ ਡੂੰਘੀ ਵਹਾਈ ਦੀ ਲੋੜ ਹੁੰਦੀ ਹੈ ਕਿਉਂਕਿ ਇਸ ਦੀਆਂ ਜੜ੍ਹਾਂ ਜ਼ਮੀਨ ਵਿਚ ਡੂੰਘੀਆਂ ਜਾਂਦੀ ਹਨ। ਡੂੰਘੀ ਵਹਾਈ ਲਈ ਟਰੇਕਟਰ ਜਾਂ ਮਿੱਟੀ ਪਲਟਣ ਵਾਲੇ ਹਲ ਨਾਲ ਬਹਾਈ ਕਰਨੀ ਚਾਹੀਦੀ ਹੈ।

## ਜੈਵਿਕ ਖਾਦ

50 ਕੁਇੰਟਲ ਗੋਬਰ ਦੀ ਖਾਦ ਜਾਂ ਕੰਪੋਸਟ, 20 ਕਿੱਲੋ ਨਿੰਮ ਦੇ ਸੱਕ ਬਿਜਾਈ ਦੇ ਸਮੇਂ ਅਤੇ 15 ਦਿਨਾਂ ਦੇ ਬਾਅਦ 10 ਲੀਟਰ ਗੌਮੂਤਰ ਵਿਚ 250 ਨਿੰਮ ਦਾ ਕਾੜ੍ਹਾ, 250 ਗਰਾਮ ਲਸਣ ਦਾ ਪੇਸਟ 15 ਗਰਾਮ ਹੀਂਗ ਮਿਲਕੇ 4 ਦਿਨਾਂ ਤਕ ਛਾਇਆ ਵਿਚ ਰੱਖ ਦਿਉ ਬਾਅਦ ਵਿਚ ਇਸ ਨੂੰ ਛਾਨ ਕਰ 200 ਗਰਾਮ ਲਾਲ ਮਿਰਚ ਦਾ ਧੂੜਾ ਪਾ ਦਿਉ (ਛਿੜਕਣ ਤੋਂ 10 ਘੰਟੇ ਪਹਿਲਾਂ) 60 ਲੀਟਰ ਪਾਣੀ ਮਿਲ ਕੇ ਛਿੜਕਾ ਕਰੋ।

## ਸਿੰਜਾਈ

ਵਰਖਾ ਰੁੱਤ ਵਿਚ ਸਿੰਜਾਈ ਦੀ ਕੋਈ ਲੋੜ ਨਹੀਂ ਹੁੰਦੀ ਪਰ ਗਰਮੀਆਂ ਵਿਚ 405 ਦਿਨ ਦੇ ਅੰਤਰ ਸਿੰਜਾਈ ਕਰਨੀ ਚਾਹੀਦੀ ਹੈ। ਜਦੋਂ ਕਿ ਸਰਦੀ 10 ਤੋਂ 15 ਦਿਨ ਦੇ ਅੰਤਰ ਸਿੰਜਾਈ ਕਰਨੀ ਚਾਹੀਦੀ ਹੈ।

## ਨਦੀਨ ਦੀ ਰੋਕਥਾਮ

ਨਦੀਨ ਦੇ ਕਾਬੂ ਲਈ ਖੇਤ ਦੀ 2-3 ਵਾਰ ਗੁਡਈ ਕਰਨੀ ਚਾਹੀਦੀ ਹੈ। ਦੂਜੀ ਗੁਡਾਈ ਕਰਨ ਸਮੇਂ ਮੂਲੀਆਂ ਦੀ ਵੀ ਛਾਂਟੀ ਕਰ ਦਿਓ ਤੇ ਨਾਲ ਹੀ ਵੱਟਾਂ ਉੱਤੇ ਮਿੱਟੀ ਵੀ ਚੜਾਉਂਦੇ ਰਹਿਣਾ ਚਾਹੀਦਾ ਹੈ।

## ਬਿਮਾਰੀਆਂ ਦੀ ਰੋਕਥਾਮ

ਮੂਲੀ ਉੱਤੇ ਏਫਿਡ, ਸਰ੍ਹੋਂ ਦੀ ਮੱਖੀ, ਪੱਤੇ ਕੱਟਣ ਵਾਲੀ ਸੁੰਡੀ ਜ਼ਿਆਦਾ ਨੁਕਸਾਨ ਪਹੁੰਚਾਉਂਦੀ ਹੈ। ਇਸ ਦੀ ਰੋਕਥਾਮ ਲਈ ਦੇਸੀ ਗਾਂ ਦਾ ਮੂਤਰ 5 ਲਿਟਰ ਲੈ ਕੇ 15 ਗਰਾਮ ਦੇ ਬਰਾਬਰ ਹੀਂਗ ਪੀਸ ਕੇ ਚੰਗੀ ਤਰ੍ਹਾਂ ਮਿਲਾਕੇ ਘੋਲ ਬਣਾਉਣਾ ਚਾਹੀਦਾ ਹੈ ਅਤੇ ਪ੍ਰਤੀ 2 ਲਿਟਰ ਪੰਪ ਨਾਲ ਛਿੜ ਦਿਉ।

## ਮੂਲੀ ਦੀ ਪੈਦਾਵਾਰ

ਮੂਲੀ ਦੀ ਪੈਦਾਵਾਰ ਜ਼ਮੀਨ ਦੀ ਉਪਜਾਊ ਸ਼ਕਤੀ, ਇਸ ਦੀ ਜਾਤੀ ਅਤੇ ਦੇਖ-ਭਾਲ ਉੱਤੇ ਨਿਰਭਰ ਕਰਦੀ ਹੈ ਯੂਰੋਪੀ ਜਾਤੀ ਦੀ ਮੂਲੀ 80-100 ਕੁਇੰਟਲ ਅਤੇ ਏਸ਼ੀਆਈ ਜਾਤੀ ਦੀ 250-300 ਕੁਇੰਟਲ ਪ੍ਰਤੀ ਹੈਕਟੇਅਰ ਪੈਦਾਵਾਰ ਮਿਲ ਸਕਦੀ ਹੈ।

## ਮੂਲੀ ਦੀ ਪਟਾਈ

ਮੂਲੀ ਜਦੋਂ ਵੱਡੀ ਹੋ ਜਾਵੇ ਜਾਂ 25-30 ਦਿਨ ਬਾਅਦ ਪੁੱਟਨੀ ਸ਼ੁਰੂ ਕਰ ਦਿਉ। ਏਸ਼ੀਆਈ ਟਾਈਪ ਦੀ ਮੂਲੀ ਦੀ ਪੁਟਾਈ 40-50 ਦਿਨ ਬਾਅਦ ਸ਼ੁਰੂ ਕਰੋ। •

### ਉੱਨਤ ਕਿਸਮ

*ਮੂਲੀ ਦੀ ਉੱਨਤ ਕਿਸਮਾਂ ਵਿਚ ਪ੍ਰਮੁੱਖ ਕਿਸਮਾਂ ਹਨ- ਪੂਸਾ ਹਿਮਾਨੀ, ਪੂਸਾ ਚੇਤਵੀ, ਪੂਸਾ ਰੇਸ਼ਮੀ, ਹਿਸਾਰ ਮੂਲੀ ਨੰਬਰ-1, ਪੰਜਾਬ ਸਫ਼ੇਦ, ਰੈਪਿਡ ਰੇਡ, ਵਹਾਇਟ ਟਿਪ ਆਦਿ । ਪੂਸਾ ਚੇਤਵੀ ਜਿੱਥੇ ਮੱਧਮ ਕਿਸਮ ਦੀ ਸਫ਼ੇਦ ਚੀਕਣੀ ਮੁਲਾਇਮ ਜੜ੍ਹ ਵਾਲੀ ਹੈ, ਉੱਥੇ ਹੀ ਇਹ ਬਹੁਤ ਜ਼ਿਆਦਾ ਤਾਪਮਾਨ ਵਾਲੇ ਲਈ ਵੀ ਜ਼ਿਆਦਾ ਉਪਯੁਕਤ ਪਾਈ ਗਈ ਹੈ। ਇਸੇ ਤਰ੍ਹਾਂ ਪੂਸਾ ਰੇਸ਼ਮੀ ਵੀ ਜ਼ਿਆਦਾ ਉਪਯੁਕਤ ਹੈ ਅਤੇ ਅਗੇਤੀ ਕਿਸਮ ਦੇ ਰੂਪ ਵਿਚ ਵਿਸ਼ੇਸ਼ ਮਹੱਤਵਪੂਰਣ ਹੈ। ਇਸੇ ਤਰ੍ਹਾਂ ਹੋਰ ਕਿਸਮਾਂ ਵੀ ਆਪਣਾ ਵਿਸ਼ੇਸ਼ ਮਹੱਤਵ ਰੱਖਦੀਆਂ ਹਨ ਅਤੇ ਹਰ ਥਾਂ, ਹਰ ਸਮੇਂ ਲਗਾਈਆਂ ਜਾ ਸਕਦੀਆਂ ਹਨ।*



### ਬੀਜ ਦੀ ਮਾਤਰਾ

*ਮੂਲੀ ਦੀ ਇਕ ਹੈਕਟੇਇਰ ਖੇਤੀ ਲਈ 5-10 ਕਿਲੋ ਗਰਾਮ ਬੀਜ ਦੀ ਜ਼ਰੂਰਤ ਹੁੰਦੀ ਹੈ। ਮੂਲੀ ਦੀ ਬਿਜਾਈ ਖੇਤ ਦੀਆਂ ਵੱਟਾਂ ਉੱਤੇ ਕੀਤੀ ਜਾਂਦੀ ਹੈ। ਇੱਥੇ ਵੱਟਾਂ ਦੇ ਵਿਚ ਦੀ ਦੂਰੀ 45 ਸੈਂਮੀ ਅਤੇ ਉਚਾਈ 22-25 ਸੈਂਮੀ ਰੱਖੀ ਜਾਂਦੀ ਹੈ। ਕਿਸਾਨ ਵੀਰ ਇਹ ਜ਼ਰੂਰ ਧਿਆਨ ਰੱਖਣ ਕਿ ਮੂਲੀ ਦੇ ਬੀਜਾਂ ਦਾ ਉਪਚਾਰ ਜ਼ਰੂਰ ਕੀਤਾ। ਇਸ ਦੇ ਲਈ ਗੌਮੂਤਰ 5 ਲੀਟਰ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਵਰਤੋ ਕਰ ਸਕਦੇ ਹੋ ।*

### ਬੀਜਣ ਦਾ ਸਮਾਂ

*ਮੂਲੀ ਸਾਲ ਭਰ ਉਗਾਈ ਜਾ ਸਕਦੀ ਹੈ ਫਿਰ ਵੀ ਵਪਾਰਿਕ ਪੱਧਰ ਉੱਤੇ ਇਸ ਨੂੰ ਮੈਦਾਨਾਂ ਵਿਚ ਸਤੰਬਰ ਤੋਂ ਜਨਵਰੀ ਤਕ ਅਤੇ ਪਹਾੜਾਂ ਵਿਚ ਮਾਰਚ ਤੋਂ ਅਗਸਤ ਤਕ ਬੀਜਿਆ ਜਾ ਸਕਦਾ ਹੈ। ਉਂਜ ਪੂਰਾ ਸਾਲ ਮੂਲੀ ਉਗਾਉਣ ਜਾ ਸਕਦੀ ਹੈ। ਇਸ ਦੀ ਬਿਜਾਈ ਦਾ ਸਮਾਂ ਮੂਲੀ ਦੀ ਪ੍ਰਜਾਤੀ ਦੇ ਅਨੁਸਾਰ ਚੁਣਿਆਂ ਜਾਂਦੀ ਹੈ ਜਿਵੇਂ ਕਿ ਮੂਲੀ ਦੀ ਪੂਸਾ ਰਸ਼ਮੀ, ਪੂਸਾ ਹਿਮਾਨੀ ਦਾ ਬਿਜਾਈ ਦਾ ਸਮਾਂ ਵਿਚਕਾਰ ਸਤੰਬਰ ਹੈ ਅਤੇ ਜਾਪਾਨੀ ਸਫ਼ੇਦ ਅਤੇ ਵਹਾਈਟ ਆਇਸੀਕਿਲ ਕਿਸਮ ਕਿ ਬਿਜਾਈ ਦਾ ਸਮਾਂ ਵਿਚਕਾਰ ਅਕਤੂਬਰ ਹੈ ਅਤੇ ਪੂਸਾ ਚੈਤਕੀ ਕਿ ਬਿਜਾਈ ਮਾਰਚ ਦੇ ਅੰਤ ਵਿਚ ਬੀਜੀ ਜਾਂਦੀ ਹੈ ਅਤੇ ਪੂਸਾ ਦੇਸ਼ੀ ਕਿਸਮ ਕਿ ਬਿਜਾਈ ਅਗਸਤ ਮਹੀਨੇ ਦੇ ਵਿਚਕਾਰ ਦਾ ਸਮਾਂ ਹੈ।*



# ਛੋਟੀ ਬਗ਼ੀਚੀ ਰਾਹੀਂ ਕਰੋ ਸਬਜ਼ੀਆਂ ਦੀ ਕਾਸ਼ਤ

• ਤਰਸੇਮ ਸਿੰਘ ਢਿਲੋਂ, ਰੂਮਾ ਦੇਵੀ

***ਸਬਜ਼ੀਆਂ ਨੂੰ ਕੀੜਿਆਂ ਤੋਂ ਬਚਾਉਣ ਲਈ ਰਸਾਇਣਾਂ ਦੀ ਅੰਧਾਧੁੰਦ ਵਰਤੋਂ ਹੋ ਰਹੀ ਹੈ, ਜੋ ਸਾਡੀ ਸਿਹਤ 'ਤੇ ਬਹੁਤ ਮਾੜਾ ਅਸਰ ਪਾਉਂਦੇ ਹਨ। ਇਸ ਕਰਕੇ ਜ਼ਰੂਰੀ ਹੈ, ਅਸੀਂ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੀਏ ਕਿ ਆਪਣੀ ਜ਼ਰੂਰਤ ਮੁਤਾਬਕ ਸਬਜ਼ੀ ਆਪ ਪੈਦਾ ਕਰੀਏ। ਪੁਰਾਣੇ ਸਮਿਆਂ ਵਿਚ ਘਰੇਲੂ ਖਪਤ ਲਈ ਦਾਲਾਂ ਸਬਜ਼ੀਆਂ ਦੀ ਕਾਸ਼ਤ ਆਪ ਹੀ ਕੀਤੀ ਜਾਂਦੀ ਸੀ। ਇਸ ਨਾਲ ਖਪਤਕਾਰ ਆਪਣੀ ਜੇਬ ਨੂੰ ਜਿੱਥੇ ਖੋਰਾ ਲੱਗਣ ਤੋਂ ਬਚਾਉਂਦਾ ਸੀ ਉੱਥੇ ਹੀ ਚੰਗੀ ਸਿਹਤ ਲਈ ਨਰੋਈ ਖ਼ੁਰਾਕ ਵੀ ਪ੍ਰਾਪਤ ਕਰਦਾ ਸੀ...***

ਸਬਜ਼ੀਆਂ ਸੰਤੁਲਿਤ ਭੋਜਨ ਦਾ ਇਕ ਮੁੱਖ ਅੰਗ ਹਨ, ਜਿਨ੍ਹਾਂ ਤੋਂ ਸਾਨੂੰ ਵਿਟਾਮਿਨ ਅਤੇ ਖਣਿਜ ਪਦਾਰਥ ਮਿਲਦੇ ਹਨ ਜਿਹੜੇ ਕਿ ਸਾਡੀ ਸਿਹਤ ਨੂੰ ਠੀਕ ਰੱਖਣ ਲਈ ਬਹੁਤ ਜ਼ਰੂਰੀ ਹਨ। ਆਈਸੀਐਮਆਰ ਅਨੁਸਾਰ ਹਰ ਵਿਅਕਤੀ ਨੂੰ ਚੰਗੀ ਸਿਹਤ ਬਰਕਰਾਰ ਰੱਖਣ ਲਈ ਹਰ ਰੋਜ਼ 280 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ ਪਰ ਇਸ ਦੇ ਉਲਟ ਭਾਰਤ ਵਿਚ ਤਕਰੀਬਨ 200 ਗ੍ਰਾਮ ਤੋਂ ਵੀ ਘੱਟ ਸਬਜ਼ੀ ਹੀ ਪ੍ਰਤੀ ਵਿਅਕਤੀ ਪ੍ਰਤੀ ਦਿਨ ਉਪਲੱਬਧ ਹੁੰਦੀ ਹੈ ਉਹ ਵੀ ਆਮ ਤੌਰ ਤੇ ਅਸੀਂ ਬਾਜਾਰੋਂ ਖਰੀਦ ਕੇ ਹੀ ਖਾਂਦੇ ਹਾਂ। ਇਨ੍ਹਾਂ ਸਬਜ਼ੀਆਂ ਵਿਚ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਅ ਲਈ ਰਸਾਇਣਾਂ ਦੀ ਅੰਧਾਧੁੰਧ ਵਰਤੋਂ ਹੁੰਦੀ ਹੈ, ਜੋ ਕਿ ਸਾਡੀ ਸਿਹਤ 'ਤੇ ਬਹੁਤ ਮਾੜਾ ਅਸਰ ਪਾਉਂਦੇ ਹਨ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਜ਼ਿਆਦਾ ਤੋਂ ਜ਼ਿਆਦਾ ਕੋਸ਼ਿਸ਼ ਕਰੀਏ ਕਿ ਆਪਣੀ ਜ਼ਰੂਰਤ ਮੁਤਾਬਕ ਸਬਜ਼ੀ ਆਪ ਪੈਦਾ ਕਰੀਏ। ਪੁਰਾਣੇ ਸਮਿਆਂ ਵਿਚ ਘਰੇਲੂ ਖਪਤ ਲਈ ਦਾਲਾਂ ਸਬਜ਼ੀਆਂ ਦੀ ਕਾਸ਼ਤ ਆਪ ਹੀ ਕੀਤੀ ਜਾਂਦੀ ਸੀ। ਇਸ ਨਾਲ ਖਪਤਕਾਰ ਆਪਣੀ ਜੇਬ ਨੂੰ ਜਿੱਥੇ ਖੋਰਾ ਲੱਗਣ ਤੋਂ ਬਚਾਉਂਦਾ ਹੈ, ਨਾਲ ਹੀ ਚੰਗੀ ਸਿਹਤ ਲਈ, ਉਪਲਬਧ ਸੋਮਿਆਂ ਤੋਂ ਨਰੋਈ ਖੁਰਾਕ ਪ੍ਰਾਪਤ ਕਰ ਸਕਦਾ ਹੈ। ਜਦੋਂ ਕੋਈ ਆਪਣੀ ਮਿਹਨਤ ਨਾਲ ਲਗਾਏ ਬੂਟਿਆਂ ਨੂੰ ਵਧਦਾ-ਫੁੱਲਦਾ ਦੇਖਦਾ ਹੈ ਤਾਂ ਉਸ ਨੂੰ ਬਹੁਤ ਖ਼ੁਸ਼ੀ ਮਿਲਦੀ ਹੈ। ਆਪਣੇ ਫੁਰਸਤ ਦੇ ਸਮੇਂ ਨੂੰ ਇਨਸਾਨ ਇਸ ਤਰ੍ਹਾਂ ਰੁਝੇਵੇਂ ਵਿਚ ਬਦਲ ਸਕਦਾ ਹੈ ਅਤੇ ਆਪਣੀ ਸੋਚ ਨੂੰ ਉਸਾਰੂ ਢੰਗ ਵੱਲ ਮੋੜ ਸਕਦਾ ਹੈ। ਘਰੇਲੂ ਬਗ਼ੀਚੀ ਵਿਚ ਸਬਜ਼ੀਆਂ, ਪਰਿਵਾਰ ਦੀ ਲੋੜ ਮੁਤਾਬਕ ਬਦਲ ਬਦਲ ਕੇ ਬੀਜੀਆਂ ਜਾ ਸਕਦੀਆਂ ਹਨ। ਤਜਵੀਜ਼ ਮਾਡਲ ਵਿਚ 6-6 ਮੀਟਰ ਦੇ ਰਕਬੇ 'ਤੇ 27 ਅਲੱਗ ਅਲੱਗ ਸਬਜ਼ੀਆਂ ਬੀਜੀਆਂ ਜਾ ਸਕਦੀਆਂ ਹਨ ਅਤੇ ਸਾਲ ਵਿਚ ਲਗਭਗ 3 ਕੁਇੰਟਲ ਸਬਜ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਮਾਡਲ ਚਾਰ ਮੈਂਬਰਾਂ ਦੇ ਪਰਿਵਾਰ (ਦੋ ਬਾਲਗ ਅਤੇ ਦੋ ਬੱਚੇ) ਦੀ ਸਬਜ਼ੀ ਦੀ ਲੋੜ ਨੂੰ ਪੂਰਾ ਕਰ ਸਕਦਾ ਹੈ। ਘਰ ਬਗੀਚੀ ਲਾਉਣ ਵੇਲੇ ਹੇਠ ਦਿੱਤੀਆਂ ਕੁਝ ਖ਼ਾਸ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

## ਬਿਜਾਈ ਦਾ ਸਮਾਂ ਅਤੇ ਤਰੀਕਾ

ਸਬਜ਼ੀਆਂ ਦੀ ਬਿਜਾਈ ਸਮੇਂ ਦੇ ਮੁਤਾਬਕ ਸਾਰਾ ਸਾਲ ਹੀ ਕੀਤੀ ਜਾ ਸਕਦੀ ਹੈ। ਇਸ ਲਈ ਹਮੇਸ਼ਾਂ ਰੋਗ ਰਹਿਤ ਬੀਜਾਂ ਦੀ ਬਿਜਾਈ ਕਰਨੀ ਚਾਹੀਦੀ ਹੈ ਅਤੇ ਰੋਗਾਂ ਨੂੰ ਸਹਿਣ ਦੀ ਸਮਰੱਥਾ ਰੱਖਣ ਵਾਲੀਆਂ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ ਤਾਂ ਜੋ ਰਸਾਇਣਾਂ ਦੀ ਵਰਤੋਂ ਤੋਂ ਬਗ਼ੈਰ ਹੀ ਸਬਜ਼ੀ ਪੈਦਾ ਕੀਤੀ ਜਾ ਸਕੇ। ਕੁਝ ਸਬਜ਼ੀਆਂ ਦਾ ਫੈਲਾਅ ਘੱਟ ਹੁੰਦਾ ਹੈ ਜਿਵੇਂ ਕਿ ਪਾਲਕ, ਲਸਣ, ਪਿਆਜ਼ ਅਤੇ ਇਹ ਸਬਜ਼ੀਆਂ ਘੱਟ ਥਾਂ ਘੇਰਦੀਆਂ ਹਨ ਜਿਨ੍ਹਾਂ ਸਬਜ਼ੀਆਂ ਦਾ ਫੈਲਾਅ ਜ਼ਿਆਦਾ ਹੁੰਦਾ ਹੈ ਤੇ ਉਨ੍ਹਾਂ ਸਬਜ਼ੀਆਂ ਵਿਚ ਵਧੇਰੇ ਫਾਸਲੇ ਦੀ ਲੋੜ ਹੁੰਦੀ ਹੈ। ਗਾਜਰ, ਮੂਲੀ, ਪੱਤਿਆਂ ਅਤੇ ਸਲਾਦ ਵਾਲੀਆਂ ਸਬਜ਼ੀਆਂ ਦੀ ਬਿਜਾਈ ਕੁਝ ਹਫ਼ਤਿਆਂ ਦੇ ਵਕਫੇ ਉੱਤੇ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਸਬਜ਼ੀਆਂ ਲਗਾਤਾਰ ਤਾਜ਼ੀਆਂ ਮਿਲਦੀਆਂ ਰਹਿਣ। ਟਮਾਟਰ, ਮਿਰਚ, ਬੈਂਗਣ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਤਣਾ ਕਮਜ਼ੋਰ ਹੋਣ ਕਰਕੇ ਇਨ੍ਹਾਂ ਦੇ ਤਣੇ ਉੱਤੇ ਮਿਟੀ ਚੜ੍ਹਾਉਣੀ ਚਾਹੀਦੀ ਹੈ ਅਤੇ ਰੱਸੀ ਨਾਲ ਸਹਾਰਾ ਦੇਣ ਦੀ ਲੋੜ ਹੁੰਦੀ ਹੈ।

### ਬੀਜ ਤਿਆਰ ਕਰਨਾ

*ਚੰਗਾ ਬੀਜ ਬਣਾਉਣ ਦੇ ਲਈ ਇਕ ਜਾਂ ਦੋ ਫਲ ਰੱਖੇ ਜਾ ਸਕਦੇ ਹਨ। ਬੀਜ ਕੱਢਣ ਤੋਂ ਬਾਅਦ ਇਕ ਜਾਂ ਦੋ ਦਿਨ ਲਈ ਛਾਂ ਵਿਚ ਸੁਕਾ ਲਵੋ ਅਤੇ ਲੇਬਲ ਕਰਨ ਤੋਂ ਬਾਅਦ ਕਾਗਜ਼ ਦੇ ਲਿਫ਼ਾਫ਼ਿਆਂ ਵਿਚ ਖੁਸ਼ਕ ਅਤੇ ਠੰਡੀ ਥਾਂ 'ਤੇ ਸਟੋਰ ਕਰ ਲਉ।*





### ਤੁੜਾਈ

*ਪੱਤੇਦਾਰ ਸਬਜ਼ੀਆਂ ਦੀ ਕਟਾਈ ਨਿਰਧਾਰਤ ਸਮੇਂ ਦੇ ਅੰਤਰਾਲ 'ਤੇ ਕਰੋ। ਕਟਾਈ ਵੇਲੇ ਇਹ ਧਿਆਨ ਰੱਖੋ ਕਿ ਵਧਣ ਵਾਲੇ ਹਿੱਸਿਆਂ ਨੂੰ ਤੁੜਾਈ ਵੇਲੇ ਕੋਈ ਨੁਕਸਾਨ ਨਾ ਪੁੱਜੇ। ਟਮਾਟਰ ਜਦੋਂ ਲਾਲ ਹੋ ਜਾਣ ਉਸ ਸਮੇਂ ਤੁੜਾਈ ਕਰੋ। ਮਟਰ, ਭਿੰਡੀ, ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ ਨਰਮ ਅਤੇ ਸਹੀ ਆਕਾਰ ਬਨਣ 'ਤੇ ਤੁੜਾਈ ਕਰੋ।*

## ਥਾਂ ਦੀ ਚੋਣ ਅਤੇ ਵਿਉਂਤਬੰਦੀ

ਬਗ਼ੀਚੀ ਨੂੰ ਘਰ ਦੇ ਦੱਖਣ ਵਾਲੇ ਪਾਸੇ ਲਗਾਉਣਾ ਚਾਹੀਦਾ ਹੈ ਤਾਂਕਿ ਸਾਰਾ ਦਿਨ ਰੋਸ਼ਨੀ ਦੀ ਪ੍ਰਾਪਤੀ ਰਹੇ। ਆਲੇ-ਦੁਆਲੇ ਕੋਈ ਦਰੱਖ਼ਤ ਨਹੀਂ ਹੋਣੇ ਚਾਹੀਦੇ। ਇਹ ਘਰ ਦੇ ਨੇੜੇ ਹੋਣਾ ਚਾਹੀਦਾ ਹੈ ਤਾਂ ਕਿ ਘਰ ਦੇ ਮੈਂਬਰ ਖਾਲੀ ਸਮੇਂ ਵਿਚ ਬਗ਼ੀਚੀ ਦੀ ਦੇਖਭਾਲ ਕਰ ਸਕਣ। ਪਾਣੀ ਦਾ ਸਰੋਤ ਨੇੜੇ ਹੋਣਾ ਚਾਹੀਦਾ ਹੈ। ਘਰੇਲੂ ਬਗ਼ੀਚੀ ਦੀ ਜ਼ਮੀਨ ਵਿਚ 2-3 ਕੁਇੰਟਲ ਕੰਪੋਸ਼ਟ ਜਾਂ ਰੂੜੀ ਦੀ ਖਾਦ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਬਣੀ ਰਹਿੰਦੀ ਹੈ। ਜੇਕਰ ਰੂੜੀ ਨਾ ਮਿਲੇ ਤਾਂ ਖਾਦਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

## ਫਸਲ਼ੀ ਚੱਕਰ ਤੇ ਪਾਣੀ

ਪਾਣੀ ਦਾ ਸਮੇਂ ਸਿਰ ਉਪਯੋਗ ਹੋਣਾ ਬਹੁਤ ਜ਼ਰੂਰੀ ਹੈ। ਸਬਜ਼ੀਆਂ ਦਾ ਜੀਵਨ ਚੱਕਰ ਛੋਟਾ ਹੋਣ ਕਰ ਕੇ ਇਕ ਸਾਲ ਵਿਚ ਇੱਕੋ ਜ਼ਮੀਨ ਦੇ ਟੁਕੜੇ 'ਤੇ ਤਿੰਨ ਵੱਖ-ਵੱਖ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ। ਤਜਵੀਜ਼ ਮਾਡਲ ਵਿਚ 13 ਫਸਲੀ ਲੜੀਆਂ ਹਨ ਜਿਨ੍ਹਾਂ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਕਾਇਮ ਰਹਿੰਦੀ ਹੈ ਅਤੇ ਨਾਲ ਹੀ ਕੀੜੇ-ਮਕੋੜੇ ਬਿਮਾਰੀਆਂ ਦੇ ਹਮਲੇ ਤੋਂ ਵੀ ਬਚਾ ਰਹਿੰਦਾ ਹੈ।

## ਬਿਮਾਰੀਆਂ, ਕੀੜਿਆਂ ਅਤੇ ਨਦੀਨਾਂ ਦੀ ਰੋਕਥਾਮ

ਘਰੇਲੂ ਬਗ਼ੀਚੀ ਵਿਚ ਗੋਡੀ ਕਰ ਕੇ ਨਦੀਨਾਂ ਦੀ ਰੋਕਥਾਮ ਕਰਨੀ ਚਾਹੀਦੀ ਹੈ। ਇਹੋ-ਜਿਹੀਆਂ ਕਿਸਮਾਂ ਦੀ ਬਿਜਾਈ ਕਰੋ ਜਿਹੜੀਆਂ ਰੋਗਾਂ ਨੂੰ ਸਹਿਣ ਦੀ ਸਮਰੱਥਾ ਰੱਖਦੀਆਂ ਹੋਣ ਤਾਂ ਜੋ ਘੱਟੋ-ਘੱਟ ਰਸਾਇਣਾਂ ਦੀ ਵਰਤੋਂ ਕੀਤੀ ਜਾ ਸਕੇ। ਕੀੜਿਆਂ ਦੇ ਹਮਲੇ ਦੌਰਾਨ ਇਨ੍ਹਾਂ ਨੂੰ ਹੱਥੀਂ ਫੜ ਕੇ ਨਸ਼ਟ ਕਰ ਦਿਉ। ਰਸ ਚੂਸਣ ਵਾਲੇ ਕੀੜਿਆਂ ਨੂੰ ਪਾਣੀ ਦਾ ਤੇਜ਼ ਸਪਰੇਅ ਕਰ ਕੇ ਵੀ ਕਾਬੂ ਕੀਤਾ ਜਾ ਸਕਦਾ ਹੈ। ਤੇਲ ਜਾਂ ਗਰੀਸ ਲਗਾ ਕੇ ਪੀਲੀ ਪੱਟੀ ਵਾਲੇ ਫੱਟੜਿਆਂ ਰਾਹੀ ਵੀ ਰਸ ਚੂਸਣ ਵਾਲੇ ਕੀੜਿਆਂ ਨੂੰ ਆਕਰਸ਼ਿਤ ਕਰ ਕੇ ਕਾਬੂ ਕੀਤਾ ਜਾ ਸਕਦਾ ਹੈ।

*ਮੋਬਾਈਲ: 94640-37325*

**ਉਦਮੀਆਂ ਨੂੰ ਸਮਾਂਬੱਧ ਪ੍ਰੋਤਸਾਹਨ ਰਾਸ਼ੀ ਜਾਰੀ ਕਰਨ ਦੀ ਦਿਸ਼ਾ ਵੱਲ ਨਾਇਬ ਸਰਕਾਰ ਦਾ ਵੱਡਾ ਕਦਮ**

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉਦਯੋਗ ਅਤੇ ਵਣਜ ਵਿਭਾਗ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ 670 ਲਾਭਪਾਤਰੀਆਂ ਨੂੰ ਜਾਰੀ ਕੀਤੇ 311.25 ਕਰੋੜ ਰੁਪਏ

**ਚੰਡੀਗੜ੍ਹ, 15 ਸਤੰਬਰ**
**-ਅਨੀਤਾ ਜਾਂਗੜਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਵੱਲੋਂ ਬਜਟ ਐਲਾਨ ਵਿੱਚ ਪ੍ਰੋਤਸਾਹਨਾਂ ਦੀ ਵੰਡ ਵਿੱਚ ਪਾਰਦਰਸ਼ਤਾ ਅਤੇ ਸਮਾਂਬੱਧਤਾ ਤਹਿਤ, ਐੱਮ.ਐੱਸ.ਐੱਮ.ਈ. ਡਾਇਰੈਕਟੋਰੇਟ ਅਤੇ ਉਦਯੋਗ ਤੇ ਵਣਜ ਡਾਇਰੈਕਟੋਰੇਟ ਦੀਆਂ ਵੱਖ-ਵੱਖ ਯੋਜਨਾਵਾਂ ਦੇ ਤਹਿਤ 670 ਲਾਭਪਾਤਰੀਆਂ ਨੂੰ ਕੁੱਲ 311 ਕਰੋੜ 25 ਲੱਖ ਰੁਪਏ ਦੀ ਪਹਿਲੀ ਪ੍ਰੋਤਸਾਹਨ ਰਾਸ਼ੀ ਈ-ਕੁਬੇਰ (ਕੋਸ਼ਾਗਾਰ) ਰਾਹੀਂ ਜਾਰੀ ਕੀਤੀ ਗਈ।

ਮੁੱਖ ਮੰਤਰੀ ਨੇ ਵੀਰਵਾਰ ਨੂੰ ਹਰਿਆਣਾ ਨਿਵਾਸ ਵਿਖੇ ਆਯੋਜਿਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਜਟ ਪੇਸ਼ ਕਰਦੇ ਸਮੇਂ ਇਹ ਐਲਾਨ ਕੀਤਾ ਗਿਆ ਸੀ ਕਿ ਇਨਵੈਸਟ ਹਰਿਆਣਾ ਪੋਰਟਲ 'ਤੇ ਅਰਜ਼ੀ ਜਮ੍ਹਾਂ ਕਰਾਉਣ ਅਤੇ ਜ਼ਰੂਰੀ ਜਾਂਚ ਪੂਰੀ ਹੋਣ ਤੋਂ ਬਾਅਦ ਯੋਗ ਪ੍ਰੋਤਸਾਹਨ ਰਾਸ਼ੀ ਦਾ 50 ਫੀਸਦੀ 7 ਕਾਰਜਕਾਰੀ ਦਿਨਾਂ ਦੇ ਅੰਦਰ ਅਗਾਊਂ ਰੂਪ ਵਿੱਚ ਜਾਰੀ ਕੀਤਾ ਜਾਵੇਗਾ। ਬਾਕੀ 50 ਫੀਸਦੀ ਯੋਗ ਪ੍ਰੋਤਸਾਹਨ ਰਾਸ਼ੀ ਅਰਜ਼ੀ ਦੀ ਵਿਸਤ੍ਰਿਤ ਜਾਂਚ ਪੂਰੀ ਹੋਣ ਤੋਂ ਬਾਅਦ 45 ਕੰਮ ਵਾਲੇ ਦਿਨਾਂ ਦੇ ਅੰਦਰ ਜਾਰੀ ਕੀਤੀ ਜਾਵੇਗੀ। ਇਸ ਵਚਨਬੱਧਤਾ ਨੂੰ ਦੁਹਰਾਉਂਦਿਆਂ ਸੂਬਾ ਸਰਕਾਰ ਪ੍ਰੋਤਸਾਹਨਾਂ ਦੀ ਸਮਾਂਬੱਧ ਵੰਡ, ਉਦਮੀਆਂ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰਨ ਅਤੇ ਹਰਿਆਣਾ ਵਿੱਚ ਐੱਮ.ਐੱਸ.ਐੱਮ.ਈ. ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਵਚਨਬੱਧਤਾ ਮੁਤਾਬਕ ਪ੍ਰੋਤਸਾਹਨਾਂ ਦਾ ਸਮੇਂ ਸਿਰ ਜਾਰੀ ਹੋਣਾ ਉਦਯੋਗਾਂ ਲਈ ਬਹੁਤ ਮਹੱਤਵਪੂਰਨ ਹੈ।



ਹਰਿਆਣਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ, ਰੁਜ਼ਗਾਰ ਪੈਦਾ ਕਰਨ ਅਤੇ ਸੂਬੇ ਦੇ ਲੋਕਾਂ ਲਈ ਮੌਕੇ ਪੈਦਾ ਕਰਨ ਵਿੱਚ ਸੂਖਮ, ਲਘੂ ਅਤੇ ਮੱਧਮ ਉਦਯੋਗਾਂ (ਐੱਮ.ਐੱਸ.ਐੱਮ.ਈ.), ਮੇਗਾ ਅਤੇ ਵੱਡੇ ਉਦਯੋਗਾਂ ਦੀ ਅਹਿਮ ਭੂਮਿਕਾ ਹੈ। ਅ

ੱਜ ਜਾਰੀ ਕੀਤੀ ਗਈ ਪ੍ਰੋਤਸਾਹਨ ਰਾਸ਼ੀ ਵਿੱਚ ਐੱਮ.ਐੱਸ.ਐੱਮ.ਈ. ਵਿਭਾਗ ਦੀ 'ਹਰਿਆਣਾ ਉਦਮ ਅਤੇ ਰੁਜ਼ਗਾਰ ਨੀਤੀ ਤਹਿਤ 539 ਲਾਭਪਾਤਰੀਆਂ ਨੂੰ 45.44 ਕਰੋੜ ਰੁਪਏ, ਲੌਜਿਸਟਿਕਸ, ਵੇਅਰਹਾਊਸਿੰਗ ਅਤੇ ਰਿਟੇਲ ਨੀਤੀ ਤਹਿਤ 4 ਲਾਭਪਾਤਰੀਆਂ ਨੂੰ 9.29 ਕਰੋੜ ਰੁਪਏ, ਜਦੋਂ ਕਿ ਉਦਯੋਗ ਡਾਇਰੈਕਟੋਰੇਟ ਦੀ ਹਰਿਆਣਾ ਉਦਮ ਤੇ ਰੁਜ਼ਗਾਰ ਨੀਤੀ ਦੇ ਤਹਿਤ 16 ਲਾਭਪਾਤਰੀਆਂ ਨੂੰ 144.16 ਕਰੋੜ ਰੁਪਏ ਦੀ ਰਾਸ਼ੀ ਸ਼ਾਮਲ ਹੈ।

ਇਸ ਤੋਂ ਇਲਾਵਾ, 'ਪਲੱਗ ਐਂਡ ਪਲੇਅ' ਯੋਜਨਾ ਤਹਿਤ 10 ਲਾਭਪਾਤਰੀਆਂ ਨੂੰ 24.53 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ। ਉੱਥੇ ਹੀ, ਆਤਮਨਿਰਭਰ ਟੈਕਸਟਾਈਲ ਨੀਤੀ ਤਹਿਤ 98 ਲਾਭਪਾਤਰੀਆਂ ਨੂੰ 65.18 ਕਰੋੜ ਰੁਪਏ, 'ਪ੍ਰੋਗਰਾਮ ਟੂ ਐਕਸਲਰੇਟ ਡਿਵੈਲਪਮੈਂਟ ਫਾਰ ਐੱਮ.ਐੱਸ.ਐੱਮ.ਈ. ਐਡਵਾਂਸਮੈਂਟ' ਤਹਿਤ 2 ਲਾਭਪਾਤਰੀਆਂ ਨੂੰ 20.54 ਕਰੋੜ ਰੁਪਏ ਅਤੇ ਐੱਮ.ਐੱਸ.ਈ. ਕਲੱਸਟਰ ਵਿਕਾਸ ਪ੍ਰੋਗਰਾਮ ਤਹਿਤ ਇੱਕ ਕਲੱਸਟਰ ਵਿਕਾਸ ਲਈ 2.11 ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ।

ਉਦਯੋਗ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਭਰ ਦੇ ਉਦਯੋਗਾਂ ਲਈ ਵੱਖ-ਵੱਖ ਯੋਜਨਾਵਾਂ ਅਤੇ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਵਿੱਚ ਪ੍ਰੋਤਸਾਹਨਾਂ ਦੀ ਸਮਾਂਬੱਧ ਵੰਡ, ਪਾਰਦਰਸ਼ੀ ਪ੍ਰਕਿਰਿਆ ਅਤੇ ਯੋਗ ਲਾਭਪਾਤਰੀਆਂ ਨੂੰ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਵਿਭਾਗ ਪੂਰੇ ਹਰਿਆਣਾ ਵਿੱਚ ਉੱਦਮੀਆਂ ਅਤੇ ਸੂਖਮ, ਲਘੂ ਅਤੇ ਮੱਧਮ ਉਦਯੋਗਾਂ (ਐੱਮ.ਐੱਸ.ਐੱਮ.ਈ.), ਮੇਗਾ ਅਤੇ ਵੱਡੇ ਉਦਯੋਗਾਂ ਨੂੰ ਸਹਿਯੋਗ ਪ੍ਰਦਾਨ ਕਰਨ ਅਤੇ ਵੱਖ-ਵੱਖ ਨੀਤੀਆਂ ਤਹਿਤ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਯੋਗ ਲਾਭਪਾਤਰੀਆਂ ਤੱਕ ਸਮੇਂ ਸਿਰ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਿਹਾ ਹੈ।

# 15 ਸਤੰਬਰ 2026 ਤੱਕ ਜਾਰੀ ਰਹਿਣਗੇ ਖੇਡ ਮੁਕਾਬਲੇ



**ਫਾਜ਼ਿਲਕਾ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਖੇਡਾਂ ਦੇ ਪੱਧਰ ਨੂੰ ਉੱਚਾ ਚੱਕਣ, ਨੌਜਵਾਨਾਂ ਵਿੱਚ ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨਾ ਦੇ ਨਾਲ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨ ਅਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਸਿਰਤੋੜ ਯਤਨ ਕਰ ਰਹੀ ਹੈ। ਇਸੇ ਤਹਿਤ ਹੀ ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਹੋਈ ਤੇ ਅੱਜ ਪਹਿਲੇ ਦਿਨ ਬਲਾਕ ਫਾਜ਼ਿਲਕਾ, ਅਬੋਹਰ ਅਤੇ ਖੂਈਆਂ ਸਰਵਰ ਦੇ ਖੇਡ ਮੁਕਾਬਲੇ ਹੋਏ ਜੋ ਕਿ12 ਸਤੰਬਰ 2026 ਤੱਕ ਕਰਵਾਏ ਜਾਣਗੇ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫਸਰ ਸ. ਰੁਪਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮਿਤੀ 13 ਸਤੰਬਰ ਤੋਂ 15 ਸਤੰਬਰ 2026 ਤੱਕ ਬਲਾਕ ਜਲਾਲਾਬਾਦ ਅਤੇ ਅਰਨੀਵਾਲਾ ਸੇ ?ਖ ਸੁਭਾਨ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਅੰਡਰ: 14 ਤੋਂ 70 ਸਾਲ ਤੋਂ ਵੱਧ ਉਮਰ ਦੇ ਲੜਕੇ-ਲੜਕੀਆਂ, ਮਹਿਲਾ-ਪੁਰਸ਼ ਗੇਮ ਐਥਲੈਟਿਕਸ, ਫੁੱਟਬਾਲ, ਕਬੱਡੀ(ਨ.ਸ), ਕਬੱਡੀ(ਸ.ਸ), ਖੋਹ-ਖੋਹ, ਵਾਲੀਬਾਲ (ਸਮੈਸਿਗ), ਵਾਲੀਬਾਲ (ਸੂਟਿੰਗ) ਵਿੱਚ ਭਾਗ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਾ ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ਜਾਂ ਪੰਜਾਬ ਦੇ ਕਿਸੇ ਵਿਦਿਅਕ ਅਦਾਰੇ ਵਿੱਚ ਪੜਦਾ ਹੋਣਾ ਚਾਹੀਦਾ ਹੈ। ਉਸ ਕੋਲ ਸਬੂਤ ਲਈ ਰਿਹਾਇਸ਼ੀ ਸਰਟੀਫਿਕੇਟ ਜਾਂ ਪੰਜਾਬ ਦਾ ਆਧਾਰ ਕਾਰਡ ਜਾਂ ਵਿਦਿਅਕ ਅਦਾਰੇ ਦਾ ਆਈ.ਡੀ ਕਾਰਡ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਖਿਡਾਰੀ ਨੂੰ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਬੱਸ ਕਿਰਾਇਆ ਨਹੀਂ ਦਿੱਤਾ ਜਾਵੇਗਾ। ਇਨ੍ਹਾਂ ਖੇਡਾਂ ਸਬੰਧੀ ਖੇਡ ਵੈਨਿਊ ਅਤੇ ਸ਼ਡਿਊਲ ਦਫਤਰ ਡਿਪਟੀ ਕਮਿਸ਼ਨਰ ਫਾਜਿਲਕਾ ਦੀ ਵੈੱਬ ਸਾਈਟ ਤੇ ਉਪਲੱਬਧ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਲਾਕ ਪੱਧਰੀ ਟੂਰਨਾਮੈਂਟ ਦੇ ਸਬੰਧ ਵਿੱਚ ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਕਰਮਚਾਰੀ ਜਤਿੰਦਰ ਸਿੰਘ ਸੀਨੀਅਰ ਸਹਾਇਕ ਨਾਲ ਮੋਬਾਇਲ ਨੰ: 98887-88785 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਾਥਮਿਕਤਾ ਖੇਤਰ ਦੇ ਲਾਭਪਾਤਰੀਆਂ ਦੀਆਂ ਕਰਜ਼ਾ ਅਰਜ਼ੀਆਂ ਦਾ ਸਮੇਂ ਸਿਰ ਅਤੇ ਤੁਰੰਤ ਨਿਪਟਾਰਾ ਯਕੀਨੀ ਬਣਾਉਣ ਬੈਂਕ: ਵਧੀਕ ਡਿਪਟੀ ਕਮਿਸ਼ਨਰ

**ਫਾਜ਼ਿਲਕਾ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਫਾਜ਼ਿਲਕਾ ਲਈ 30 ਜੂਨ 2026 ਨੂੰ ਸਮਾਪਤ ਤਿਮਾਹੀ ਨਾਲ ਸਬੰਧਤ 57ਵੀਂ ਜ਼ਿਲ੍ਹਾ ਸਲਾਹਕਾਰ ਕਮੇਟੀ (ਡੀ.ਸੀ.ਸੀ) ਅਤੇ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ (ਡੀ.ਐਲ.ਆਰ.ਸੀ) ਦੀ ਮੀਟਿੰਗ ਡਿਪਟੀ ਕਮਿਸ਼ਨਰ ਦਫ਼ਤਰ, ਫਾਜ਼ਿਲਕਾ ਵਿਖੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਾਜ਼ਿਲਕਾ ਸ਼੍ਰੀ ਜਗਵਿੰਦਰਜੀਤ ਸਿੰਘ ਗਰੇਵਾਲ, ਦੀ ਪ੍ਰਧਾਨਗੀ ਹੇਠ ਹੋਈ।




ਮੀਟਿੰਗ ਦਾ ਸੰਚਾਲਨ ਲੀਡ ਜ਼ਿਲ੍ਹਾ ਮੈਨੇਜਰ (ਐਲ.ਡੀ.ਐਮ) ਫਾਜ਼ਿਲਕਾ ਸ਼੍ਰੀ ਬਿਸਵਜੀਤ ਮੈਤਰਾ ਵੱਲੋਂ ਕੀਤਾ ਗਿਆ। ਮੀਟਿੰਗ ਵਿੱਚ ਸਹਾਇਕ ਜਨਰਲ ਮੈਨੇਜਰ, ਭਾਰਤੀ ਰਿਜ਼ਰਵ ਬੈਂਕ ਸ਼੍ਰੀ ਮਨਦੀਪ ਐਸ. ਵਾਲੀਆ, ਜ਼ਿਲ੍ਹਾ ਵਿਕਾਸ ਮੈਨੇਜਰ ਨਾਬਾਰਡ ਸ਼੍ਰੀ ਪ੍ਰਸ਼ਾਂਤ ਬਲੋਦਾ, ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਅਤੇ ਜ਼ਿਲ੍ਹੇ ਵਿੱਚ ਕੰਮ ਕਰ ਰਹੇ ਬੈਂਕਾਂ ਦੇ ਜ਼ਿਲ੍ਹਾ ਕੋਆਰਡੀਨੇਟਰਾਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੀ ਗਰੇਵਾਲ, ਏ.ਡੀ.ਸੀ. (ਵਿਕਾਸ) ਨੇ ਪ੍ਰਾਥਮਿਕਤਾ ਖੇਤਰ ਅਧੀਨ ਵੱਖ-ਵੱਖ ਸਰਕਾਰੀ ਸਕੀਮਾਂ ਦੇ ਲਾਭਪਾਤਰੀਆਂ ਦੀਆਂ ਕਰਜ਼ਾ ਅਰਜ਼ੀਆਂ ਦਾ ਸਮੇਂ ਸਿਰ ਅਤੇ ਤੁਰੰਤ ਨਿਪਟਾਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਬੈਂਕਾਂ ਨੂੰ ਹਦਾਇਤ ਕੀਤੀ ਕਿ ਯੋਗ ਲਾਭਪਾਤਰੀਆਂ ਨੂੰ ਸੰਸਥਾਗਤ ਕਰਜ਼ਾ ਪ੍ਰਾਪਤ ਕਰਨ ਵਿੱਚ ਬੇਲੋੜੀ ਦੇਰੀ ਨਾ ਹੋਵੇ ਅਤੇ ਬੈਂਕਾਂ ਤੇ ਸਰਕਾਰੀ ਵਿਭਾਗਾਂ ਵਿਚਕਾਰ ਬਿਹਤਰ ਤਾਲਮੇਲ ਯਕੀਨੀ ਬਣਾਇਆ ਜਾਵੇ

ਸ਼੍ਰੀ ਬਿਸਵਜੀਤ ਮੈਤਰਾ ਨੇ ਜ਼ਿਲ੍ਹੇ ਵਿੱਚ ਪ੍ਰਾਥਮਿਕਤਾ ਖੇਤਰ ਕਰਜ਼ਾ ਅਧੀਨ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਵੱਖ-ਵੱਖ ਏਜੰਡਾ ਬਿੰਦੂਆਂ 'ਤੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਵੱਲੋਂ ਵੱਖ-ਵੱਖ ਕਰਜ਼ਾ-ਅਧਾਰਿਤ ਸਰਕਾਰੀ ਸਕੀਮਾਂ ਅਤੇ ਵਿੱਤੀ ਸਮਾਵੇਸ਼ ਨਾਲ ਸਬੰਧਤ ਪਹਿਲਕਦਮੀਆਂ ਦੀ ਪ੍ਰਗਤੀ ਬਾਰੇ ਵੀ ਸਮੀਖਿਆ ਕੀਤੀ ਗਈ।

ਇਸ ਮੌਕੇ ਏ.ਜੀ.ਐਮ ਆਰ.ਬੀ.ਆਈ, ਸ਼੍ਰੀ ਮਨਦੀਪ ਐਸ. ਵਾਲੀਆ, ਨੈਸ਼ਨਲ ਸਟ੍ਰੈਟਜੀ ਫਾਰ ਫਾਇਨੈਂਸ਼ੀਅਲ ਇਨਕਲੂਜ਼ਨ ਅਧੀਨ ਹਰੇਕ ਪਿੰਡ/ਰੈਵਨਿਊ ਸੈਂਟਰ ਵਿੱਚ ਬਿਜ਼ਨਸ ਕਰਸਪਾਂਡੈਂਟ ਏਜੰਟਸ ਖਾਸ ਕਰਕੇ ਮਹਿਲਾ ਦੀ ਪ੍ਰਭਾਵਸ਼ਾਲੀ ਤਾਇਨਾਤੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਬੈਂਕਾਂ ਨੂੰ ਦੇ ਕੰਮਕਾਜ ਦੀ ਨਿਯਮਤ ਅਤੇ ਪ੍ਰਭਾਵਸ਼ਾਲੀ ਨਿਗਰਾਨੀ ਯਕੀਨੀ ਬਣਾਉਣ ਦੀ ਸਲਾਹ ਦਿੱਤੀ, ਤਾਂ ਜੋ ਪੇਂਡੂ ਖੇਤਰਾਂ ਵਿੱਚ ਬੈਂਕਿੰਗ ਸੇਵਾਵਾਂ ਦੀ ਪ੍ਰਭਾਵਸ਼ਾਲੀ ਪਹੁੰਚ ਯਕੀਨੀ ਹੋ ਸਕੇ।

ਉਨ੍ਹਾਂ ਪੇਂਡੂ ਬੈਂਕ ਸ਼ਾਖਾਵਾਂ ਵੱਲੋਂ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਯਮਤ ਤੌਰ 'ਤੇ ਵਿੱਤੀ ਸਾਖਰਤਾ ਕੈਂਪ ਲਗਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਇਨ੍ਹਾਂ ਕੈਂਪਾਂ ਰਾਹੀਂ ਲੋਕਾਂ ਨੂੰ ਡਿਜੀਟਲ ਬੈਂਕਿੰਗ, ਸਰਕਾਰੀ ਸਮਾਜਿਕ ਸੁਰੱਖਿਆ ਸਕੀਮਾਂ, ਸੁਰੱਖਿਅਤ ਬੈਂਕਿੰਗ ਅਭਿਆਸ ਅਤੇ ਵਿੱਤੀ ਧੋਖਾਧੜੀ ਤੋਂ ਬਚਾਅ ਸਬੰਧੀ ਜਾਗਰੂਕ ਕਰਨ 'ਤੇ ਵਿਸ਼ੇਸ਼ ਧਿਆਨ ਦੇਣ ਦੀ ਗੱਲ ਕੀਤੀ ਗਈ। ਮੀਟਿੰਗ ਦੇ ਅੰਤ ਵਿੱਚ ਏ.ਡੀ.ਸੀ. (ਵਿਕਾਸ) ਸ਼੍ਰੀ ਜਗਵਿੰਦਰਜੀਤ ਸਿੰਘ ਗਰੇਵਾਲ, ਨੇ ਜ਼ਿਲ੍ਹੇ ਵਿੱਚ ਵੱਖ-ਵੱਖ ਵਿਕਾਸਮੁਖੀ ਅਤੇ ਵਿੱਤੀ ਸਮਾਵੇਸ਼ ਸਕੀਮਾਂ ਨੂੰ ਲਾਗੂ ਕਰਨ ਵਿੱਚ ਬੈਂਕਾਂ ਅਤੇ ਸਰਕਾਰੀ ਵਿਭਾਗਾਂ ਵੱਲੋਂ ਕੀਤੀ ਜਾ ਰਹੀ ਮਹੱਤਵਪੂਰਨ ਪ੍ਰਗਤੀ ਦੀ ਸ਼ਲਾਘਾ ਕੀਤੀ। ਉਨ੍ਹਾਂ ਸਾਰੇ ਸਬੰਧਤ ਵਿਭਾਗਾਂ ਅਤੇ ਬੈਂਕਾਂ ਨੂੰ ਯੋਗ ਲਾਭਪਾਤਰੀਆਂ ਤੱਕ ਸੰਸਥਾਗਤ ਕਰਜ਼ੇ ਅਤੇ ਸਰਕਾਰੀ ਸਕੀਮਾਂ ਦਾ ਲਾਭ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣ ਲਈ ਸਾਂਝੇ ਯਤਨ ਜਾਰੀ ਰੱਖਣ ਦੀ ਅਪੀਲ ਕੀਤੀ।

# ਫੁਲਕਾਰੀ ਗਰਲ-ਕਮ-ਸਵੀਪ ਆਈਕਨ ਮਨਪ੍ਰੀਤ ਕੌਰ ਨੇ ਨੌਜਵਾਨ ਵੋਟਰਾਂ ਨੂੰ ਨਵੀਆਂ ਵੋਟਾਂ ਬਣਾਉਣ ਲਈ ਕੀਤਾ ਪ੍ਰੇਰਿਤ




**ਤਰਨਤਾਰਨ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ ਆਈ ਆਰ ਤਹਿਤ ਜ਼ਿਲ੍ਹਾ ਤਰਨ ਤਾਰਨ ਵਿੱਚ ਨਵੀਆਂ ਵੋਟਾਂ ਬਣਾਉਣ ਦਾ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਮੁਹਿੰਮ ਨੂੰ ਉਸ ਵੇਲੇ ਵੱਡਾ ਹੁਲਾਰਾ ਮਿਲਿਆ ਜਦੋਂ ਦੁਨੀਆ ਭਰ ਵਿੱਚ 'ਫੁਲਕਾਰੀ ਗਰਲ' ਦੇ ਨਾਂ ਨਾਲ ਜਾਣੇ ਜਾਂਦੇ ਜ਼ਿਲ੍ਹਾ ਤਰਨ ਤਾਰਨ ਦੇ ਸਵੀਪ ਆਈਕਨ ਮੈਡਮ ਮਨਪ੍ਰੀਤ ਕੌਰ ਨੇ ਅੱਜ ਨੌਜਵਾਨ ਵੋਟਰਾਂ ਨੂੰ ਨਵੀਆਂ ਵੋਟਾਂ ਬਣਾਉਣ ਲਈ ਪ੍ਰੇਰਿਤ ਕੀਤਾ।

ਇਸ ਸਬੰਧੀ ਅੱਜ ਉਹ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਦੇ ਦਫ਼ਤਰ ਪਹੁੰਚੇ, ਜਿੱਥੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)-ਕਮ-ਨੋਡਲ ਅਫ਼ਸਰ ਸਵੀਪ ਰਜਿੰਦਰ ਕੌਰ ਵੱਲੋਂ ਸਮੁੱਚੀ ਐਸ.ਆਈ.ਆਰ ਟੀਮ ਦੇ ਨਾਲ ਉਨ੍ਹਾਂ ਦਾ ਪੂਰੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ਐਸ.ਆਈ.ਆਰ ਟੀਮ ਨਾਲ ਗੱਲਬਾਤ ਕਰਦਿਆਂ ਸਵੀਪ ਆਈਕਨ ਮਨਪ੍ਰੀਤ ਕੌਰ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਵੋਟ ਦੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਦੇ ਉੱਜਵਲ ਭਵਿੱਖ ਦੀ ਕਾਮਨਾ ਨੌਜਵਾਨਾਂ ਦੇ ਮਜ਼ਬੂਤ ਇਰਾਦਿਆਂ ਅਤੇ ਅਗਾਂਹਵਧੂ ਸੋਚ ਨਾਲ ਹੀ ਕੀਤੀ ਜਾ ਸਕਦੀ ਹੈ।

ਇਸ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਪ੍ਰੇਰਿਤ ਕਰਕੇ ਉਨ੍ਹਾਂ ਦੀਆਂ ਨਵੀਆਂ ਵੋਟਾਂ ਬਣਵਾਈਆਂ ਜਾਣ ਤਾਂ ਜੋ ਉਹ ਦੇਸ਼ ਦੇ ਨਿਰਮਾਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਸਕਣ।

ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਰਜਿੰਦਰ ਕੌਰ ਨੇ ਕਿਹਾ ਕਿ 'ਫੁਲਕਾਰੀ ਗਰਲ' ਵੱਲੋਂ ਨੌਜਵਾਨਾਂ ਨੂੰ ਕੀਤੀ ਗਈ ਇਸ ਪ੍ਰੇਰਨਾ ਨਾਲ ਨਵੀਆਂ ਵੋਟਾਂ ਬਣਾਉਣ ਦੀ ਮੁਹਿੰਮ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਨੇ ਇਸ ਵਿਸ਼ੇਸ਼ ਮਿਲਣੀ ਲਈ ਉਨ੍ਹਾਂ ਦਾ ਦਿਲੋਂ ਧੰਨਵਾਦ ਵੀ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵਲੋਂ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ

**ਬਠਿੰਡਾ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਕੈਬਿਨੇਟ ਮੰਤਰੀ ਖੇਤੀਬਾੜੀ ਅਤੇ ਕਿਸਾਨ ਭਲਾਈ, ਪੰਜਾਬ ਸਰਕਾਰ ਨੇ ਦਫ਼ਤਰ ਡਿਪਟੀ ਕਮਿਸ਼ਨਰ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਦੀ ਅਗਵਾਈ ਕੀਤੀ।



ਮੀਟਿੰਗ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਸਾਰੇ ਵਿਧਾਨ ਸਭਾ ਹਲਕੇ ਰਾਮਪੁਰਾ, ਭੁੱਚੋ ਮੰਡੀ, ਬਠਿੰਡਾ (ਸ਼ਹਿਰੀ), ਬਠਿੰਡਾ (ਦਿਹਾਤੀ), ਤਲਵੰਡੀ ਸਾਬੋ ਅਤੇ ਮੌੜ ਦੇ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ, ਪੁਲਸ ਅਤੇ ਸਿਵਿਲ ਪ੍ਰਸ਼ਾਸਨ ਅਧਿਕਾਰੀਆਂ ਨੇ ਨਸ਼ਿਆਂ ਖਿਲਾਫ਼ ਕੀਤੀ ਜਾ ਰਹੀ ਕਾਰਵਾਈ ਬਾਰੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਬੋਲਦਿਆਂ ਮੰਤਰੀ ਸ.ਖੁੱਡੀਆਂ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਤਹਿਤ ਜ਼ਿਲ੍ਹਾ ਬਠਿੰਡਾ 'ਚ 3248 ਕੇਸ ਦਰਜ ਕੀਤੇ ਗਏ ਹਨ ਅਤੇ 4593 ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਚ ਵਿਲੇਜ ਡਿਫੈਂਸ ਕਮੇਟੀ ਅਤੇ ਸੇਫ ਪੰਜਾਬ ਹੈਲਪਲਾਈਨ ਰਾਹੀਂ ਨਸ਼ਿਆਂ ਸਬੰਧੀ ਮਿਲੀ ਸੂਚਨਾ ਦੇ ਆਧਾਰ 'ਤੇ ਵੀ ਕਾਰਵਾਈ ਕੀਤੀ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਅਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਸਮਾਜਿਕ ਸਾਂਝ ਹੋਣੀ ਜ਼ਰੂਰੀ ਹੈ ਤਾਂ ਜੋ ਨਸ਼ਿਆਂ ਦੀ ਇਸ ਅੱਗ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਣ ਤੋਂ ਰੋਕਿਆ ਜਾ ਸਕੇ। ਸਰਕਾਰ ਜਿੱਥੇ ਨਸ਼ਾ ਤਸਕਰੀ 'ਤੇ ਨਕੇਲ ਕਸ ਰਹੀ ਹੈ, ਉੱਥੇ ਹੀ ਨਸ਼ਾ ਪੀੜਤਾਂ ਦੇ ਇਲਾਜ ਲਈ ਵੀ ਵਚਨਬੱਧ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਕਿ ਨਸ਼ਾ ਤਸਕਰਾਂ ਉੱਪਰ ਪੂਰੀ ਲਗਾਮ ਕਸੀ ਜਾਵੇ ਅਤੇ ਨਸ਼ਾ ਮੁਕਤੀ ਮੋਰਚੇ ਦੀ ਟੀਮ ਦੀ ਫੀਡਬੈਕ ਉਪਰ ਅਮਲੀ ਰੂਪ ਵਿਚ ਕੰਮ ਕੀਤਾ ਜਾਵੇ। ਪਿੰਡਾਂ ਵਿੱਚ 'ਵਿਲੇਜ ਡਿਫੈਂਸ ਕਮੇਟੀਆਂ' ਸਰਗਰਮੀ ਨਾਲ ਨਿਗਰਾਨੀ ਕਰ ਰਹੀਆਂ ਹਨ ਤਾਂ ਜੋ ਕੋਈ ਵੀ ਅਸਮਾਜਿਕ ਅਨਸਰ ਭੋਲੇ-ਭਾਲੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਨਸ਼ਿਆਂ ਦੇ ਦਲਦਲ ਵਿੱਚ ਨਾ ਧੱਕ ਸਕੇ।

ਇਸ ਮੌਕੇ ਮੁਹਿੰਮ ਦੇ ਮਾਲਵਾ ਜ਼ੋਨ ਦੇ ਕੋਆਰਡੀਨੇਟਰ ਸ਼੍ਰੀ ਚੁੱਸ਼ਪਿੰਦਰ ਸਿੰਘ ਚਾਹਲ ਨੇ ਸਾਂਝਾ ਹੰਭਲਾ ਮਾਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪਿਛਲੇ ਡੇਢ ਸਾਲ ਤੋਂ ਜ਼ਿਲ੍ਹੇ ਦੇ ਹਰ ਹਿੱਸੇ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਯਤਨ ਕੀਤੇ ਗਏ ਹਨ, ਜਿਨ੍ਹਾਂ ਦੇ ਬਹੁਤ ਵਧੀਆ ਅਤੇ ਹਾਂ-ਪੱਖੀ ਨਤੀਜੇ ਸਾਹਮਣੇ ਆਏ ਹਨ।

ਸ਼੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵਿਸ਼ੇਸ਼ ਸੈਮੀਨਾਰ ਪਿਛਲੇ ਸਮੇਂ ਲਗਵਾਏ ਗਏ ਹਨ। ਇਸ ਮੌਕੇ ਐੱਸ.ਐੱਸ.ਪੀ. ਸ਼੍ਰੀ ਸੁਹੇਲ ਕਾਸਿਮ ਮੀਰ ਨੇ ਪੁਲਿਸ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਅਤੇ ਵਿਸ਼ਵਾਸ ਦਿਵਾਇਆ ਕਿ ਇਸ ਮੁਹਿੰਮ ਤਹਿਤ ਹੋਰ ਸਰਗਰਮੀ ਨਾਲ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਸ਼ੇ ਸਬੰਧੀ ਸੂਚਨਾ ਦੇਣ ਵਾਲੇ ਨਾਗਰਿਕਾਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ।

ਇਸ ਮੌਕੇ ਵਿਧਾਇਕ ਮੌੜ ਸੁਖਵੀਰ ਸਿੰਘ ਮਾਈਸਰਖਾਨਾ, ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਦੇ ਹਲਕਾ ਇੰਚਾਰਜ ਗੋਪਾਲ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਨਸ਼ਾ ਮੁਕਤੀ ਮੁਹਿੰਮ ਦੇ ਜ਼ਿਲ੍ਹਾ ਕੁਆਰਡੀਨੇਟਰ ਗੁਰਸੇਵਕ ਸਿੰਘ ਬਾਂਡੀ, ਉਪ ਮੰਡਲ ਮੈਜਿਸਟਰੇਟ ਬਠਿੰਡਾ ਅਮਨਦੀਪ ਸਿੰਘ ਮਾਵੀ ਤੋਂ ਇਲਾਵਾ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਅਧਿਕਾਰੀ ਆਦਿ ਹਾਜ਼ਰ ਸਨ।

# ਦੁਗਰੀ ਅਤੇ ਅਹਿਮਦਪੁਰ ਵਿਖੇ ਵਿਧਾਇਕ ਦਿਨੇਸ਼ ਚੱਢਾ ਨੇ ਕੀਤੀ ਲੋਕ ਮਿਲਣੀ

**ਰੂਪਨਗਰ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਸ਼ੁਰੂ ਕੀਤੀ ਗਈ ਲੋਕ ਮਿਲਣੀਆਂ ਦੀ ਕੜੀ ਤਹਿਤ ਪਿੰਡ ਦੁਗਰੀ ਅਤੇ ਅਹਿਮਦਪੁਰ ਵਿਖੇ ਲੋਕ ਮਿਲਣੀ ਕੀਤੀ ਗਈ।



ਇਸ ਮੌਕੇ ਵਿਧਾਇਕ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਨਿੱਜੀ ਅਤੇ ਸਾਂਝੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਲੋਕਾਂ ਵੱਲੋਂ ਰੱਖੇ ਗਏ ਵੱਖ-ਵੱਖ ਮਾਮਲਿਆਂ ਵਿੱਚੋਂ ਕਈ ਦਾ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਨਿਪਟਾਰਾ ਕਰਵਾਇਆ ਗਿਆ।

ਲੋਕ ਮਿਲਣੀ ਦੌਰਾਨ ਵਿਧਾਇਕ ਦਿਨੇਸ਼ ਚੱਢਾ ਨੇ ਦੁਗਰੀ ਅਤੇ ਅਹਿਮਦਪੁਰ ਦੀਆਂ ਪੰਚਾਇਤਾਂ ਨੂੰ ਪਿੰਡਾਂ ਵਿੱਚ ਲੋੜੀਂਦੇ ਵਿਕਾਸ ਕਾਰਜ ਕਰਵਾਉਣ ਲਈ 2-2 ਲੱਖ ਰੁਪਏ ਦੇ ਚੈੱਕ ਵੀ ਭੇਟ ਕੀਤੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਨਾਲ ਜੁੜੇ ਕੰਮਾਂ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਤ ਰੱਖਣ ਦੀ ਬਜਾਏ ਜ਼ਮੀਨੀ ਪੱਧਰ 'ਤੇ ਅਮਲ ਵਿੱਚ ਲਿਆਉਣਾ ਜ਼ਰੂਰੀ ਹੈ।

ਵਿਧਾਇਕ ਨੇ ਕਿਹਾ ਕਿ ਲੋਕ ਮਿਲਣੀਆਂ ਦਾ ਮਕਸਦ ਸਿਰਫ਼ ਲੋਕਾਂ ਦੀਆਂ ਗੱਲਾਂ ਸੁਣਨਾ ਨਹੀਂ, ਸਗੋਂ ਉਨ੍ਹਾਂ ਦੀਆਂ ਮੁਸ਼ਕਿਲਾਂ ਲਈ ਸਹੀ ਰਾਹ ਲੱਭ ਕੇ ਤੁਰੰਤ ਕਾਰਵਾਈ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਲੋਕਾਂ ਨੂੰ ਆਪਣੀ ਗੱਲ ਰੱਖਣ ਲਈ ਕਿਸੇ ਦਫ਼ਤਰ ਦੇ ਕਈ ਚੱਕਰ ਨਾ ਲਗਾਉਣੇ ਪੈਣ ਅਤੇ ਉਨ੍ਹਾਂ ਦੇ ਮਸਲੇ ਉਨ੍ਹਾਂ ਦੇ ਆਪਣੇ ਪਿੰਡ ਵਿੱਚ ਸੁਣੇ ਜਾਣ, ਤਾਂ ਪ੍ਰਸ਼ਾਸਨ ਅਤੇ ਲੋਕਾਂ ਵਿਚਕਾਰ ਭਰੋਸਾ ਹੋਰ ਮਜ਼ਬੂਤ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਦੀ ਲੋੜ ਨੂੰ ਸਥਾਨਕ ਲੋਕਾਂ ਦੀ ਰਾਇ ਅਨੁਸਾਰ ਤਰਜੀਹ ਦਿੱਤੀ ਜਾ ਰਹੀ ਹੈ।

ਉਨ੍ਹਾਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਪ੍ਰਾਪਤ ਰਾਸ਼ੀ ਨੂੰ ਪਿੰਡ ਦੀ ਅਸਲ ਲੋੜ ਅਨੁਸਾਰ ਵਰਤਿਆ ਜਾਵੇ ਅਤੇ ਵਿਕਾਸ ਕੰਮਾਂ ਵਿੱਚ ਗੁਣਵੱਤਾ ਨੂੰ ਪਹਿਲ ਦਿੱਤੀ ਜਾਵੇ। ਲੋਕਾਂ ਨੇ ਵੀ ਵਿਧਾਇਕ ਵੱਲੋਂ ਪਿੰਡ ਪੱਧਰ 'ਤੇ ਪਹੁੰਚ ਕਰਕੇ ਸਮੱਸਿਆਵਾਂ ਸੁਣਨ ਅਤੇ ਵਿਕਾਸ ਲਈ ਰਾਸ਼ੀ ਮੁਹੱਈਆ ਕਰਵਾਉਣ ਦੀ ਪਹਿਲਕਦਮੀ ਦੀ ਸ਼ਲਾਘਾ ਕੀਤੀ।

# ਖੇਡਾਂ ਵਤਨ ਪੰਜਾਬ ਦੀਆਂ-2026 ਦੇ ਦੂਜੇ ਪੜਾਅ ਦੀਆਂ ਬਲਾਕ ਪੱਧਰੀ ਖੇਡਾਂ ਦਾ ਆਗਾਜ਼

**ਹੁਸ਼ਿਆਰਪੁਰ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026 ਸੀਜ਼ਨ-4' ਤਹਿਤ ਬਲਾਕ ਪੱਧਰੀ ਖੇਡਾਂ ਦੇ ਦੂਜੇ ਪੜਾਅ ਦੀਆਂ ਖੇਡਾਂ ਦਾ ਅੱਜ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਉਤਸ਼ਾਹ ਨਾਲ ਆਗਾਜ਼ ਹੋਇਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਪੂਰੇ ਜੋਸ਼ ਅਤੇ ਖੇਡ ਭਾਵਨਾ ਨਾਲ ਭਾਗ ਲੈਂਦਿਆਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।



ਜ਼ਿਲ੍ਹਾ ਖੇਡ ਅਫ਼ਸਰ ਹੁਸ਼ਿਆਰਪੁਰ ਸੁਰਜੀਤ ਸਿੰਘ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਤਹਿਤ ਐਥਲੈਟਿਕਸ, ਖੋ-ਖੋ, ਕਬੱਡੀ (ਸਰਕਲ ਸਟਾਈਲ), ਕਬੱਡੀ (ਨੈਸ਼ਨਲ ਸਟਾਈਲ), ਵਾਲੀਬਾਲ (ਸ਼ੂਟਿੰਗ), ਵਾਲੀਬਾਲ (ਸਮੈਸ਼ਿੰਗ) ਅਤੇ ਫੁੱਟਬਾਲ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਕਰਵਾਈਆਂ ਜਾ ਰਹੀਆਂ ਇਨ੍ਹਾਂ ਖੇਡਾਂ ਵਿੱਚ ਲਗਭਗ 2500 ਖਿਡਾਰੀਆਂ ਨੇ ਭਾਗ ਲਿਆ ਹੈ ਅਤੇ ਮੁਕਾਬਲੇ 12 ਸਤੰਬਰ ਤੱਕ ਜਾਰੀ ਰਹਿਣਗੇ।

ਉਨ੍ਹਾਂ ਦੱਸਿਆ ਕਿ ਬਲਾਕ ਹੁਸ਼ਿਆਰਪੁਰ-1 ਦੇ ਮੁਕਾਬਲੇ ਲਾਜਵੰਤੀ ਆਊਟਡੋਰ ਸਟੇਡੀਅਮ ਵਿੱਚ ਕਰਵਾਏ ਗਏ। ਐਥਲੈਟਿਕਸ ਦੇ ਅੰਡਰ-17 ਲੜਕੀਆਂ ਦੇ 400 ਮੀਟਰ ਦੌੜ ਮੁਕਾਬਲੇ ਵਿੱਚ ਖੁਸ਼ਪ੍ਰੀਤ ਕੌਰ ਨੇ ਪਹਿਲਾ, ਰਜਨੀ ਨੇ ਦੂਜਾ ਅਤੇ ਜੈਸਮੀਨ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ-17 ਲੜਕਿਆਂ ਦੇ 400 ਮੀਟਰ ਦੌੜ ਮੁਕਾਬਲੇ ਵਿੱਚ ਕਿਰਨਵੀਰ ਸਿੰਘ ਨੇ ਪਹਿਲਾ, ਅਮਨਦੀਪ ਨੇ ਦੂਜਾ ਅਤੇ ਹਰਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਬਲਾਕ ਮਾਹਿਲਪੁਰ ਦੀਆਂ ਖੇਡ ਪ੍ਰਤੀਯੋਗਤਾਵਾਂ ਦਾ ਉਦਘਾਟਨ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਵਿਖੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ ਨੇ ਕੀਤਾ। ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ। ਫੁੱਟਬਾਲ ਅੰਡਰ-21 ਲੜਕਿਆਂ ਦੇ ਮੁਕਾਬਲੇ ਵਿੱਚ ਪੀ.ਆਈ.ਐਸ. ਮਾਹਿਲਪੁਰ ਨੇ ਦੋਆਬਾ ਸਕੂਲ ਦੇਹਲਰਾਂ ਨੂੰ 2-0 ਨਾਲ ਹਰਾਇਆ, ਜਦਕਿ ਪਾਲਦੀ ਫੁੱਟਬਾਲ ਅਕੈਡਮੀ ਨੇ ਬੰਬੇਲੀ ਸਕੂਲ ਦੀ ਟੀਮ ਨੂੰ 1-0 ਨਾਲ ਮਾਤ ਦਿੱਤੀ।

ਬਲਾਕ ਭੂੰਗਾ ਦੇ ਮੁਕਾਬਲੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਅਤੇ ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਕਰਵਾਏ ਗਏ। ਇਨ੍ਹਾਂ ਦਾ ਉਦਘਾਟਨ ਵਿਧਾਇਕ ਟਾਂਡਾ ਜਸਬੀਰ ਸਿੰਘ ਰਾਜਾ ਨੇ ਕੀਤਾ। ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਦਿਆਂ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਅੰਡਰ-17 ਲੜਕਿਆਂ ਦੀ 300 ਮੀਟਰ ਦੌੜ ਵਿੱਚ ਪੱਪੂ ਨੇ ਪਹਿਲਾ, ਆਕਾਸ਼ ਨੇ ਦੂਜਾ ਅਤੇ ਪੰਕਜ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ। 21 ਤੋਂ 30 ਸਾਲ ਉਮਰ ਵਰਗ ਦੀ ਦੌੜ ਵਿੱਚ ਵੰਸ਼ ਨੇ ਪਹਿਲਾ, ਅਰਮਾਨ ਕੁਮਾਰ ਨੇ ਦੂਜਾ ਅਤੇ ਲਖਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਬਲਾਕ ਹਾਜੀਪੁਰ ਦੇ ਪਿੰਡ ਰੈਣੀ ਵਿੱਚ ਕਰਵਾਈਆਂ ਗਈਆਂ ਖੇਡ ਪ੍ਰਤੀਯੋਗਤਾਵਾਂ ਦਾ ਉਦਘਾਟਨ ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਹਲਕਾ ਇੰਚਾਰਜ ਸਰਬਜੀਤ ਸਿੰਘ ਸਾਬੀ ਨੇ ਕੀਤਾ। ਉਨ੍ਹਾਂ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਖਿਡਾਰੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਿੰਡ ਦੇ ਸਰਪੰਚ, ਪੰਚ ਅਤੇ ਹੋਰ ਪੰਚਾਇਤ ਮੈਂਬਰ ਵੀ ਮੌਜੂਦ ਸਨ। ਵਾਲੀਬਾਲ ਅੰਡਰ-14 ਲੜਕਿਆਂ ਵਿੱਚ ਬਹਿਲਖਣ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਅੰਡਰ-17 ਵਿੱਚ ਪਿੰਡ ਗੋਰਾ ਅਤੇ ਅੰਡਰ-21 ਵਿੱਚ ਪਿੰਡ ਰੈਣੀ ਦੀ ਟੀਮ ਜੇਤੂ ਰਹੀ।

**ਦਿੱਲੀ-ਐਨ.ਸੀ.ਆਰ. ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਨੂੰ ਲੈ ਕੇ ਹਰਿਆਣਾ ਸਰਕਾਰ ਦੇ ਠੋਸ ਯਤਨ**

# ਮੁੱਖ ਸਕੱਤਰ ਨੇ ਯਮੁਨਾ ਐਕਸ਼ਨ ਪਲਾਨ ਅਤੇ ਦਿੱਲੀ-ਐਨ.ਸੀ.ਆਰ. ਨਾਲ ਜੁੜੇ ਕਾਰਜ-ਯੋਜਨਾਵਾਂ ਦੀ ਸਮੀਖਿਆ ਕੀਤੀ

**ਚੰਡੀਗੜ੍ਹ, 15 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਜਲ ਅਤੇ ਹਵਾ ਪ੍ਰਦੂਸ਼ਣ ਉੱਤੇ ਰੋਕ ਲਗਾਉਣ ਲਈ ਸੀਵਰੇਜ ਅਤੇ ਉਦਯੋਗਿਕ ਗੰਦੇ ਪਾਣੀ ਦੇ ਉਪਚਾਰ, ਪਿੰਡਾਂ ਵਿੱਚ ਵੇਸਟ ਜਲ ਪ੍ਰਬੰਧਨ, ਬਾਇਓਗੈਸ, ਪਰਾਲੀ ਪ੍ਰਬੰਧਨ, ਵਾਹਨਾਂ ਤੋਂ ਹੋਣ ਵਾਲੇ ਉਤਸਰਜਨ ਅਤੇ ਹਰਿਆ ਭਰਿਆ ਖੇਤਰ ਵਧਾਉਣ ਦੇ ਕਾਰਜਾਂ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਯਮੁਨਾ ਐਕਸ਼ਨ ਪਲਾਨ ਤਹਿਤ ਅਤੇ ਦਿੱਲੀ ਤੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਨਾਲ ਸਬੰਧਤ ਕਾਰਜ-ਯੋਜਨਾਵਾਂ ਦੀ ਸਮੀਖਿਆ ਕੀਤੀ ਅਤੇ ਵੱਖ-ਵੱਖ ਵਿਭਾਗਾਂ ਨੂੰ ਨਿਰਧਾਰਤ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ।



ਯਮੁਨਾ ਐਕਸ਼ਨ ਪਲਾਨ ਦੀ ਸਮੀਖਿਆ ਦੌਰਾਨ ਯਮੁਨਾ ਬੇਸਿਨ ਵਿੱਚ ਸੀਵਰੇਜ ਟ੍ਰੀਟਮੈਂਟ ਪਲਾਂਟ, ਕਾਮਨ ਐਫਲੂਐਂਟ ਟ੍ਰੀਟਮੈਂਟ ਪਲਾਂਟ, ਪਿੰਡ ਪੱਧਰ 'ਤੇ ਵੇਸਟ ਪਾਣੀ ਦੇ ਪ੍ਰਬੰਧਨ ਅਤੇ ਬਾਇਓਗੈਸ ਪ੍ਰੋਜੈਕਟਾਂ ਦੀ ਜ਼ਿਲ੍ਹਾ-ਵਾਰ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਅੰਬਾਲਾ, ਫਰੀਦਾਬਾਦ, ਰੋਹਤਕ, ਗੁਰੂਗ੍ਰਾਮ ਅਤੇ ਕਰਨਾਲ ਦੇ ਮੰਡਲ ਕਮਿਸ਼ਨਰਾਂ ਨੇ ਆਪਣੇ-ਆਪਣੇ ਖੇਤਰਾਂ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ।

ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਸ੍ਰੀ ਯੋਗੇਸ਼ ਕੁਮਾਰ ਨੇ ਦੱਸਿਆ ਕਿ ਬਜਘੇੜਾ, ਖੇੜਵਾ (ਸੋਨੀਪਤ), ਰਾਦੌਰ ਰੋਡ (ਯਮੁਨਾਨਗਰ), ਦਦਲਾਨਾ (ਪਾਣੀਪਤ), ਬਾਦਸ਼ਾਹਪੁਰ (ਫਰੀਦਾਬਾਦ) ਅਤੇ ਸੋਢਾਪੁਰ (ਪਾਣੀਪਤ) ਵਿੱਚ ਕੁੱਲ 132 ਐਮ.ਐਲ.ਡੀ. ਸਮਰੱਥਾ ਦੇ ਛੇ ਐਸ.ਟੀ.ਪੀ. ਅਧੀਨ-ਉਸਾਰੀ ਹਨ। ਸਾਰੇ ਛੇ ਪ੍ਰੋਜੈਕਟਾਂ ਨੂੰ ਦਸੰਬਰ 2027 ਤੱਕ ਪੂਰਾ ਕਰਨ ਦਾ ਟੀਚਾ ਹੈ।

ਇਸ ਤੋਂ ਇਲਾਵਾ ਗੋਹਾਣਾ, ਸੁਨਾਰੀਆ (ਰੋਹਤਕ), ਲਾਈਨ ਪਾਰ (ਬਹਾਦਰਗੜ੍ਹ), ਹਸਨਪੁਰ (ਪਲਵਲ), ਧਨਵਾਪੁਰ ਅਤੇ ਬਹਾਰਮਪੁਰ (ਗੁਰੂਗ੍ਰਾਮ) ਵਿੱਚ ਕੁੱਲ 304 ਐਮ.ਐਲ.ਡੀ. ਸਮਰੱਥਾ ਦੇ ਛੇ ਐਸ.ਟੀ.ਪੀ. ਦੇ ਅਪਗ੍ਰੇਡੇਸ਼ਨ ਦਾ ਕਾਰਜ ਚੱਲ ਰਿਹਾ ਹੈ। ਕਈ ਹੋਰ ਐਸ.ਟੀ.ਪੀ. ਪ੍ਰੋਜੈਕਟ ਵੀ ਟੈਂਡਰ, ਤਕਨੀਕੀ ਮੁਲਾਂਕਣ ਅਤੇ ਅਮਲ ਦੇ ਵੱਖ-ਵੱਖ ਪੜਾਵਾਂ ਵਿੱਚ ਹਨ।

ਉਦਯੋਗਿਕ ਗੰਦੇ ਪਾਣੀ ਦੇ ਉਪਚਾਰ ਲਈ ਪ੍ਰਸਤਾਵਿਤ ਸੀ.ਈ.ਟੀ.ਪੀ. ਪ੍ਰੋਜੈਕਟਾਂ ਦੀ ਵੀ ਸਮੀਖਿਆ ਕੀਤੀ ਗਈ। ਫਰੀਦਾਬਾਦ ਦੇ ਪ੍ਰਤਾਪਗੜ੍ਹ ਵਿੱਚ ਪ੍ਰਸਤਾਵਿਤ 50 ਐਮ.ਐਲ.ਡੀ. ਸੀ.ਈ.ਟੀ.ਪੀ. ਲਈ 10 ਅਗਸਤ ਨੂੰ ਟੈਂਡਰ ਮੰਗੇ ਗਏ ਸਨ ਅਤੇ ਬੋਲੀ ਜਮ੍ਹਾਂ ਕਰਾਉਣ ਦੀ ਆਖ਼ਰੀ ਮਿਤੀ 14 ਸਤੰਬਰ ਹੈ। ਮਿਰਜ਼ਾਪੁਰ ਵਿੱਚ ਪ੍ਰਸਤਾਵਿਤ 25 ਐਮ.ਐਲ.ਡੀ. ਸੀ.ਈ.ਟੀ.ਪੀ. ਦੀ ਡੀ.ਪੀ.ਆਰ. ਅਤੇ ਅਨੁਮਾਨ ਦੀ ਜਾਂਚ ਕੀਤੀ ਜਾ ਰਹੀ ਹੈ, ਜਦਕਿ 15 ਐਮ.ਐਲ.ਡੀ. ਬਾਦਸ਼ਾਹਪੁਰ ਸੀ.ਈ.ਟੀ.ਪੀ. ਦਾ 200.17 ਕਰੋੜ ਰੁਪਏ ਦਾ ਅਨੁਮਾਨ ਤਿਆਰ ਕੀਤਾ ਜਾ ਚੁੱਕਾ ਹੈ।

ਪਾਣੀਪਤ ਵਿੱਚ ਸੈਣੀ ਕਲੋਨੀ ਦੇ ਨੇੜੇ ਪੁਰਾਣੇ ਉਦਯੋਗਿਕ ਖੇਤਰ ਵਿੱਚ ਡ੍ਰੇਨ ਨੰਬਰ-2 ਵਿੱਚ ਉਦਯੋਗਿਕ ਵੇਸਟ ਪਾਣੀ ਦੇ ਵਹਾਅ ਨੂੰ ਰੋਕਣ ਲਈ ਵੀ ਕਾਰਵਾਈ ਕੀਤੀ ਜਾ ਰਹੀ ਹੈ। ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਖੇਤਰੀ ਦਫ਼ਤਰ ਨੇ 14 ਯੂਨਿਟਾਂ ਦਾ ਨਿਰੀਖਣ ਕੀਤਾ, ਜਿਨ੍ਹਾਂ ਵਿੱਚੋਂ ਚਾਰ ਡਿਫਾਲਟਰ ਯੂਨਿਟਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਪਿੰਡ ਪੱਧਰ 'ਤੇ ਸੀਵਰੇਜ ਅਤੇ ਵੇਸਟ ਪਾਣੀ ਦੇ ਪ੍ਰਬੰਧਨ ਤਹਿਤ ਹੁਣ ਤੱਕ ਪੰਜ ਕਾਰਜ ਪੂਰੇ ਕੀਤੇ ਜਾ ਚੁੱਕੇ ਹਨ, ਜਦਕਿ ਸੱਤ ਕਾਰਜ ਪ੍ਰਗਤੀ ਅਧੀਨ ਹਨ। ਪਿਉਂਤ, ਚੰਦੌਲੀ, ਕਾਛਵਾ, ਨਿਗਦੂ ਅਤੇ ਮੰਡੌਲਾ ਵਿੱਚ ਕਾਰਜ ਪੂਰੇ ਹੋ ਚੁੱਕੇ ਹਨ। ਸੋਨੀਪਤ ਦੇ ਕਟਵਾਲ ਵਿੱਚ ਤਿੰਨ-ਤਲਾਬ ਪ੍ਰਣਾਲੀ ਦਾ ਕੰਮ ਜਾਰੀ ਹੈ।

ਰਾਜ ਵਿੱਚ 650 ਟਨ ਪ੍ਰਤੀ ਦਿਨ ਦੀ ਸੰਯੁਕਤ ਸਮਰੱਥਾ ਵਾਲੇ ਤਿੰਨ ਨਵੇਂ ਜਾਂ ਪ੍ਰਸਤਾਵਿਤ ਬਾਇਓਗੈਸ ਪ੍ਰੋਜੈਕਟਾਂ ਉੱਤੇ ਵੀ ਕੰਮ ਕੀਤਾ ਜਾ ਰਿਹਾ ਹੈ। ਸੋਨੀਪਤ ਦੇ ਰਾਏ-ਜਾਖੌਲੀ ਵਿੱਚ 400 ਟੀ.ਪੀ.ਡੀ. ਸਮਰੱਥਾ ਦਾ ਪਲਾਂਟ ਅਧੀਨ-ਉਸਾਰੀ ਹੈ, ਜਦਕਿ ਫਰੀਦਾਬਾਦ ਦੇ ਮੋਹਨਾ-ਬੱਲਭਗੜ੍ਹ ਵਿੱਚ 100 ਟੀ.ਪੀ.ਡੀ. ਸਮਰੱਥਾ ਦੇ ਪ੍ਰੋਜੈਕਟ ਦਾ ਅਨੁਮਾਨ ਤਿਆਰ ਕਰਕੇ ਗ਼ੈਰ-ਅਨੁਸੂਚਿਤ ਮਦਾਂ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ।

ਦਿੱਲੀ ਅਤੇ ਐਨ.ਸੀ.ਆਰ. ਵਿੱਚ ਹਵਾ ਪ੍ਰਦੂਸ਼ਣ ਉੱਤੇ ਕੰਟਰੋਲ ਲਈ ਚਿੰਨ੍ਹਿਤ ਉਪਾਵਾਂ ਦੀ ਸਮੀਖਿਆ ਕਰਦਿਆਂ ਮੁੱਖ ਸਕੱਤਰ ਨੇ ਵਾਹਨਾਂ ਤੋਂ ਹੋਣ ਵਾਲੇ ਨਿਕਾਸ, ਧੂੜ ਅਤੇ ਕਚਰੇ ਤੋਂ ਹੋਣ ਵਾਲੇ ਪ੍ਰਦੂਸ਼ਣ, ਪਰਾਲੀ ਸਾੜਨ ਦੀ ਰੋਕਥਾਮ ਅਤੇ ਹਰਿਆ ਭਰਿਆ ਖੇਤਰ ਵਧਾਉਣ ਨਾਲ ਸਬੰਧਤ ਕਾਰਜਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਪੁਰਾਣੇ ਟਰੱਕਾਂ ਅਤੇ ਬੱਸਾਂ ਨੂੰ ਬਦਲਣ ਵਿੱਚ ਸਹਾਇਤਾ ਦੇਣ ਲਈ ਪਰਿਵਰਤਨ ਯੋਜਨਾ ਦਾ ਪੋਰਟਲ ਹੁਣ ਸੰਚਾਲਿਤ ਹੋ ਚੁੱਕਾ ਹੈ। ਯੋਜਨਾ ਤਹਿਤ ਪਹਿਲੀ ਅਰਜ਼ੀ 22 ਜੁਲਾਈ, 2026 ਨੂੰ ਪ੍ਰਾਪਤ ਹੋਈ। ਮੀਟਿੰਗ ਵਿੱਚ ਯੋਗ ਟਰੱਕ ਅਤੇ ਬੱਸ ਮਾਲਕਾਂ ਨੂੰ ਯੋਜਨਾ ਲਈ ਰਜਿਸਟ੍ਰੇਸ਼ਨ ਅਤੇ ਭਾਈਵਾਲੀ ਲਈ ਸਰਗਰਮੀ ਨਾਲ ਉਤਸ਼ਾਹਿਤ ਕਰਨ ਦੇ ਨਿਰਦੇਸ਼ ਦਿੱਤੇ ਗਏ।

ਪਰਾਲੀ ਪ੍ਰਬੰਧਨ ਲਈ ਐਕਸ-ਸੀਟੂ ਅਤੇ ਇਨ-ਸੀਟੂ ਦੋਵਾਂ ਉਪਾਵਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕੰਪਰੈਸਡ ਬਾਇਓਗੈਸ ਤਕਨੀਕ ਵਿੱਚ ਹੋਈ ਪ੍ਰਗਤੀ ਨੂੰ ਦੇਖਦੇ ਹੋਏ ਛੋਟੇ ਪੱਧਰ ਦੇ ਬਾਇਓਮਾਸ ਪਲਾਂਟਾਂ ਨੂੰ ਹੱਲਾਸ਼ੇਰੀ ਦੇਣ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਉਪਾਵਾਂ ਨੂੰ ਖੇਤੀਬਾੜੀ ਵਿਭਾਗ ਅਤੇ ਹਰਿਆਣਾ ਅਕਸ਼ੈ ਊਰਜਾ ਵਿਕਾਸ ਏਜੰਸੀ ਵੱਲੋਂ ਲਾਗੂ ਕੀਤਾ ਜਾਵੇਗਾ।

ਜੰਗਲਾਤ ਵਿਭਾਗ ਨੂੰ ਪੌਦੇ ਲਗਾਉਣ ਦੇ ਟੀਚਿਆਂ ਨੂੰ ਪੂਰਾ ਕਰਨ, ਰੁੱਖਾਂ ਹੇਠਲੇ ਰਕਬੇ ਨੂੰ ਵਧਾਉਣ ਅਤੇ ਛੋਟੇ ਹਰੇ ਖੇਤਰਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਨਾਲ ਜੁੜੇ ਕਾਰਜਾਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਵਾਤਾਵਰਣ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਲੋਕ ਨਿਰਮਾਣ (ਭਵਨ ਅਤੇ ਸੜਕ) ਦੇ ਵਧੀਕ ਮੁੱਖ ਸਕੱਤਰ ਸ੍ਰੀ ਏ.ਕੇ. ਸਿੰਘ, ਹਰਿਆਣਾ ਰਾਜ ਉਦਯੋਗਿਕ ਅਤੇ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਪ੍ਰਬੰਧ ਨਿਰਦੇਸ਼ਕ ਸ੍ਰੀ ਵਿਨੈ ਪ੍ਰਤਾਪ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ‘ਰੰਗਲਾ ਪੰਜਾਬ’ ਦੇ ਦਾਅਵੇ ਕਰਨ ਵਾਲੀ ‘ਆਪ’ ਸਰਕਾਰ ਦਾ ਅਸਲੀ ਚਿਹਰਾ ਪੰਜਾਬ ਦੇ ਸਾਹਮਣੇ : ਕੇਵਲ ਸਿੰਘ ਢਿੱਲੋਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 15 ਸਤੰਬਰ। ਭਾਰਤੀ ਜਨਤਾ ਪਾਰਟੀ ਪੰਜਾਬ ਦਾ ਇੱਕ ਵਫਦ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਦਿੜ੍ਹਬਾ ਦੇ ਪਿੰਡ ਤੂਰ ਬੰਜਾਰਾ ਵਿਖੇ ਆਮ ਆਦਮੀ ਪਾਰਟੀ ਦੀ ਧੱਕੇਸ਼ਾਹੀ ਦਾ ਸ਼ਿਕਾਰ ਹੋਏ ਮ੍ਰਿਤਕ ਮਜ਼ਦੂਰ ਗੁਲਜ਼ਾਰ ਸਿੰਘ ਦੇ ਪਰਿਵਾਰ ਨੂੰ ਮਿਲਿਆ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਇਨਸਾਫ ਲਈ ਹਾਅ ਦਾ ਨਾਅਰਾ ਮਾਰਿਆ ਗਿਆ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨਾਲ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਸਨ। ਭਾਜਪਾ ਆਗੂਆਂ ਨੇ ਪੀੜਤ ਦੀ ਪਤਨੀ ਅਤੇ ਬੱਚਿਆਂ ਨਾਲ ਮੁਲਾਕਾਤ ਕੀਤੀ ਅਤੇ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ। ਇਸ ਮੌਕੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਗੁਲਜ਼ਾਰ ਸਿੰਘ ਦੀ ਮੌਤ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਕਤਲ ਹੈ। ਮ੍ਰਿਤਕ ਮਜ਼ਦੂਰ ਨੇ ਵਿੱਚ ਮੰਤਰੀ ਪੰਜਾਬ ਸਾਹਮਣੇ ਨਸ਼ਿਆਂ ਦਾ ਮੁੱਦਾ ਉਠਾਇਆ ਸੀ। ਕਿਉਂਕਿ ਉਸਦਾ ਪੁੱਤਰ ਚਿੱਟੇ ਦਾ ਸ਼ਿਕਾਰ ਸੀ ਅਤੇ ਉਹ ਆਪਣਾ ਦੁੱਖੜਾ ਰੋ ਰਿਹਾ ਸੀ। ਪਰ ਸਰਕਾਰ ਵਲੋਂ ਨਸ਼ੇ ਦੀ ਸਮੱਸਿਆ ਦਾ ਹੱਲ ਕਰਨ ਦੀ ਥਾਂ ਮਾਸੂਮ ਬੱਚਿਆਂ ਨੂੰ ਆਪਣੇ ਪਿਤਾ ਦੇ ਆਖਰੀ ਦਰਸ਼ਨ ਤੱਕ ਨਹੀਂ ਕਰਨ ਦਿੱਤੇ ਗਏ ਅਤੇ ਬਜ਼ੁਰਗ ਮਾਂ ਨੂੰ ਵੀ ਆਪਣੇ ਪੁੱਤਰ ਦਾ ਆਖਰੀ ਦੀਦਾਰ




ਕਰਨ ਤੋਂ ਰੋਕਿਆ ਗਿਆ, ਤਾਂ ਇਹ ਬੇਹੱਦ ਅਮਾਨਵੀ ਅਤੇ ਸੰਵੇਦਨਹੀਣ ਵਰਤਾਰਾ ਹੈ। ਇਹ ਵਰਤਾਰਾ ਸਰਕਾਰ ਦੇ ਜ਼ੁਲਮ ਦੀ ਹੱਦ ਨੂੰ ਦਰਸਾ ਰਿਹਾ ਹੈ ਕਿ ਕਿਵੇਂ ਸਰਕਾਰ ਡੰਡੇ ਦੇ ਜ਼ੋਰ ’ਤੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਨੂੰ ਵ ਕੁਚਲ ਰਹੀ ਹੈ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਮ੍ਰਿਤਕ ਗੁਲਜ਼ਾਰ ਸਿੰਘ ਦੀ ਹੀ ਆਵਾਜ਼ ਕਰਨ ਲਈ ਉਸਨੂੰ ਡਰਾਇਆ ਤੇ ਧਮਕਾਇਆ ਗਿਆ। ਭਾਜਪਾ ਪ੍ਰਧਾਨ ਢਿੱਲੋਂ ਨੇ ਅੰਤਿਮ ਸੰਸਕਾਰ ਦੌਰਾਨ ਪਰਿਵਾਰ ਨਾਲ ਕਥਿਤ ਤੌਰ ’ਤੇ ਕੀਤੇ ਗਏ ਵਤੀਰੇ ’ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਪਰਿਵਾਰ ਅਨੁਸਾਰ ਮ੍ਰਿਤਕ ਦੇ ਚਾਰ ਮਹੀਨਿਆਂ ਵਿੱਚ ਨਸ਼ਾ ਖਤਮ ਕਰਨ ਦਾ ਦਾਅਵਾ ਕਰਕੇ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਵਿੱਚ ਨਸ਼ਾ ਟੌਫੀਆਂ ਵਾਂਗ ਘਰ ਘਰ ਵ ਕੇ ਰਿਹਾ ਹੈ। ਪਹਿਲਾਂ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਕੀਤਾ ਜਾ ਰਿਹਾ ਹੈ, ਫਿਰ ਨਸ਼ਿਆਂ ਖ਼?ਲਾਫ਼ ਆਵਾਜ਼ ਚੁੱਕਣ ਵਾਲਿਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ ਅਤੇ ਜੇਕਰ ਮੌਤ ਤੋਂ ਬਾਅਦ ਵੀ ਪਰਿਵਾਰ ਨੂੰ ਇਨਸਾਫ਼ ਅਤੇ ਸਨਮਾਨ ਨਹੀਂ ਮਿਲਦਾ, ਤਾਂ ਇਹ ਕਿਹੋ ਜਿਹਾ ਕਾਨੂੰਨ ਦਾ ਰਾਜ ਹੈ। ਸ. ਢਿੱਲੋਂ ਨੇ ਕਿਹਾ ਕਿ ਇਹ ਸਿਰਫ਼ ਇੱਕ ਪਰਿਵਾਰ ਦਾ ਮਾਮਲਾ ਨਹੀਂ, ਸਗੋਂ ਪੰਜਾਬ ਵਿੱਚ ਆਮ ਲੋਕਾਂ ਦੀ ਸੁਰੱਖਿਆ, ਮਨੁੱਖੀ ਅਧਿਕਾਰਾਂ ਅਤੇ ਲੋਕਤੰਤਰ ਨਾਲ ਜੁੜਿਆ ਗੰਭੀਰ ਮੁੱਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਗਰੀਬ ਜਾਂ ਦਲਿਤ ਪਰਿਵਾਰ ਨਾਲ ਬੇਇਨਸਾਫ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਪੀੜਤ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਗੁਲਜ਼ਾਰ ਸਿੰਘ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਹਰ ਸੰਭਵ ਕਾਨੂੰਨੀ ਅਤੇ ਲੋਕਤੰਤਰਿਕ ਸੰਘਰਸ਼ ਕਰੇਗੀ। ਉਨ੍ਹਾਂ ਕਿਹਾ ਕਿ ਇਸ ਪੂਰੇ ਮਾਮਲੇ ਦੀ ਸੀਬੀਆਈ ਤੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਪਰਿਵਾਰ ਦੀ ਮੰਗ ਅਨੁਸਾਰ ਮ੍ਰਿਤਕ ਵਲੋਂ ਆਪਣੀ ਮੌਤ ਲਈ ਜ਼ਿੰਮੇਵਾਰ ਠਹਿਰਾਏ ਸਾਰੇ ਲੋਕਾਂ ਉਪਰ ਕਾਰਵਾਈ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ‘ਰੰਗਲਾ ਪੰਜਾਬ’ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਸਰਕਾਰ ਦਾ ਅਸਲੀ ਚਿਹਰਾ ਹੁਣ ਪੰਜਾਬ ਦੇ ਲੋਕਾਂ ਸਾਹਮਣੇ ਆ ਰਿਹਾ ਹੈ। ਸ. ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਲੋਕ ਸਭ ਕੁਝ ਦੇਖ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਲੋਕ ਇਸ ਸਰਕਾਰ ਤੋਂ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਜ਼ਰੂਰ ਮੰਗਣਗੇ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਵਚਨਬੱਧ ਹੈ ਅਤੇ ਜਿੰਨਾ ਸਮਾਂ ਨਸ਼ਾ ਖਤਮ ਨਹੀਂ ਹੁੰਦਾ ਉਹ ਟਿਕ ਕੇ ਬੈਠਣ ਵਾਲੇ ਨਹੀਂ ਹਨ। ਸੀਆਈਏ ਸਟਾਫ਼ ਤਰਨਤਾਰਨ ਅਤੇ ਥਾਣਾ ਵਾਲਟੋਹਾ ਦੀਆਂ ਪੁਲਿਸ ਟੀਮਾਂ ਨੇ ਵਾਲਟੋਹਾ ਇਲਾਕੇ ਵਿਚ ਫਿਰੌਤੀ ਨਾਲ ਸਬੰਧਤ ਫਾਇਰਿੰਗ ਦੀਆਂ ਵਾਰਦਾਤਾਂ ਵਿਚ ਲੋੜੀਂਦੇ ਦੋ ਜਣਿਆਂ ਦੁਵੱਲੀ ਗੋਲ?ਬਾਰੀ ਦੌਰਾਨ ਜ਼ਖ਼ਮੀ ਹੋਣ ਤੋਂ ਬਾਅਦ ਕਾਬੂ ਕਰਨ ਦਾ ਦਾਅਵਾ ਕੀਤਾ ਹੈ।

# ਟਾਂਡਾ ’ਚ ਬਜ਼ੁਰਗ ਕਾਰੋਬਾਰੀ ਦਾ ਬੇਰਹਿਮੀ ਨਾਲ ਕਤਲ, ਤੇਜ਼ਧਾਰ ਹਥਿਆਰਾਂ ਨਾਲ ਦਿੱਤਾ ਵਾਰਦਾਤ ਨੂੰ ਅੰਜਾਮ

ਟਾਂਡਾ ਉੜਮੁੜ 15 ਸਤੰਬਰ। ਸੋਮਵਾਰ ਸ਼ਾਮ ਹਲਕਾ ਉੜਮੁੜ ਦੇ ਸ਼ਹਿਰ ਟਾਂਡਾ ਵਿੱਚ ਪੈਂਦੇ ਲਹੌਰੀਆ ਮੁਹੱਲੇ ਵਿੱਚ ਇੱਕ ਬਜ਼ੁਰਗ ਦੁਕਾਨਦਾਰ ਦਾ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ।? ਮ੍ਰਿਤਕ ਦੀ ਪਛਾਣ ਗੁਲਜ਼ਾਰ ਸਿੰਘ (59) ਪੁੱਤਰ ਪ੍ਰਹਲਾਦ ਸਿੰਘ ਵਾਸੀ ਲਹੌਰੀਆ ਮੁਹੱਲਾ ਉੜਮੁੜ ਥਾਣਾ ਟਾਂਡਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਗੁਲਜ਼ਾਰ ਸਿੰਘ ਸੀਮਿੰਟ ਅਤੇ ਬੱਜਰੀ ਰੇਤਾ ਦੀ ਦੁਕਾਨ ਮੁਹੱਲੇ ਵਿੱਚ ਹੀ ਕਰਦਾ ਸੀ । ਸੋਮਵਾਰ ਸ਼ਾਮ ਵਕਤ ਕਰੀਬ 4 ਵਜੇ ਅਣਪਛਾਤੇ ਵਿਅਕਤੀਆਂ ਗੁਲਜ਼ਾਰ ਦੀ ਦੁਕਾਨ ਤੇ ਆਏ ਅਤੇ ਕੁੱਝ ਸੀਮਿੰਟ ਖਰੀਦ ਕਰਨ ਦੀ ਆੜ ਵਿੱਚ ਉਸਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਗੁਲਜ਼ਾਰ ਸਿੰਘ ਦੀ ਮੌਕੇ ’ਤੇ ਮੌਤ ਹੋ ਗਈ। ਚਸ਼ਮਦੀਦਾਂ ਅਨੁਸਾਰ, ਗੁਲਜ਼ਾਰ ਸਿੰਘ ’ਤੇ ਹਮਲਾਵਰਾਂ ਵਲੋਂ ਤੇਜ਼ਧਾਰ ਹਥਿਆਰ ਨਾਲ ਕਰੀਬ 8 ਤੋਂ 10 ਵਾਰ ਕੀਤੇ ਗਏ ਸਨ।



ਗੁਲਜ਼ਾਰ ਸਿੰਘ ਦੀ ਇਸ ਬੇਰਹਿਮੀ ਨਾਲ ਹੋਏ ਕਤਲ ਤੋਂ ਬਾਅਦ ਇਲਾਕੇ ਵਿੱਚ ਸੋਗ ਤੇ ਦਹਿਸ਼ਤ ਦਾ ਮਹੌਲ ਬਣਿਆ ਹੋਇਆ ਹੈ। ਗੁਲਜ਼ਾਰ ਸਿੰਘ ਦਾ ਇੱਕ ਬੇਟਾ ਵਿਦੇਸ਼ ਵਿੱਚ ਰਹਿੰਦਾ ਹੈ ਤੇ ਉਹ ਪਤਨੀ ਸਮੇਤ ਆਪਣੇ ਘਰ ਲਹੌਰੀਆ ਮੁਹੱਲੇ ਵਿੱਚ ਰਹਿੰਦਾ ਸੀ ਤੇ ਅਕਸਰ ਦੇਰ ਸ਼ਾਮ ਤੱਕ ਆਪਣੀ ਦੁਕਾਨ ’ਤੇ ਰਹਿੰਦਾ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗੁਲਜ਼ਾਰ ਸਿੰਘ ’ਤੇ ਪਹਿਲਾਂ ਵੀ ਦੋ ਵਾਰ ਜਾਨਲੇਵਾ ਹਮਲਾ ਹੋ ਚੁੱਕਿਆ ਹੈ ਜਿਸ ਵਿਚ ਇਕ ਵਾਰ ਤਾਂ ਗੁਲਜ਼ਾਰ ਸਿੰਘ ’ਤੇ ਪੈਟਰੋਲ ਛਿੜਕ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਹਮਲਾਵਰ ਉਸਨੂੰ ਅੱਗ ਲਗਾਉਣ ਵਿੱਚ ਅਸਫਲ ਰਹੇ । ਇਸ ਕਤਲ ਦੀ ਸੂਚਨਾ ਮਿਲਣ ’ਤੇ ਡੀਐਸਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਤੇ ਐੱਸਐੱਚਓ ਟਾਂਡਾ ਮੈਡਮ ਅਮਰਜੀਤ ਕੌਰ ਪੁਲਿਸ ਪਾਰਟੀ ਸਮੇਤ ਮੌਕੇ ’ਤੇ ਪਹੁੰਚੇ ਅਤੇ ਲਾਸ਼ ਆਪਣੇ ਕਬਜ਼ੇ ਵਿਚ ਲੈ ਕੇ ਦੁਕਾਨ ’ਤੇ ਲੱਗੇ ਤੇ ਨੇੜੇ ਤੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ। ਅਰਜਨ ਨਗਰ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਵਿੱਚ ਦਾਖਲ ਹੋ ਕੇ ਇੱਕ ਵਿਅਕਤੀ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਲਾਸ਼ ਘਰ ਵਿੱਚੋਂ ਖੂਨ ਨਾਲ ਲੱਥਪੱਥ ਹਾਲਤ ਵਿੱਚ ਮਿਲੀ। ਮੁੱਢਲੀ ਜਾਂਚ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤੇ ਜਾਣ ਦਾ ਖਦਸ਼ਾ ਹੈ।

# ਲੁਧਿਆਣਾ-ਮਲੇਰਕੋਟਲਾ ਰੋਡ ’ਤੇ ਭਿਆਨਕ ਸੜਕ ਹਾਦਸਾ: ਟੱਕਰ ਤੋਂ ਬਾਅਦ ਐਕਟਿਵਾ ਨੂੰ ਲੱਗੀ ਅੱਗ

ਲੁਧਿਆਣਾ 15 ਸਤੰਬਰ। ਮਲੇਰਕੋਟਲਾ ਰੋਡ ’ਤੇ ਭਿਆਨਕ ਸੜਕ ਹਾਦਸਾ: ਟੱਕਰ ਤੋਂ ਬਾਅਦ ਐਕਟਿਵਾ ਨੂੰ ਲੱਗੀ ਅੱਗ, ਬੁਲੇਟ ਸਵਾਰ ਨੌਜਵਾਨ ਗੰਭੀਰ ਜ਼ਖ਼ਮੀ ਜਸਵੀਰ ਸਿੰਘ ਗੁਰਮ, ਪੰਜਾਬੀ ਜਾਗਰਣ, ਡੇਹਲੋਂ / ਆਲਮਗੀਰ: ਲੁਧਿਆਣਾ -ਮਲੇਰਕੋਟਲਾ ਰੋਡ ’ਤੇ ਬੁੱਧਵਾਰ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰ ਗਿਆ, ਜਿਸ ਵਿੱਚ ਇੱਕ ਐਕਟਿਵਾ ਨੂੰ ਅੱਗ ਲੱਗ ਗਈ, ਜਦਕਿ ਬੁਲੇਟ ਮੋਟਰਸਾਈਕਲ ਸਵਾਰ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਹਾਦਸੇ ਤੋਂ ਬਾਅਦ ਮੌਕੇ ’ਤੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਅਤੇ ਰਾਹਗੀਰਾਂ ਨੇ ਤੁਰੰਤ ਦੋਵੇਂ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ। ਚਸ਼ਮਦੀਦ ਰਾਹਗੀਰਾਂ ਦੇ ਮੁਤਾਬਕ ਬੁਲੇਟ ਮੋਟਰਸਾਈਕਲ ਕਾਫ਼ੀ ਤੇਜ਼ ਰਫ਼ਤਾਰ ਨਾਲ ਆ ਰਿਹਾ ਸੀ। ਇਸ ਦੌਰਾਨ ਇੱਕ ਅਲਟੋ ਕਾਰ ਡਿਵਾਈਡਰ ਤੋਂ ਯੂ-ਟਰਨ ਲੈਣ ਜਾਂ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਲੁਧਿਆਣਾ-ਮਲੇਰਕੋਟਲਾ ਰੋਡ ’ਤੇ ਭਿਆਨਕ ਸੜਕ ਹਾਦਸਾ: ਟੱਕਰ ਤੋਂ ਬਾਅਦ ਐਕਟਿਵਾ ਨੂੰ ਲੱਗੀ ਅੱਗ, ਬੁਲੇਟ ਸਵਾਰ ਨੌਜਵਾਨ ਗੰਭੀਰ ਜ਼ਖ਼ਮੀ ਕਾਰ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਬੁਲੇਟ ਸਵਾਰ ਨੇ ਅਚਾਨਕ ਆਪਣਾ ਮੋਟਰਸਾਈਕਲ ਖੱਬੇ ਪਾਸੇ ਮੋੜਿਆ, ਜਿੱਥੇ ਅੱਗੇ ਜਾ ਰਹੇ ਇੱਕ ਬਜ਼ੁਰਗ ਦੀ ਐਕਟਿਵਾ ਨਾਲ ਉਸ ਦੀ ਜ਼ੋਰਦਾਰ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਵਾਹਨ ਕਰੀਬ 20 ਤੋਂ 25 ਫੁੱਟ ਤੱਕ ਸੜਕ ’ਤੇ ਘਿਸੜਦੇ ਹੋਏ ਅੱਗੇ ਨਿਕਲ ਗਏ। ਘਿਸੜਨ ਕਾਰਨ ਐਕਟਿਵਾ ਨੂੰ ਅੱਗ ਲੱਗ ਗਈ। ਰਾਹਗੀਰਾਂ ਨੇ ਦੱਸਿਆ ਕਿ ਬਜ਼ੁਰਗ ਟੱਕਰ ਤੋਂ ਬਾਅਦ ਸੜਕ ’ਤੇ ਡਿੱਗ ਗਏ ਸਨ ਅਤੇ ਉਸ ਤੋਂ ਬਾਅਦ ਐਕਟਿਵਾ ਨੂੰ ਅੱਗ ਲੱਗੀ। ਚਸ਼ਮਦੀਦਾਂ ਅਨੁਸਾਰ ਬੁਲੇਟ ਦੀ ਰਫ਼ਤਾਰ ਕਾਫ਼ੀ ਜ਼ਿਆਦਾ ਸੀ। ਹਾਦਸੇ ਵਿੱਚ ਬੁਲੇਟ ਸਵਾਰ ਨੌਜਵਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਹੈ, ਜਦਕਿ ਐਕਟਿਵਾ ਸਵਾਰ ਬਜ਼ੁਰਗ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਹਾਦਸੇ ਤੋਂ ਤੁਰੰਤ ਬਾਅਦ ਮੌਕੇ ’ਤੇ ਮੌਜੂਦ ਲੋਕਾਂ ਨੇ ਜ਼ਖ਼ਮੀਆਂ ਨੂੰ ਚੁੱਕ ਕੇ ਨਜ਼ਦੀਕੀ ਮੈਸ ਪ੍ਰੋਲਾਈਫ ਹਸਪਤਾਲ ਵਿਖੇ ਇਲਾਜ ਲਈ ਭੇਜਿਆ। ਮੁੱਢਲੀ ਜਾਣਕਾਰੀ ਅਨੁਸਾਰ ਐਕਟਿਵਾ ਸਵਾਰ ਦੀ ਪਛਾਣ ਬਚਿੱਤਰ ਨਗਰ ਵਾਸੀ ਗੁਰਮੀਤ ਸਿੰਘ ਵਜੋਂ ਹੋਈ ਹੈ, ਜਦਕਿ ਬੁਲੇਟ ਸਵਾਰ ਦੀ ਪਛਾਣ ਜਸ਼ਨ ਪੁੱਤਰ ਲਵਲੀ (ਅਮੂਲ ਕਲਰ ਲੈਬ ਵਾਲੇ), ਵਾਸੀ ਜਨਤਾ ਨਗਰ ਵਜੋਂ ਦੱਸੀ ਜਾ ਰਹੀ ਹੈ।

# ਕਾਲੀ ਝੰਡੀ ਦਿਖਾਉਣ ’ਤੇ ਨੌਜਵਾਨ ਦੀ ਕੁੱਟਮਾਰ ਦਾ ਮਾਮਲਾ ਹਾਈ ਕੋਰਟ ਪਹੁੰਚਿਆ, ਸੀਬੀਆਈ ਜਾਂਚ ਦੀ ਮੰਗ

**ਕੌਮੀ ਪਤ੍ਰਿਕਾ**

ਚੰਡੀਗੜ੍ਹ 15 ਸਤੰਬਰ। ਮੁੱਖ ਮੰਤਰੀ ਭਗਵੰਤ ਮਾਨ ਦੇ ਪ੍ਰੋਗਰਾਮ ਦੌਰਾਨ ਕਾਲੀ ਝੰਡੀ ਦਿਖਾਉਣ ਵਾਲੇ ਨੌਜਵਾਨ ਦੀ ਕਥਿਤ ਕੁੱਟਮਾਰ ਦਾ ਮਾਮਲਾ ਹੁਣ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਪਹੁੰਚ ਗਿਆ ਹੈ। ਸੰਗਰੂਰ ਦੇ ਸ਼ੇਰੋਂ ਪਿੰਡ ਵਾਸੀ ਮੋਹਨਜੀਤ ਸਿੰਘ ਦੇ ਪਿਤਾ ਗੁਰਮੇਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਪੂਰੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਪੁੱਤਰ ਨੂੰ ਸਿਰਫ਼ ਕਾਲੀ ਝੰਡੀ ਦਿਖਾਉਣ ਕਾਰਨ ਪੁਲਿਸ ਨੇ ਬੇਰਹਿਮੀ ਨਾਲ ਕੁੱਟਿਆ। ਪਟੀਸ਼ਨ ਵਿੱਚ ਗੁਰਮੇਲ ਸਿੰਘ ਨੇ ਕਿਹਾ ਹੈ ਕਿ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਅਧਿਕਾਰੀਆਂ ਦੀ ਭੂਮਿਕਾ ’ਤੇ ਹੀ ਸਵਾਲ ਖੜ੍ਹੇ ਹੋ ਰਹੇ ਹਨ। ਅਜਿਹੇ ਵਿੱਚ ਉਨ੍ਹਾਂ ਦੇ ਹੀ ਵਿਭਾਗ ਤੋਂ ਨਿਰਪੱਖ ਜਾਂਚ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਅਦਾਲਤ ਤੋਂ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੀ ਅਪੀਲ ਕੀਤੀ ਹੈ, ਤਾਂ ਜੋ ਘਟਨਾ ਦੀ ਨਿਰਪੱਖ ਅਤੇ ਸੁਤੰਤਰ ਜਾਂਚ ਹੋ ਸਕੇ। ਪਟੀਸ਼ਨ ’ਤੇ ਸੁਣਵਾਈ ਕਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਮਾਮਲੇ ਵਿੱਚ ਹੁਣ ਤੱਕ ਕੀਤੀ ਗਈ ਜਾਂਚ ਦੀ ਸਥਿਤੀ ਰਿਪੋਰਟ ਤਲਬ ਕਰ ਲਈ ਹੈ। ਅਦਾਲਤ ਨੇ ਸਰਕਾਰ ਤੋਂ ਇਹ ਦੱਸਣ ਲਈ ਕਿਹਾ ਹੈ ਕਿ ਸ਼ਿਕਾਇਤ ਮਿਲਣ ਤੋਂ ਬਾਅਦ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਜਾਂਚ ਕਿਸ ਪੱਧਰ ਤੱਕ ਪਹੁੰਚੀ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਅਦਾਲਤ ਨੂੰ




ਦੱਸਿਆ ਗਿਆ ਕਿ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦਾ ਗਠਨ ਕੀਤਾ ਜਾ ਚੁੱਕਾ ਹੈ। ਸਰਕਾਰ ਨੇ ਅਦਾਲਤ ਦੇ ਸਾਹਮਣੇ ਜਾਂਚ ਦੀ ਮੌਜੂਦਾ ਸਥਿਤੀ ਬਾਰੇ ਵੀ ਜਾਣਕਾਰੀ ਦਿੱਤੀ। ਹਾਲਾਂਕਿ, ਇਸ ਦੇ ਬਾਵਜੂਦ ਹਾਈ ਕੋਰਟ ਨੇ ਹੁਣ ਤੱਕ ਹੋਈ ਜਾਂਚ ਦੀ ਵਿਸਥਾਰਪੂਰਵਕ ਸਥਿਤੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਮਾਮਲਾ ਸੰਗਰੂਰ ਦੇ ਸ਼ੇਰੋਂ ਪਿੰਡ ਦਾ ਹੈ। ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦਾ ਪ੍ਰੋਗਰਾਮ ਕਰਵਾਇਆ ਗਿਆ ਸੀ। ਦੋਸ਼ ਹੈ ਕਿ ਪ੍ਰੋਗਰਾਮ ਦੌਰਾਨ ਮੋਹਨਜੀਤ ਸਿੰਘ ਨੇ ਪ੍ਰੋਗਰਾਮ ਵਾਲੀ ਥਾਂ ਦੇ ਪਿੱਛੇ ਸਥਿਤ ਇੱਕ ਘਰ ਦੀ ਛੱਤ ਤੋਂ ਮੁੱਖ ਮੰਤਰੀ ਦੇ ਕਾਫ਼ਲੇ ਵੱਲ ਕਾਲੀ ਝੰਡੀ ਦਿਖਾਈ ਸੀ। ਇਸ ਤੋਂ ਬਾਅਦ ਪੁਲਿਸ ਮੁਲਾਜ਼ਮਾਂ ਵੱਲੋਂ ਉਸ ਦੀ ਕਥਿਤ ਤੌਰ ’ਤੇ ਕੁੱਟਮਾਰ ਕੀਤੇ ਜਾਣ ਦਾ ਦੋਸ਼ ਲਗਾਇਆ ਗਿਆ। ਮੋਹਨਜੀਤ ਦੇ ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੁੱਤਰ ਨਾਲ ਜਿਸ ਤਰ੍ਹਾਂ ਦੀ ਕਥਿਤ ਮਾਰਕੁੱਟ ਕੀਤੀ ਗਈ, ਉਹ ਗੰਭੀਰ ਮਾਮਲਾ ਹੈ। ਉਨ੍ਹਾਂ ਨੇ ਅਦਾਲਤ ਤੋਂ ਅਪੀਲ ਕੀਤੀ ਕਿ ਘਟਨਾ ਵਿੱਚ ਸ਼ਾਮਲ ਪੁਲਿਸ ਮੁਲਾਜ਼ਮਾਂ ਦੀ ਭੂਮਿਕਾ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਖ਼?ਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇ। ਤਪਾ ਸਿਟੀ ਪੁਲਿਸ ਨੇ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਹੋਈ ਮੌਤ ਦੇ ਮਾਮਲੇ ’ਚ ਉਸ ਦੇ ਦੋਸਤ ਜਸਪਾਲ ਸਿੰਘ ਉਰਫ ਜੱਸਾ ਨੂੰ ਕਾਬੂ ਕਰਨ ’ਚ ਸਫਲਤਾ ਹਾਸਲ ਕੀਤੀ ਹੈ। ਦੱਸ ਦੇਈਏ ਕਿ ਪਿਛਲੇ ਦਿਨੀਂ ਤਪਾ ਸਿਟੀ ਪੁਲਿਸ ਵੱਲੋਂ ਢਿਲਵਾਂ ਰੋਡ ਨੇੜੇ ਗੰਦੇ ਨਾਲੇ ਦੇ ਕਿਨਾਰੇ ਤੋਂ ਇੱਕ ਨੌਜਵਾਨ ਦੀ ਲਾਸ਼ ਬਰਾਮਦ ਕੀਤੀ ਸੀ, ਜਿਸਦੀ ਪਛਾਣ ਵਰੁਣ ਕੁਮਾਰ ਵਜੋਂ ਹੋਈ ਸੀ, ਜਿਸ ’ਤੇ ਪੁਲਿਸ ਨੇ ਮ੍ਰਿਤਕ ਦੇ ਪਿਤਾ ਬੋਬੀ ਪੁੱਤਰ ਮਦਨ ਲਾਲ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ ਤੇ ਜਸਪਾਲ ਰਾਮ ਉਰਫ ਜੱਸਾ ਪੁੱਤਰ ਨੰਦ ਲਾਲ ਵਾਸੀ ਬਾਜੀਗਰ ਬਸਤੀ ਤਪਾ ਖਿਲਾਫ਼ ਮਾਮਲਾ ਦਰਜ ਕੀਤਾ ਸੀ।

# ਘਟਣ ਦੀ ਬਜਾਏ ਫਿਰ ਵਧੀ ਚੀਨੀ ਦੀ ਕੀਮਤ, ਯੂਪੀ ਦੀਆਂ ਮਿੱਲਾਂ ਨੇ ਭਾਅ ਘਟਾਉਣ ਤੋਂ ਕੀਤਾ ਇਨਕਾਰ !

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 15 ਸਤੰਬਰ। ਚੀਨੀ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ, ਪਰ ਇਸ ਦਾ ਘਰੇਲੂ ਬਾਜ਼ਾਰ ’ਚ ਕੋਈ ਖਾਸ ਅਸਰ ਦਿਖਾਈ ਨਹੀਂ ਦੇ ਰਿਹਾ। ਕੇਂਦਰ ਸਰਕਾਰ ਵੱਲੋਂ ਸਟਾਕ ਸੀਮਾ ਘਟਾਉਣ, ਕੱਚੀ ਚੀਨੀ ਦੀ ਡਿਊਟੀ-ਫ?ਰੀ ਦਰਾਮਦ ਦੀ ਇਜਾਜ਼ਤ ਦੇਣ ਤੇ ਵਿਕਰੀ ਕੋਟਾ ਪ੍ਰਣਾਲੀ ’ਚ ਬਦਲਾਅ ਵਰਗੇ ਕਦਮ ਚੁੱਕਣ ਦੇ ਬਾਵਜੂਦ ਘਰੇਲੂ ਬਾਜ਼ਾਰ ’ਚ ਚੀਨੀ ਦੀਆਂ ਕੀਮਤਾਂ ’ਚ ਤੇਜ਼ੀ ਜਾਰੀ ਹੈ। ਬੁੱਧਵਾਰ ਨੂੰ ਮਿੱਲ ਪੱਧਰ (ਐਕਸ-ਮਿੱਲ) ਤੇ ਥੋਕ ਬਾਜ਼ਾਰ ’ਚ ਚੀਨੀ ਦੇ ਭਾਅ ਮਜ਼ਬੂਤ ਰਹੇ, ਜਦਕਿ ਕਈ ਮਿੱਲਾਂ ਨੇ ਕੀਮਤਾਂ ’ਚ ਹੋਰ ਵਾਧਾ ਕਰ ਦਿੱਤਾ। ਮੀਡੀਆ ਰਿਪੋਰਟਾਂ ਮੁਤਾਬਕ ਉਦਯੋਗ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਦੀਆਂ ਜ਼ਿਆਦਾਤਰ ਨਿੱਜੀ ਚੀਨੀ ਮਿੱਲਾਂ ਕੀਮਤਾਂ ਘਟਾਉਣ ਲਈ ਤਿਆਰ ਨਹੀਂ ਹਨ। ਇਸ ਦੇ ਚੱਲਦਿਆਂ ਮਹਾਰਾਸ਼ਟਰ ਤੇ ਗੁਜਰਾਤ ਦੀਆਂ ਕੁਝ ਮਿੱਲਾਂ ਨੇ ਵੀ ਭਾਅ ਵਧਾ ਦਿੱਤੇ ਹਨ ਤੇ ਦੋ ਹਫ਼ਤਿਆਂ ਬਾਅਦ ਪਹਿਲੀ ਵਾਰ ਚੀਨੀ ਦੀ ਕੀਮਤ ?5,000 ਪ੍ਰਤੀ ਕੁਇੰਟਲ ਦੇ ਪੱਧਰ ਨੂੰ ਪਾਰ ਕਰ ਗਈ ਹੈ। ਹਫ਼ਤੇ ਦੀ ਸ਼ੁਰੂਆਤ ਤੋਂ ਹੁਣ ਤੱਕ ਚੀਨੀ ਦੀਆਂ ਕੀਮਤਾਂ ’ਚ 2 ਫੀਸਦੀ ਤੋਂ ਵੱਧ ਦਾ ਵਾਧਾ ਹੋ ਚੁੱਕਾ ਹੈ। ਬੁੱਧਵਾਰ ਨੂੰ ਐਕਸ-ਮਿੱਲ ਚੀਨੀ ਦੀ ਕੀਮਤ ?4,900 ਤੋਂ ?5,100 ਪ੍ਰਤੀ ਕੁਇੰਟਲ ਦੇ ਵਿਚਕਾਰ ਰਹੀ। ਹਾਲਾਂਕਿ ਮਹਾਰਾਸ਼ਟਰ ਦੀਆਂ ਸਹਿਕਾਰੀ ਮਿੱਲਾਂ ਨੇ ਸਰਕਾਰ ਦੇ ਕਦਮਾਂ ਤੋਂ ਬਾਅਦ ਸ਼ੁਰੂਆਤੀ ਦੌਰ ’ਚ ਭਾਅ ਘਟਾਏ ਸਨ, ਪਰ ਹੁਣ ਉੱਥੇ ਦੀਆਂ ਮਿੱਲਾਂ ਨੇ ਵੀ ਕੀਮਤਾਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮੀਡੀਆ ਰਿਪੋਰਟ ਮੁਤਾਬਕ ਵਪਾਰੀਆਂ ਨੂੰ ਉਮੀਦ ਸੀ ਕਿ ਸਰਕਾਰ ਦੀ ਦਖਲਅੰਦਾਜ਼ੀ ਤੋਂ ਬਾਅਦ ਚੀਨੀ ਦੀਆਂ ਕੀਮਤਾਂ ਹੋਰ ਘਟਣਗੀਆਂ। ਇਸ ਲਈ ਉਨ੍ਹਾਂ ਨੇ ਵੱਡੇ ਪੱਧਰ ’ਤੇ ਖਰੀਦਦਾਰੀ ਨਹੀਂ ਕੀਤੀ। ਇਸ ਕਾਰਨ ਬਾਜ਼ਾਰ ’ਚ ਹੈਂਡ-ਟੂ-ਮਾਊਥ ਵਾਲੀ ਸਥਿਤੀ ਬਣ ਗਈ। ਇਸ ਦੇ ਨਾਲ ਹੀ ਕ੍ਰਿਸ਼ਨ ਜਨਮ ਅਸ਼ਟਮੀ ਤੇ ਗਣੇਸ਼ ਚਤੁਰਥੀ ਵਰਗੇ ਲਗਾਤਾਰ ਦੋ



ਤਿਉਹਾਰਾਂ ਕਾਰਨ ਚੀਨੀ ਦੀ ਮੰਗ ’ਚ ਵਾਧਾ ਹੋਇਆ। ਵਪਾਰੀਆਂ ਕੋਲ ਸਟਾਕ ਘੱਟ ਹੋਣ ਤੇ ਤਿਉਹਾਰੀ ਮੰਗ ਵਧਣ ਦਾ ਫਾਇਦਾ ਚੁੱਕਦਿਆਂ ਮਿੱਲਾਂ ਨੇ ਇਸ ਹਫ਼ਤੇ ਕੀਮਤਾਂ ਵਧਾ ਦਿੱਤੀਆਂ। ਇਸ ਤੋਂ ਇਲਾਵਾ ਟਰੱਕਾਂ ਦੀ ਕਮੀ ਨੇ ਵੀ ਸਪਲਾਈ ’ਤੇ ਕਾਫ਼ੀ ਅਸਰ ਪਾਇਆ ਹੈ। ਆਮ ਤੌਰ ’ਤੇ ਮਹਾਰਾਸ਼ਟਰ ਦੀ ਚੀਨੀ ਉੱਤਰ ਪ੍ਰਦੇਸ਼ ਦੇ ਮੁਕਾਬਲੇ ਲਗਭਗ ?200 ਪ੍ਰਤੀ ਕੁਇੰਟਲ ਸਸਤੀ ਹੁੰਦੀ ਹੈ, ਪਰ ਪਿਛਲੇ ਹਫ਼ਤੇ ਦੋਵਾਂ ਰਾਜਾਂ ਦੀਆਂ ਕੀਮਤਾਂ ’ਚ ?600 ਤੋਂ ਵੱਧ ਦਾ ਅੰਤਰ ਸੀ। ਉੱਤਰ ਪ੍ਰਦੇਸ਼ ਦੀਆਂ ਮਿੱਲਾਂ ਵੱਲੋਂ ਕੀਮਤਾਂ ਉੱਚੀਆਂ ਰੱਖੇ ਜਾਣ ਤੋਂ ਬਾਅਦ ਮਹਾਰਾਸ਼ਟਰ ਦੀਆਂ ਮਿੱਲਾਂ ਨੇ ਵੀ ਆਪਣੇ ਆਫਰ ਰੇਟ ਵਧਾ ਦਿੱਤੇ। ਉਦਯੋਗ ਨਾਲ ਜੁੜੇ ਸੂਤਰਾਂ ਮੁਤਾਬਕ 8 ਸਤੰਬਰ ਨੂੰ ਮਹਾਰਾਸ਼ਟਰ ਦੀਆਂ ਮਿੱਲਾਂ ਨੇ ਪਹਿਲੇ ਹਫ਼ਤੇ ਦਾ ਵਿਕਰੀ ਕੋਟਾ ਪੂਰਾ ਕਰਨ ਤੋਂ ਬਾਅਦ ਕੀਮਤਾਂ ’ਚ ?600-700 ਪ੍ਰਤੀ ਕੁਇੰਟਲ ਤੱਕ ਦਾ ਵਾਧਾ ਕਰ ਦਿੱਤਾ। ਖੁਦਰਾ ਬਾਜ਼ਾਰ ’ਚ ਚੀਨੀ ਦੀ ਕੀਮਤ ?70 ਪ੍ਰਤੀ ਕਿਲੋ ਤੋਂ ਉੱਪਰ ਜਾਣ ਤੋਂ ਬਾਅਦ ਖੁਰਾਕ ਮੰਤਰਾਲੇ ਨੇ ਮਹੀਨਾਵਾਰ ਵਿਕਰੀ ਕੋਟਾ ਪ੍ਰਣਾਲੀ ’ਚ ਬਦਲਾਅ ਕਰਕੇ ਇਸ ਨੂੰ ਪੰਦਰਵਾੜੇ ਦੇ ਆਧਾਰ ’ਤੇ ਕਰ ਦਿੱਤਾ। ਨਵੇਂ ਨਿਯਮਾਂ ਤਹਿਤ ਮਿੱਲਾਂ ਨੂੰ ਦਿੱਤੇ ਗਏ ਕੋਟੇ ਦਾ 40 ਫੀਸਦੀ ਹਿੱਸਾ ਪਹਿਲੇ ਹਫ਼ਤੇ ਤੇ ਬਾਕੀ ਹਿੱਸਾ ਦੂਜੇ ਹਫ਼ਤੇ ’ਚ ਵੇਚਣਾ ਹੋਵੇਗਾ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨੇ 20 ਅਗਸਤ ਨੂੰ 31 ਅਕਤੂਬਰ ਤੱਕ ਕੱਚੀ ਚੀਨੀ ਦੀ ਡਿਊਟੀ-ਫ?ਰੀ ਦਰਾਮਦ ਦੀ ਇਜਾਜ਼ਤ ਦਿੱਤੀ ਸੀ। ਇਸ ਦੇ ਨਾਲ ਹੀ ਨਿਰਯਾਤ ਲਈ ਨਿਰਧਾਰਤ ਚੀਨੀ ਨੂੰ ਘਰੇਲੂ ਬਾਜ਼ਾਰ ’ਚ ਵੇਚਣ ਦੀ ਵੀ ਇਜਾਜ਼ਤ ਦਿੱਤੀ ਗਈ ਹੈ।

# ਸੁਨਾਮ ਰੋਸ ਤੋਂ ਪਹਿਲਾਂ ਪੁਲਸ ਨੇ 100 ਤੋਂ ਵੱਧ ਕੰਪਿਊਟਰ ਅਧਿਆਪਕਾਂ ਨੂੰ ਕੀਤਾ ਨਜ਼ਰਬੰਦ

ਭਵਾਨੀਗੜ੍ਹ 15 ਸਤੰਬਰ। ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸੁਨਾਮ ਵਿਖੇ ਰੋਸ ਪ੍ਰਦਰਸ਼ਨ ਲਈ ਜਾ ਰਹੇ ਕੰਪਿਊਟਰ ਅਧਿਆਪਕਾਂ ਨੂੰ ਸ਼ੁੱਕਰਵਾਰ ਨੂੰ ਪੁਲਸ ਨੇ ਭਵਾਨੀਗੜ੍ਹ ਸਮੇਤ ਵੱਖ-ਵੱਖ ਥਾਣਿਆਂ ਵਿਚ ਰੋਕ ਲਿਆ। ਭਵਾਨੀਗੜ੍ਹ ਥਾਣੇ ਵਿਚ 100 ਤੋਂ ਵੱਧ ਅਧਿਆਪਕਾਂ, ਜਿਨ੍ਹਾਂ ’ਚ ਕਰੀਬ 30 ਮਹਿਲਾ ਅਧਿਆਪਕ ਵੀ ਸ਼ਾਮਲ ਸਨ, ਨੂੰ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਰੱਖਿਆ ਗਿਆ। ਇਸ ਦੌਰਾਨ ਅਧਿਆਪਕਾਂ ਨੇ ਪੰਜਾਬ ਸਰਕਾਰ ਖ਼?ਲਾਫ਼ ਨਾਅਰੇਬਾਜ਼ੀ ਕਰਦਿਆਂ ਆਪਣਾ ਰੋਸ ਪ੍ਰਗਟਾਇਆ। ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਸਮੇਤ ਵੱਖ-ਵੱਖ ਜਥੇਬੰਦੀਆਂ ਨੇ ਅਧਿਆਪਕਾਂ ਨੂੰ ਹਿਰਾਸਤ ਵਿਚ ਰੱਖਣ ਦੀ ਸਖ਼ਤ ਨਿਖੇਧੀ ਕੀਤੀ। ਕੰਪਿਊਟਰ ਟੀਚਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਨ੍ਹਾਂ ਕਿਹਾ ਕਿ 6640 ਕੰਪਿਊਟਰ ਅਧਿਆਪਕਾਂ ਨੂੰ 2010 ਦੇ ਰੈਗੂਲਰ ਨੋਟੀਫਿਕੇਸ਼ਨ ਤੇ 2011 ਦੇ ਨਿਯੁਕਤੀ ਪੱਤਰਾਂ ਦੇ ਬਾਵਜੂਦ ਅਜੇ ਤੱਕ ਪੂਰੇ ਹੱਕ ਨਹੀਂ ਮਿਲੇ। ਹਾਈ ਕੋਰਟ ਦੇ ਹੱਕ ਵਿਚ ਫ਼ੈਸਲੇ ਦੇ ਬਾਵਜੂਦ ਸਰਕਾਰ ਵੱਲੋਂ ਮਾਮਲਾ ਸੁਪਰੀਮ ਕੋਰਟ ਵਿਚ ਲਿਜਾਣ ਕਾਰਨ ਅਧਿਆਪਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਆਗੂਆਂ ਨੇ ਦੱਸਿਆ ਕਿ ਪਿਛਲੇ 21 ਸਾਲਾਂ ਤੋਂ ਸੇਵਾਵਾਂ ਨਿਭਾ ਰਹੇ ਕੰਪਿਊਟਰ ਅਧਿਆਪਕਾਂ ’ਚੋਂ 113 ਦੀ ਮੌਤ ਹੋ ਚੁੱਕੀ ਹੈ ਅਤੇ ਪੰਜ ਅਧਿਆਪਕ ਬਿਨਾਂ ਬਣਦੇ ਲਾਭਾਂ ਤੋਂ ਰਿਟਾਇਰ ਹੋ ਚੁੱਕੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜਦੋਂ ਤੱਕ 2 ਦਸੰਬਰ 2010 ਦਾ ਨੋਟੀਫਿਕੇਸ਼ਨ ਅਤੇ ਸਰਕਾਰ ਵੱਲੋਂ ਕੀਤੇ ਵਾਅਦੇ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੇ ਜਾਂਦੇ ਸੰਘਰਸ਼ ਜਾਰੀ ਰਹੇਗਾ। ਇਸ ਐਕਸ਼ਨ ਵਿਚ ਜ਼ਿਲ੍ਹਾ ਆਗੂ ਅੰਜੂ ਜੈਨ, ਸੁਖਵੀਰ ਕੌਰ, ਸਮਨਦੀਪ ਕੌਰ, ਸਬਨਮ, ਸੋਨੀਆ ਬਾਂਸਲ, ਅੰਜੂ ਰਾਣੀ, ਬਬੀਤਾ ਰਾਣੀ, ਹਰਵਿੰਦਰ ਸਿੰਘ, ਵਿਕਾਸ ਜਿੰਦਲ, ਖੁਸ਼ਵਿੰਦਰ ਸਿੰਘ, ਹਰਪ੍ਰੀਤ ਸਿੰਘ, ਜਸਵੀਰ ਸਿੰਘ, ਦਵਿੰਦਰ ਸਿੰਘ, ਰਾਜਪਾਲ, ਮਨਦੀਪ ਸਿੰਘ, ਨਰੇਸ਼ ਕੁਮਾਰ, ਨੀਰਜ ਯਾਦਵ, ਤੇਜਿੰਦਰ ਬਾਂਸਲ, ਪੁਸ਼ਪਿੰਦਰ ਰਤਨ ਤੇ ਸੁਮੀਤ ਖੁਰਾਣਾ ਹਾਜਰ ਸਨ। ਉੱਧਰ, ਅਧਿਆਪਕ ਆਗੂਆਂ ਵੱਲੋਂ ਥਾਣੇ ਦਾ ਘਿਰਾਓ ਕਰਨ ਦੇ ਐਲਾਨ ਮਗਰੋਂ ਪੁਲਸ ਪ੍ਰਸ਼ਾਸਨ ਨੇ ਨਜ਼ਰਬੰਦ ਅਧਿਆਪਕਾਂ ਨੂੰ ਤੁਰੰਤ ਰਿਹਾਅ ਕਰ ਦਿੱਤਾ।

# ‘ਵਨ ਸਿਟੀ ਵਨ ਕੰਟਰੈਕਟਰ’ ਨੀਤੀ ਦੇ ਬਾਵਜੂਦ ਚਹੇਤੇ ਠੇਕੇਦਾਰਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਬਦਲੇ ਨਿਯਮ: ਬਾਵਾ ਹੈਨਰੀ

**ਕੌਮੀ ਪਤ੍ਰਿਕਾ**

ਜਲੰਧਰ 15 ਸਤੰਬਰ। ਨਗਰ ਨਿਗਮ ਜਲੰਧਰ ’ਚ ਸੁਪਰ ਸਕਸ਼ਨ ਮਸ਼ੀਨਾਂ ਨਾਲ ਸੀਵਰੇਜ ਸਫਾਈ ਦੇ ਕਰੋੜਾਂ ਰੁਪਏ ਦੇ ਟੈਂਡਰਾਂ ਨੂੰ ਲੈ ਕੇ ਕਾਂਗਰਸ ਨੇ ਆਮ ਆਦਮੀ ਪਾਰਟੀ ਸਰਕਾਰ ’ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਕ ਪੱਤਰਕਾਰ ਸੰਮੇਲਨ ’ਚ ਵਿਧਾਇਕ ਬਾਵਾ ਹੈਨਰੀ, ਜ਼ਿਲਾ ਕਾਂਗਰਸ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਾਜਿੰਦਰ ਬੇਰੀ ਤੇ ਵੈਸਟ ਵਿਧਾਨ ਸਭਾ ਹਲਕੇ ਦੀ ਇੰਚਾਰਜ ਸੁਰਿੰਦਰ ਕੌਰ ਨੇ ਦੋਸ਼ ਲਗਾਇਆ ਕਿ ਟੈਂਡਰ ਪ੍ਰਕਿਰਿਆ ’ਚ ਨਿਯਮਾਂ ਨੂੰ ਬਦਲ ਕੇ ਸਰਕਾਰ ਅਤੇ ਮੁੱਖ ਮੰਤਰੀ ਦਫ਼ਤਰ ਦੇ ਕਰੀਬੀ ਠੇਕੇਦਾਰਾਂ ਨੂੰ ਲਾਭ ਪਹੁੰਚਾਇਆ ਗਿਆ। ਕਾਂਗਰਸ ਨੇ ਐਲਾਨ ਕੀਤਾ ਕਿ ਜੇਕਰ ਇਕ ਹਫ਼ਤੇ ਦੇ ਅੰਦਰ ਪੂਰੇ ਮਾਮਲੇ ਦੀ ਜਾਂਚ ਸ਼ੁਰੂ ਨਾ ਹੋਈ ਤਾਂ ਉਹ ਵਿਜੀਲੈਂਸ ਵਿਭਾਗ ’ਚ ਸ਼ਿਕਾਇਤ ਦਰਜ ਕਰਵਾਏਗੀ। ਵਿਧਾਇਕ ਬਾਵਾ ਹੈਨਰੀ ਨੇ ਕਿਹਾ ਕਿ ਨਗਰ ਨਿਗਮ ਲਈ ਸੁਪਰ ਸਕਸ਼ਨ ਮਸ਼ੀਨਾਂ ਦੇ ਕੰਮ ਲਈ 8 ਅਤੇ ਨਗਰ ਕੌਂਸਲਾਂ ਤੇ ਸੀਵਰੇਜ ਬੋਰਡ ਲਈ 6 ਕੰਪਨੀਆਂ ਨੂੰ ਮਨਜ਼ੂਰੀ ਦਿੱਤੀ ਗਈ ਸੀ। ਉਨ੍ਹਾਂ ਅਨੁਸਾਰ ਪਹਿਲੇ ਟੈਂਡਰ ’ਚ ਸਾਲਾਨਾ ਟਰਨਓਵਰ ਦੀ ਸ਼ਰਤ 10 ਕਰੋੜ ਰੁਪਏ ਰੱਖੀ ਗਈ, ਪਰ ਕੁਝ ਕੰਪਨੀਆਂ ਦੇ ਇਸ ਸ਼ਰਤ ਨੂੰ ਪੂਰਾ ਨਾ ਕਰ ਸਕਣ ਤੋਂ ਬਾਅਦ ਟੈਂਡਰ ਰੱਦ ਕਰਕੇ ਦੁਬਾਰਾ ਜਾਰੀ ਕੀਤਾ ਗਿਆ। ਦੂਜੀ ਵਾਰ ਟਰਨਓਵਰ ਨੂੰ ਘਟਾ ਕੇ 5 ਕਰੋੜ ਰੁਪਏ ਕਰ ਦਿੱਤਾ ਗਿਆ ਅਤੇ ਕੰਮ ਨੂੰ ਦੋ ਹਿੱਸਿਆਂ ’ਚ ਵੰਡ ਦਿੱਤਾ ਗਿਆ। ਵਿਧਾਇਕ ਹੈਨਰੀ ਨੇ ਦੋਸ਼ ਲਗਾਇਆ ਕਿ ਟੈਂਡਰ ਦੀਆਂ ਸ਼ਰਤਾਂ ’ਚ ਇਸ ਤਰ੍ਹਾਂ ਬਦਲਾਅ ਕੀਤੇ ਗਏ ਕਿ ਕੁਝ ਵਿਸ਼ੇਸ਼ ਕੰਪਨੀਆਂ ਲਈ ਰਸਤਾ ਆਸਾਨ ਹੋ ਜਾਵੇ। ਉਨ੍ਹਾਂ ਕਿਹਾ ਕਿ ਅਜਿਹੇ ਵਰਕ ਆਰਡਰ ਅਤੇ ਤਜਰਬੇ ਨੂੰ ਵੀ ਟਰਨਓਵਰ ’ਚ ਸ਼ਾਮਲ ਕੀਤਾ ਗਿਆ, ਜੋ ਟੈਂਡਰ ਜਾਰੀ ਹੋਣ ਤੋਂ ਬਾਅਦ ਦੇ ਸਨ। ਇਸ ਤੋਂ ਇਲਾਵਾ ਇਕ ਟੈਂਡਰ ’ਚ ਪਹਿਲਾਂ ਇਕ ਸਾਲ ਦੀ ਸ਼ਰਤ ’ਚ ਫੇਰਬਦਲ ਕਰਕੇ ਠੇਕੇ ਦੀ ਮਿਆਦ ਦੋ ਸਾਲ ਕਰ ਦਿੱਤੀ ਗਈ। ਕਾਂਗਰਸ ਨੇ ਸਵਾਲ ਉਠਾਇਆ ਕਿ ਇਕ ਹੀ ਟੈਂਡਰ ’ਚ ਵਰਕ ਆਰਡਰ ਦੇ ਸਮੇਂ ਦੀਆਂ ਅੱਡ-ਅੱਡ ਸ਼ਰਤਾਂ ਕਿਸ ਆਧਾਰ ’ਤੇ ਲਾਗੂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਬਠਿੰਡਾ ’ਚ ਕਰੀਬ 67 ਕਰੋੜ ਰੁਪਏ ਦਾ ਟੈਂਡਰ ਇੰਦਰਜੀਤ ਬਜਾਜ ਐਂਡ ਐਸੋਸੀਏਟਸ ਨੂੰ ਦਿੱਤਾ ਗਿਆ ਸੀ। ‘ਵਨ ਸਿਟੀ ਵਨ ਟੈਂਡਰ’ ਨੀਤੀ ਦੇ ਬਾਵਜੂਦ ਇਸੇ ਕੰਪਨੀ ਦੇ ਜਲੰਧਰ ’ਚ ਵੀ ਕੁਆਲੀਫਾਈ ਕਰਨ ’ਤੇ ਕਾਂਗਰਸ ਨੇ ਸਵਾਲ ਉਠਾਇਆ। ਵਿਧਾਇਕ ਹੈਨਰੀ ਅਨੁਸਾਰ 2 ਕੰਪਨੀਆਂ ਨੂੰ ਲੁਧਿਆਣਾ ’ਚ ਕਰੀਬ 37 ਕਰੋੜ ਅਤੇ ਅੰਮ੍ਰਿਤਸਰ ’ਚ ਕਰੀਬ 12 ਕਰੋੜ ਰੁਪਏ ਦੇ ਟੈਂਡਰ ਵੀ ਦਿੱਤੇ ਗਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ‘ਵਨ ਸਿਟੀ ਵਨ ਕਾਂਟਰੈਕਟਰ’ ਨੀਤੀ ਦੇ ਬਾਵਜੂਦ ਦੋ ਕੰਪਨੀਆਂ ਕੋਲ ਰਾਜ ’ਚ ਕਰੀਬ 165 ਤੋਂ 200 ਕਰੋੜ ਰੁਪਏ ਦੇ ਸੁਪਰ ਸਕਸ਼ਨ ਸਫਾਈ ਦੇ ਟੈਂਡਰ ਹਨ। ਉਨ੍ਹਾਂ ਕਿਹਾ ਕਿ ਜਲੰਧਰ ਨਗਰ ਨਿਗਮ ਦੀ ਪਿਛਲੀ ਹਾਊਸ ਮੀਟਿੰਗ ’ਚ 25 ਕਰੋੜ ਰੁਪਏ ਦੇ ਕੰਮ ਅਤੇ ਹਾਲ ਹੀ ਦੀ ਬੈਠਕ ’ਚ ਕਰੀਬ 30 ਕਰੋੜ ਰੁਪਏ ਦੇ ਨਵੇਂ ਕੰਮ ਪਾਸ ਕੀਤੇ ਗਏ, ਜਦਕਿ ਸ਼ਹਿਰ ’ਚ ਸੀਵਰੇਜ ਵਿਵਸਥਾ ਦੇ ਹਾਲਾਤ ਬਦਹਾਲ ਹਨ। ਕਾਂਗਰਸੀ ਆਗੂਆਂ ਨੇ ਦੋਸ਼ ਲਗਾਇਆ ਕਿ ਨਿਯਮਾਂ ਮੁਤਾਬਕ ਸੁਪਰ ਸਕਸ਼ਨ ਮਸ਼ੀਨ ਚਲਾਉਣ ਤੋਂ ਪਹਿਲਾਂ ਸਬੰਧਤ ਖੇਤਰ ਦੇ ਐੱਸ. ਡੀ. ਓ. ਅਤੇ ਦੂਜੇ ਖੇਤਰ ਦੇ ਐੱਸ. ਡੀ. ਓ. ਦੀ ਮੌਜੂਦਗੀ ਤੇ ਠੇਕੇਦਾਰ ਦੀ ਹਾਜ਼ਰੀ ਜ਼ਰੂਰੀ ਹੈ। ਇਸ ਤੋਂ ਇਲਾਵਾ ਮੈਨਹੋਲ 50 ਫੀਸਦੀ ਤੋਂ ਵੱਧ ਭਰਿਆ ਹੋਣ ’ਤੇ ਹੀ ਸਫਾਈ ਹੋਣੀ ਚਾਹੀਦੀ ਹੈ ਅਤੇ ਰੋਬੋਟਿਕ ਕੈਮਰੇ ਨਾਲ ਸੀ. ਸੀ. ਟੀ. ਵੀ. ਨਿਗਰਾਨੀ, ਜੀ. ਪੀ. ਐੱਸ. ਟੈਗਿੰਗ, ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦਾ ਰਿਕਾਰਡ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਸੁਪਰ ਸਕਸ਼ਨ ਦੌਰਾਨ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਹੋਈ। ਵਿਧਾਇਕ ਹੈਨਰੀ ਨੇ ਸਈਪੁਰ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਉੱਥੇ ਦੁਬਾਰਾ ਸੁਪਰ ਸਕਸ਼ਨ ਮਸ਼ੀਨ ਪਹੁੰਚੀ ਤਾਂ ਕੌਂਸਲਰ ਦਿਨੇਸ਼ ਹੀਰ ਨੇ ਦੱਸਿਆ ਕਿ ਪਿਛਲੇ ਮਹੀਨੇ ਹੀ



ਸਫਾਈ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਸਵਾਲ ਕੀਤਾ ਕਿ 1 ਮਹੀਨਾ ਪਹਿਲਾਂ ਭੇਜੀ ਗਈ ਸੁਪਰ ਸਕਸ਼ਨ ਮਸ਼ੀਨ ਕਿਸ ਅਧਿਕਾਰੀ ਦੇ ਹੁਕਮਾਂ ’ਤੇ ਭੇਜੀ ਗਈ, ਐਸਟੀਮੇਟ ਕਿਸ ਨੇ ਬਣਾਇਆ, ਕਿਹੜੇ ਮੈਨਹੋਲ ਤੋਂ ਕਿਹੜੇ ਮੈਨਹੋਲ ਤੱਕ ਸਫਾਈ ਹੋਈ ਅਤੇ ਉਸ ਦਾ ਜੀ. ਪੀ. ਐੱਸ., ਫੋਟੋ ਤੇ ਵੀਡੀਓ ਰਿਕਾਰਡ ਕਿੱਥੇ ਹੈ। ਵਿਧਾਇਕ ਹੈਨਰੀ ਨੇ ਕਿਹਾ ਕਿ ਐੱਨਕੈਪ ਦੇ ਸਰਵੇ ’ਚ ਜਲੰਧਰ ਏਅਰ ਕੁਆਲਿਟੀ ਦੇ ਮਾਮਲੇ ’ਚ 42ਵੇਂ ਸਥਾਨ ’ਤੇ ਰਿਹਾ ਅਤੇ ਏਅਰ ਕੁਆਲਿਟੀ ਸੁਧਾਰਨ ਲਈ ਕਰੀਬ 45 ਕਰੋੜ ਰੁਪਏ ਦਿੱਤੇ ਗਏ ਸਨ। ਇਸ ਦੇ ਬਾਵਜੂਦ ਸ਼ਹਿਰ ਦੀ ਸਥਿਤੀ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਕਰੋੜਾਂ ਦੇ ਸੀਵਰੇਜ ਸਫਾਈ ਟੈਂਡਰ ਜਾਰੀ ਹੋ ਰਹੇ ਹਨ, ਦੂਜੇ ਪਾਸੇ ਸ਼ਹਿਰ ਦੇ ਲੋਕ ਬਦਹਾਲ ਸੀਵਰੇਜ ਅਤੇ ਪ੍ਰਦੂਸ਼ਣ ਝੱਲ ਰਹੇ ਹਨ। ਸਾਬਕਾ ਵਿਧਾਇਕ ਰਾਜਿੰਦਰ ਬੇਰੀ ਨੇ ਕਿਹਾ ਕਿ ਨਗਰ ਨਿਗਮ ਦੇ ਤਿੰਨ ਬੈਂਕ ਖਾਤੇ ਸੀਲ ਹੋਣਾ ਨਿਗਮ ਦੀ ਖਰਾਬ ਵਿੱਤੀ ਵਿਵਸਥਾ ਦਾ ਵੱਡਾ ਸੰਕੇਤ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਬਜਟ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਦੀਆਂ ਜ਼ਰੂਰਤਾਂ ਨੂੰ ਧਿਆਨ ’ਚ ਰੱਖੇ ਬਿਨਾਂ ਬੇਤਹਾਸ਼ਾ ਟੈਂਡਰ ਲਗਾਏ ਜਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਹਾਊਸ ਬਣਨ ਤੋਂ ਬਾਅਦ ਕਰੀਬ 90 ਫੀਸਦੀ ਕੰਮ ਪਹਿਲਾਂ ਕਰਵਾਏ ਜਾ ਰਹੇ ਹਨ ਅਤੇ ਉਨ੍ਹਾਂ ਦੇ ਐਸਟੀਮੇਟ ਬਾਅਦ ’ਚ ਤਿਆਰ ਕਰਕੇ ਹਾਊਸ ਤੋਂ ਮਨਜ਼ੂਰ ਕਰਵਾਏ ਜਾਂਦੇ ਹਨ। ਰਾਜਿੰਦਰ ਬੇਰੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਸੱਤ ਦਿਨਾਂ ’ਚ ਸਰਕਾਰ ਅਤੇ ਨਿਗਮ ਪੱਧਰ ’ਤੇ ਇਸ ਭ੍ਰਿਸ਼ਟਾਚਾਰ ਦੀ ਜਾਂਚ ਨਾ ਹੋਈ ਤਾਂ ਕਾਂਗਰਸ ਵਿਜੀਲੈਂਸ ਵਿਭਾਗ ਦੇ ਸਾਹਮਣੇ ਸ਼ਿਕਾਇਤ ਦੇ ਕੇ ਸੁਪਰ ਸਕਸ਼ਨ ਮਸ਼ੀਨਾਂ ਦੇ ਸਾਰੇ ਟੈਂਡਰਾਂ, ਵਰਕ ਆਰਡਰ, ਭੁਗਤਾਨ, ਐਸਟੀਮੇਟ, ਜੀ. ਪੀ. ਐੱਸ. ਅਤੇ ਸੀ. ਸੀ. ਟੀ. ਵੀ. ਰਿਕਾਰਡ ਦੀ ਜਾਂਚ ਦੀ ਮੰਗ ਕਰੇਗੀ। ਸੁਰਿੰਦਰ ਕੌਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੇ ਪੈਸੇ ਦੀ ਵਰਤੋਂ ਪਾਰਦਰਸ਼ੀ ਤਰੀਕੇ ਨਾਲ ਹੋਣੀ ਚਾਹੀਦੀ ਹੈ ਅਤੇ ਜੇਕਰ ਟੈਂਡਰ ਪ੍ਰਕਿਰਿਆ ’ਚ ਕਿਸੇ ਪੱਧਰ ’ਤੇ ਗੜਬੜੀ ਹੋਈ ਹੈ ਤਾਂ ਜ਼ਿੰਮੇਵਾਰੀ ਤੈਅ ਕਰ ਕੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।